# ਕੈਨੇਡਾ ਦਰਪਣ

ਫਰਵਰੀ 28, 1986

**February 28, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

**Ph. Off. 521-8808**

Nyack & Persad
Barristers & Solictors
Notaries

Box 390
4—514 Sixth Ave.
New Westminster, B.C.
CANADA, V3L 4Y7

WEEKENDING FEBRUARY 28, 1986 Vol. 5 No. 08 P.O.BOX 67344 STN. 0 Vancouver, B.C. V5W 3T1 PRICE 35¢ Out of Greater Vancouver 50¢ Phone (604) 581-4473

## ਦਮਦਮੀ ਟਕਸਾਲ ਕਨਵੈਨਸ਼ਨ ਦੇ ਸਾਰੇ ਮਤੇ ਰੱਦ

# ਸਰਬੱਤ ਖਾਲਸਾ ਵਿਚ 5 ਲੱਖ ਸ਼ਾਮਲ

ਆਨੰਦਪੁਰ ਸਾਹਿਬ — ਸਰਬੱਤ ਖਾਲਸਾ ਦੇ ਸੰਮੇਲਨ ਵਿਚ ਪੰਜ ਲੱਖ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਨੇ ਐਲਾਨ ਕੀਤਾ ਕਿ ਅਕਾਲੀ ਸਰਕਾਰ ਜ਼ਬਰਦਸਤੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਕੀਤੇ ਕਬਜ਼ੇ ਨੂੰ ਜਲਦੀ ਹੀ ਖਤਮ ਕਰ ਦੇਵੇਗੀ। ਉਨ੍ਹਾਂ ਕਿਹਾ, "ਜਿੰਨੀ ਜਲਦੀ ਅਸੀਂ ਇਸ ਸੱਮਸਿਆ ਦਾ ਹੱਲ ਕਰ ਸਕੀਏ, ਉਨਾ ਹੀ ਚੰਗਾ ਹੈ ਤਾਕਿ ਆਮ ਲੋਕਾਂ ਦੇ ਸੰਸੇ ਖਤਮ ਕੀਤੇ ਜਾਣ।"

ਸਰਬੱਤ ਖਾਲਸਾ ਕਨਵੈਨਸ਼ਨ ਉਸ ਜਗ੍ਹਾ ਹੋਈ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 322 ਸਾਲ ਪਹਿਲਾਂ ਖਾਲਸਾ ਦੀ ਸਾਜਨਾ ਕੀਤੀ ਸੀ।

### ਸੱਤ ਮਤੇ ਪਾਸ ਕੀਤੇ ਗਏ

ਸਰਬੱਤ ਖਾਲਸਾ ਨੇ ਸੱਤ ਮਤੇ ਸਰਬਸੰਮਤੀ ਨਾਲ ਪਾਸ ਕੀਤੇ। ਜੈਕਾਰਿਆਂ ਦੀ ਗੂੰਜ ਵਿਚ ਦਮਦਮੀ ਟਕਸਾਲ ਵਲੋਂ ਬੁਲਾਈ ਗਈ ਤਿੰਨ ਹਫਤੇ ਪਹਿਲਾਂ ਵਾਲੀ ਕਨਵੈਨਸ਼ਨ ਦੇ ਸਾਰੇ 'ਫੈਸਲੇ' ਰੱਦ ਕੀਤੇ ਗਏ। ਕਨਵੈਨਸ਼ਨ ਨੇ ਸਿਖ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਬਉਚਤਾ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੁਰਬਾਨੀਆਂ ਨਾਲ ਸਥਾਪਤ ਕੀਤੀ ਇਸ ਕਮੇਟੀ ਦੀ ਹੋਂਦ ਤੋਂ ਮੁਨਕਰ ਹੋਣਾ ਸਿਖ ਸੰਗਤਾਂ ਬਰਦਾਸ਼ਤ ਨਹੀਂ ਕਰਨਗੀਆਂ।

### ਸ਼ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ

ਸਰਬੱਤ ਖਾਲਸਾ ਨੇ ਇਹ ਵੀ ਮਤਾ ਪਾਸ ਕੀਤਾ ਕਿ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਈਆਂ ਜਾਣ ਤਾਕਿ 'ਗਰਮਦਲੀਆਂ' ਦੇ ਇਸ ਦਾਅਵੇ ਨੂੰ ਵੀ ਪਰਖਿਆ ਜਾ ਸਕੇ ਕਿ ਸਿਖ ਸੰਗਤਾਂ ਦੀ ਬਹੁਸੰਮਤੀ ਉਨ੍ਹਾਂ ਨਾਲ ਹੈ। ਯਾਦ ਰਹੇ ਕਿ ਅੱਜ ਤੱਕ ਸ਼ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਵਿਰੁੱਧ ਕਦੇ ਵੀ ਵਿਰੋਧੀ ਧਿਰ ਕਾਮਯਾਬ ਨਹੀਂ ਹੋਈ।

### ਰਾਜੀਵ ਗਾਂਧੀ ਦੀ ਆਲੋਚਨਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਬਰਨਾਲਾ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕਰਦਿਆਂ ਕਿਹਾ ਕਿ ਅਤਿਵਾਦੀਆਂ ਦੀ ਮੱਦਦ ਅਸਲ ਵਿਚ ਕਾਂਗਰਸ ਸਰਕਾਰ ਕਰ ਰਹੀ ਹੈ। ਪੰਜਾਬ ਸਮਝੌਤੇ ਨੂੰ ਜਾਣ ਬੁਝ ਕੇ ਰਾਜੀਵ ਗਾਂਧੀ ਨੇ ਤਾਰਪੀਡੋ ਕੀਤਾ ਤਾਕਿ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਗਰਮਦਲੀਆਂ ਦਾ ਕਬਜ਼ਾ ਸਥਾਪਤ ਕੀਤਾ ਜਾ ਸਕੇ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਸਰਕਾਰ ਨੂੰ ਬਦਨਾਮ ਕੀਤਾ ਜਾ ਸਕੇ।

ਸ. ਬਰਨਾਲਾ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਸਮਝੌਤਾ ਰਾਜੀਵ ਗਾਂਧੀ ਨੇ ਤੋੜਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸੇ ਦਾ ਸਿੱਟਾ ਹੈ ਕਿ ਅਕਾਲੀ ਦਲ ਦੇ ਵਿਰੋਧੀਆਂ ਦੇ ਹੌਂਸਲੇ ਵਧੇ ਹਨ।

### ਸਿੱਖਾਂ ਵਿਚ ਫੁੱਟ ਪਾਉਣ ਦੇ ਯਤਨ

ਸਰਬੱਤ ਖਾਲਸਾ ਨੇ ਆਪਣੇ ਮੁੱਖ ਮਤੇ ਵਿਚ ਕਿਹਾ ਕਿ ਵੱਖਵਾਦੀ ਤਾਕਤਾਂ ਸਿੱਖਾਂ ਵਿਚ ਫੁੱਟ ਪਾਉਣ ਦੇ ਯਤਨ ਕਰ ਰਹੀਆਂ ਹਨ। ਨੰਗੀਆਂ ਤਲਵਾਰਾਂ ਅਤੇ ਹਥਿਆਰਾਂ ਨਾਲ ਲੈਸ ਲੋਕ ਆਮ ਲੋਕਾਂ ਨੂੰ ਮੱਥਾ ਟੇਕਣ ਤੋਂ ਵੀ ਵਾਂਝਿਆਂ ਕਰ ਰਹੇ ਹਨ। ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਨਫਰਤ, ਡਰ ਅਤੇ ਦਹਿਸ਼ਤ ਫੈਲਾਈ ਜਾ ਰਹੀ ਹੈ। ਬੇਦੋਸ਼ੇ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਹਰਿਮੰਦਰ ਸਾਹਿਬ ਕੰਪਲੈਕਸ ਅਜਿਹੀਆਂ ਤਾਕਤਾਂ ਤੋਂ ਮੁਕਤ ਕਰਵਾਇਆ ਜਾਵੇ।

### ਬਰਨਾਲਾ ਵਲੋਂ ਇਸ਼ਾਰਾ

ਸ: ਬਰਨਾਲਾ ਨੇ ਸਰਬੱਤ ਖਾਲਸਾ ਨੂੰ ਸੰਬੋਧਨ ਕਰਦਿਆਂ ਇਸ਼ਾਰਾ ਦਿਤਾ ਕਿ ਅਕਾਲੀ ਸਰਕਾਰ ਚੁੱਪ ਚਾਪ ਇਹ ਬਰਦਾਸ਼ਤ ਨਹੀਂ ਕਰ ਸਕਦੀ ਇਸ ਲਈ ਅਕਾਲੀ ਸਰਕਾਰ ਅਜਿਹੇ ਕਦਮ ਚੁਕੇਗੀ ਜਿਸ ਨਾਲ ਵੱਖਵਾਦੀ ਤਾਕਤਾਂ ਦਾ ਸਫਾਇਆ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇ ਇਹ ਸਮਝਿਆ ਜਾਵੇ ਕਿ ਅਕਾਲੀ ਸਰਕਾਰ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਪੁਲਸ ਨਹੀਂ ਭੇਜ ਸਕਦੀ ਅਤੇ ਇਸ ਗੱਲ ਨੂੰ ਸਰਕਾਰ ਦੀ ਕਮਜ਼ੋਰੀ ਸਮਝਿਆ ਜਾਵੇ ਅਤੇ ਉਹ ਲੋਕ ਹਥਿਆਰਾਂ ਦੇ ਅੰਬਾਰ ਅੰਦਰ ਲਾਈ ਜਾਣ ਤਾਂ ਕੋਈ ਨਾ ਕਦਮ ਤਾਂ ਚੁਕਣੇ ਹੀ ਪੈਣਗੇ।

## 350 ਸਿੱਖ ਯੁਵਕ ਫੈਸਲਾਬਾਦ ਜੇਲ੍ਹ ਵਿਚ ਨਜ਼ਰਬੰਦ

ਗੁਰਦਾਸਪੁਰ — 350 ਤੋਂ ਵੱਧ ਸਿਖ ਯੁਵਕ ਇਸ ਵੇਲੇ ਪਾਕਿਸਤਾਨ ਦੀ ਫੈਸਲਾਬਾਦ ਜੇਲ੍ਹ ਵਿਚ ਨਜ਼ਰਬੰਦ ਹਨ। ਇਹ ਜਾਣਕਾਰੀ ਇਕ ਕਥਿਤ ਦ ਦਹਿਸ਼ਤਪਸੰਦ ਤੇਜਿੰਦਰ ਸਿੰਘ ਨੇ ਦਿਤੀ ਜਿਸ ਨੂੰ ਬੀ. ਐਸ. ਐਫ. ਨੇ ਹਾਲ ਹੀ ਵਿਚ ਡੇਰਾ ਬਾਬਾ ਨਾਨਕ ਸੈਕਟਰ ਦੀ ਮਿੰਟਾ ਚੌਕੀ ਤੋਂ ਗ੍ਰਿਫਤਾਰ ਕੀਤਾ। ਤੇਜਿੰਦਰ ਸਿੰਘ ਜੋ ਕਿ ਇਸ ਜ਼ਿਲੇ ਦੇ ਪਿੰਡ ਸ਼ਾਹਪੁਰ ਗੋਰਾਇਆ ਦਾ ਰਹਿਣ ਵਾਲਾ ਹੈ, 18 ਮਹੀਨਿਆਂ ਬਾਅਦ ਪਾਕਿਸਤਾਨ ਤੋਂ ਭਾਰਤ ਵਿਚ ਦਾਖਲ ਹੋਇਆ ਸੀ। ਉਸ ਦਾ ਵੱਡਾ ਭਰਾ ਅਮਰੀਕ ਸਿੰਘ ਅਜੇ ਵੀ ਫੈਸਲਾਬਾਦ ਜੇਲ੍ਹ ਵਿਚ ਹੈ। ਅਮਰੀਕ ਸਿੰਘ ਅਕਾਲ ਫੈਡਰੇਸ਼ਨ ਦਾ ਆਗੂ ਹੈ।

ਤੇਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਵੱਡੇ ਭਰਾ ਤੋਂ ਇਲਾਵਾ ਬੱਬਰ ਖਾਲਸਾ ਦਾ ਸੁਖਦੇਵ ਸਿੰਘ, ਦਮਦਮੀ ਟਕਸਾਲ ਦਾ ਅਜੈਬ ਸਿੰਘ ਅਤੇ ਇੰਟਰਨੈਸ਼ਨਲ ਸਿਖ ਫੈਡਰੇਸ਼ਨ ਦਾ ਮਹਿੰਦਰਪਾਲ ਸਿੰਘ ਵੀ ਫੈਸਲਾਬਾਦ ਜੇਲ੍ਹ ਵਿਚ ਹਨ। ਤੇਜਿੰਦਰ ਸਿੰਘ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਪਾਕਿਸਤਾਨ ਵਿਚ ਦਾਖਲ ਹੋਣ ਵਾਲੇ ਸਿਖ ਯੁਵਕਾਂ ਨੂੰ ਛੇ ਮਹੀਨਿਆਂ ਲਈ ਨਜ਼ਰਬੰਦੀ ਕਾਰਡ ਜਾਰੀ ਕੀਤੇ ਜਾਂਦੇ ਹਨ ਜਿਸ ਦੌਰਾਨ ਉਨ੍ਹਾਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਰੱਖਿਆ ਜਾਂਦਾ ਹੈ। ਜਿਹੜੇ ਯੁਵਕ ਦਹਿਸ਼ਤਪਸੰਦੀ ਦੀ ਸਿਖਲਾਈ ਹਾਸਲ ਕਰਨ ਲਈ ਤਿਆਰ ਹੋ ਜਾਂਦੇ ਹਨ, ਉਨ੍ਹਾਂ ਨੂੰ ਸਿਖਲਾਈ ਕੈਂਪਾਂ ਵਿਚ ਭੇਜ ਦਿਤਾ ਜਾਂਦਾ ਹੈ। ਬਾਕੀਆਂ ਨੂੰ ਜੇਲ੍ਹਾਂ ਵਿਚ ਹੀ ਕੈਦ ਰੱਖਿਆ ਜਾਂਦਾ ਹੈ। ਤੇਜਿੰਦਰ ਸਿੰਘ ਇਸ ਜ਼ਿਲੇ ਦੇ 19 ਯੁਵਕਾਂ ਨਾਲ ਪਾਕਿਸਤਾਨ ਵਿਚ ਜਾਣ ਲਈ ਬਾਵਾ ਸਿੰਘ ਨਾਮੀ ਅਖੌਤੀ ਦਹਿਸ਼ਤਪਸੰਦ ਨੇ ਪ੍ਰੇਰਿਆ। ਬਾਵਾ ਸਿੰਘ ਨੂੰ ਪੁਲਿਸ ਪਹਿਲਾਂ ਹੀ ਗ੍ਰਿਫਤਾਰ ਕਰ ਚੁੱਕੀ ਹੈ।

ਤੇਜਿੰਦਰ ਸਿੰਘ ਦੇ ਬਿਆਨਾਂ ਅਨੁਸਾਰ ਹਿੰਦ-ਪਾਕਿ ਸਰਹੱਦ 'ਤੇ ਪਾਕਿਸਤਾਨ ਵਾਲੇ ਪਾਸੇ ਤੈਨਾਤ ਸਤਲੁਜ ਰੇਂਜਰਜ ਸਮੇਂ-ਸਮੇਂ ਸਰਹੱਦੀ ਪਿੰਡਾਂ ਵਿਚ ਦਾਖਲ ਹੋਣ ਵਾਲੇ ਸਿਖ ਯੁਵਕਾਂ ਦਾ ਨਿੱਘਾ ਸੁਆਗਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਅਧਿਕਾਰੀਆਂ ਹਵਾਲੇ ਕਰਨ ਵਿਚ ਮਦਦ ਦਿਤੀ ਜਾਵੇ।

## ਗਰਮਦਲੀਆਂ ਵਲੋਂ ਜਵਾਬੀ ਇਕੱਠ

### 'ਲੜਨ ਮਰਨ' ਦੀਆਂ ਧਮਕੀਆਂ

ਅੰਮ੍ਰਿਤਸਰ — 16 ਫਰਵਰੀ ਨੂੰ ਜਿਸ ਸਮੇਂ ਆਨੰਦਪੁਰ ਸਾਹਿਬ ਵਿਚ ਸ਼ਰੋਮਣੀ ਅਕਾਲੀ ਦਲ ਵਲੋਂ ਸਰਬੱਤ ਖਾਲਸਾ ਸੰਮੇਲਨ ਕੀਤਾ ਜਾ ਰਿਹਾ ਸੀ ਉਸ ਸਮੇਂ ਹਰਿਮੰਦਰ ਸਾਹਿਬ ਵਿਚ ਕਈ ਹਜ਼ਾਰ ਗਰਮਦਲੀਏ ਇਹ ਪ੍ਰਣ ਕਰ ਰਹੇ ਸਨ ਕਿ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਉਹ ਆਪਣਾ ਕਬਜ਼ਾ ਨਹੀਂ ਛੱਡਣਗੇ ਸਗੋਂ ਉਹ ਲੜਨ ਮਰਨ ਦੀਆਂ ਧਮਕੀਆਂ ਦੇ ਰਹੇ ਹਨ।

ਗਰਮਦਲੀਆਂ ਦੇ ਇਕੱਠ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਦਮਦਮੀ ਟਕਸਾਲ ਦੇ ਮੋਹਕਮ ਸਿੰਘ ਅਤੇ ਫੈਡਰੇਸ਼ਨ ਦੇ ਹਰਿੰਦਰ ਸਿੰਘ ਕਾਹਲੋਂ ਸ਼ਾਮਲ ਸਨ। ਉਨ੍ਹਾਂ ਆਪਣੇ ਭਾਸ਼ਨਾਂ ਵਿਚ ਕਿਹਾ ਕਿ ਅਸੀਂ ਸ਼੍ਰੋਮਣੀ ਕਮੇਟੀ ਤੋੜ ਚੁਕੇ ਹਾਂ ਅਤੇ ਨਵੇਂ ਸਿੰਘ ਸਾਹਿਬਾਨਾਂ ਨੇ ਚਾਰਜ ਸਾਂਭ ਲਏ ਹਨ। ਉਨ੍ਹਾਂ ਕਿਹਾ ਕਿ ਅਸੀਂ ਸਿੱਖਾਂ ਦੀ ਪ੍ਰਤੀਨਿਧਤਾ ਕਰਦੇ ਹਾਂ।

ਦੱਸਿਆ ਗਿਆ ਹੈ ਕਿ ਦਮਦਮੀ ਟਕਸਾਲ ਦੇ ਲੀਡਰਾਂ ਨੇ ਬਹੁਤ ਜੋਸ਼ੀਲੀਆਂ ਤਕਰੀਰਾਂ ਕੀਤੀਆਂ।

ਯਾਦ ਰਹੇ ਕਿ ਇਕ ਮਹੀਨਾ ਪਹਿਲਾਂ ਟਕਸਾਲ ਨੇ 16 ਜਨਵਰੀ ਨੂੰ ਅਖੰਡ ਪਾਠਾਂ ਦੀ ਲੜੀ ਜਾਰੀ ਕਰਕੇ ਹਰਿਮੰਦਰ ਸਾਹਿਬ ਉਤੇ ਆਪਣਾ ਕਬਜ਼ਾ ਸਥਾਪਤ ਕਰ ਲਿਆ ਸੀ ਅਤੇ ਅਕਾਲ ਤਖਤ ਸਾਹਿਬ ਦੀ ਕਾਰ-ਸੇਵਾ ਆਰੰਭ ਕਰ ਦਿਤੀ ਸੀ। ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਹੁਣ ਗਿਰਾਈ ਜਾ ਚੁੱਕੀ ਹੈ।

PURI INSURANCE AGENCIES

4543 Kingsway (Near Willingdon Ave.) Burnaby Ph. (604)430-5533

ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ

BEST RATES FOR HOME & COMMERCIAL INSURANCE — JANITORIAL BONDS AVAILABLE

ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ

MasterCard VISA

AUTOPLAN 86 RENEWALS

ਆਪਣੀਆਂ ਟੇਪਾਂ ਦੇ ਨੰਬਰ ਲੈਣਾ ਨਾ ਭੁੱਲਣਾ



ਗੁਰਬੀਰ ਸਿੰਘ ਪੁਰੀ

**An Autoplan reminder —**
An incorrect rate classification can invalidate your Autoplan insurance. If you drive to or from work or school, your vehicle must be insured in rate class 002 (not 001—pleasure only). Be sure your vehicle is rated in the right classification for its use.



ਅਮਰਜੀਤ ਕੌਰ ਪੁਰੀ

# ਕੰਪਲੈਕਸ ਦੀ ਸਥਿਤੀ 'ਤੇ ਕਈ ਖੁਫੀਆ ਏਜੰਸੀਆਂ ਦੀ ਨਿਗਾਹ

ਅੰਮ੍ਰਿਤਸਰ — ਕਈ ਖੁਫੀਆ ਏਜੰਸੀਆਂ ਇਸ ਵੇਲੇ ਹਰਿਮੰਦਰ ਸਾਹਿਬ ਕੰਪਲੈਕਸ ਦੀ ਮੌਜੂਦਾ ਸਥਿਤੀ ਉਤੇ ਨਿਗਾਹ ਰੱਖ ਰਹੀਆਂ ਹਨ। ਸੀ. ਆਈ. ਡੀ., ਆਈ. ਬੀ. ਤੇ ਰਾਅ ਤੋਂ ਇਲਾਵਾ ਪੰਜਾਬ ਪੁਲਸ, ਸੀ. ਆਰ. ਪੀ. ਐਫ., ਬੀ. ਐਸ. ਐਫ. ਤੇ ਫੌਜ ਨੇ ਕੰਪਲੈਕਸ ਤੇ ਇਸ ਦੇ ਬਾਹਰ ਆਪਣੇ ਆਪਣੇ ਆਦਮੀ ਤਾਇਨਾਤ ਕੀਤੇ ਹੋਏ ਹਨ ਤਾਂ ਜੋ ਉਨ੍ਹਾਂ ਨੂੰ ਪਲ ਪਲ ਦੀ ਖਬਰ ਮਿਲਦੀ ਰਹੇ। ਸੀ. ਆਈ. ਏ. ਵਰਗੀਆਂ ਕੌਮਾਂਤਰੀ ਖੁਫੀਆ ਏਜੰਸੀਆਂ ਵਲੋਂ ਵੀ ਇਸ ਸਥਿਤੀ ਵਿਚ ਡੂੰਘੀ ਦਿਲਚਸਪੀ ਲਏ ਜਾਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਬਹੁਤ ਸਾਰੀਆਂ ਏਜੰਸੀਆਂ ਨੇ ਆਪਣੇ ਸਿੱਖ ਮੁਲਾਜ਼ਮਾਂ ਨੂੰ ਇਸ ਕੰਮ ਦਾ ਜ਼ਿੰਮਾ ਸੌਂਪਿਆ ਹੈ ਤਾਂ ਜੋ ਉਹ ਸ਼ਰਧਾਲੂਆਂ ਦੇ ਨਾਲ ਸੌਖੀ ਤਰ੍ਹਾਂ ਰਚ-ਮਿਚ ਜਾਣ ਤੇ ਸਹੀ ਸਹੀ ਸੂਚਨਾ ਲੈ ਸਕਣ। ਇਸੇ ਤਰ੍ਹਾਂ ਕਈ ਏਜੰਸੀਆਂ ਨੇ ਆਪਣੇ ਆਦਮੀ ਉਥੇ ਖੜ੍ਹੇ ਕਰਨ ਜਾਂ ਕੰਪਲੈਕਸ ਅੰਦਰ ਸਰਗਰਮ ਵੱਖ ਵੱਖ ਜਥੇਬੰਦੀਆਂ ਦੇ ਮੁਲਾਜ਼ਮਾਂ ਨਾਲ 'ਸੰਪਰਕ' ਕਾਇਮ ਕਰਨ ਦਾ ਬੰਦੋਬਸਤ ਵੀ ਕੀਤਾ ਹੋਇਆ ਹੈ।

ਕੰਪਲੈਕਸ ਦੇ ਅੰਦਰਵਾਰ ਸਰਗਰਮੀਆਂ ਉਤੇ ਨਿਗਾਹ ਰੱਖਣ ਲਈ ਪੈਰਾ-ਮਿਲਟਰੀ ਫੋਰਸ ਦੇ ਜਵਾਨ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਕੰਪਲੈਕਸ ਦੇ ਬਾਹਰ ਵਾਲੀਆਂ ਇਮਾਰਤਾਂ ਦੀਆਂ ਛੱਤਾਂ 'ਤੇ ਚੜ੍ਹੇ ਹੋਏ ਹਨ। ਕੰਪਲੈਕਸ ਦੇ ਅੰਦਰ ਪੱਕੇ ਦਹਿਸ਼ਤਪਸੰਦਾਂ ਦੇ ਦਾਖਲੇ ਨੂੰ ਰੋਕਣ ਦੇ ਖਿਆਲ ਨਾਲ ਪਿਛਲੇ ਮਹੀਨੇ ਤੋਂ ਹੀ ਕੰਪਲੈਕਸ ਦੇ ਦੁਆਲੇ ਖੁਫੀਆ ਤੇ ਪੈਰਾ-ਮਿਲਟਰੀ ਫੋਰਸਾਂ ਤਾਇਨਾਤ ਹਨ। ਲਗਭਗ ਸਾਰੇ ਜਵਾਨਾਂ ਦੀ ਤਲਾਸ਼ੀ ਲਈ ਜਾ ਰਹੀ ਹੈ ਤਾਂ ਜੋ ਕੰਪਲੈਕਸ ਅੰਦਰ ਜਾਨ ਲੇਵਾ ਹਥਿਆਰਾਂ ਦੀ ਸਮਗਲਿੰਗ ਰੋਕੀ ਜਾ ਸਕੇ।

ਖੁਫੀਆ ਏਜੰਸੀਆਂ ਦੇ ਅਧਿਕਾਰੀ ਜਿਨ੍ਹਾਂ ਦਾ ਕਈ ਦੇਰ ਤੋਂ ਸਿੱਖ ਰਾਜਨੀਤੀ ਨਾਲ ਵਾਹ ਪਿਆ ਹੈ ਤੇ ਜਿਹੜੇ ਕੰਪਲੈਕਸ ਦੇ ਅੰਦਰਲੇ ਵਿਅਕਤੀਆਂ ਨੂੰ ਜਾਣਦੇ ਹਨ, ਕੰਪਲੈਕਸ ਤੋਂ ਬਾਹਰ ਰਹਿਣਾ ਹੀ ਪਸੰਦ ਕਰ ਰਹੇ ਹਨ। ਪਰ ਆਪਣੇ ਬੰਦਿਆਂ ਨਾਲ ਉਹ ਲਗਾਤਾਰ ਸੰਪਰਕ ਰੱਖ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਮੁਖ ਦੁਆਰ ਦੇ ਨੇੜੇ ਬੈਠਦੇ ਹਨ ਤੇ ਇਸ ਇਲਾਕੇ ਦੀਆਂ ਪ੍ਰਾਈਵੇਟ ਦੁਕਾਨਾਂ 'ਤੇ ਲੱਗੇ ਟੈਲੀਫੋਨਾਂ ਦੀ ਵਰਤੋਂ ਕਰਦੇ ਹਨ ਤਾਂ ਜੋ ਉਹ ਸਥਿਤੀ ਬਾਰੇ ਆਪਣੇ 'ਅਫਸਰਾਂ' ਨੂੰ ਸੂਚਿਤ ਕਰ ਸਕਣ।

# ਹੈਗੜੇ ਅਸਤੀਫਾ ਦੇਣਗੇ

ਨਵੀਂ ਦਿੱਲੀ — ਕਰਨਾਟਕ ਦੇ ਮੁੱਖ ਮੰਤਰੀ ਰਾਮ ਕ੍ਰਿਸ਼ਨ ਹੈਗੜੇ ਨੇ ਅਰਕ ਦੀਆਂ ਬੋਤਲਾਂ ਭਰਨ ਦਾ ਠੇਕਾ ਦੇਣ ਦੇ ਮਾਮਲੇ ਵਿਚ ਕਰਨਾਟਕ ਹਾਈ ਕੋਰਟ ਵਲੋਂ ਰਾਜ ਸਰਕਾਰ ਦੀ ਆਲੋਚਨਾ ਨੂੰ ਮੁੱਖ ਰੱਖਦਿਆਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਆਪਣੇ ਫੈਸਲੇ ਦੀ ਜਾਣਕਾਰੀ ਜਨਤਾ ਪਾਰਟੀ ਪ੍ਰਧਾਨ ਚੰਦਰ ਸ਼ੇਖਰ ਨੂੰ ਦਿੱਤੀ ਅਤੇ ਬੇਨਤੀ ਕੀਤੀ ਕਿ ਨਵੇਂ ਮੁੱਖ ਮੰਤਰੀ ਦੀ ਚੋਣ ਸਬੰਧੀ ਪਾਰਟੀ ਫੌਰਨ ਲੋੜੀਂਦੇ ਪ੍ਰਬੰਧ ਕਰੇ।

# ਸਿੱਖ ਯੂਥ ਫੈਡਰੇਸ਼ਨ ਦੇ ਵਰਕਰ 'ਤੇ ਸਾਜ਼ਸ਼ ਰਚਣ ਦਾ ਦੋਸ਼

ਲੰਦਨ — ਬਰਤਾਨੀਆਂ ਦੀ ਖੁਫੀਆ ਪੁਲੀਸ ਸਕਾਟਲੈਂਡ ਯਾਰਡ ਨੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਇਕ ਵਰਕਰ ਸੁਲੱਖਣ ਸਿੰਘ ਉਤੇ ਤਿੰਨ ਉਘੇ ਨਰਮਦਲੀਏ ਸਿੱਖ ਨੇਤਾਵਾਂ ਦੀ ਹੱਤਿਆ ਦੀ ਸਾਜ਼ਸ਼ ਰਚਣ ਦਾ ਦੋਸ਼ ਲਾਇਆ ਹੈ। ਇਨ੍ਹਾਂ ਨੇਤਾਵਾਂ ਵਿਚ ਤਰਸੇਮ ਸਿੰਘ ਤੂਰ ਵੀ ਸ਼ਾਮਲ ਹੈ ਜਿਸ ਨੂੰ ਪਿਛਲੇ ਮਹੀਨੇ ਸਾਊਥਾਲ ਵਿਚ ਗੋਲੀ ਨਾਲ ਹਲਾਕ ਕਰ ਦਿੱਤਾ ਗਿਆ ਸੀ।

ਸਕਾਟਲੈਂਡ ਯਾਰਡ ਨੇ ਸੁਲੱਖਣ ਸਿੰਘ ਨੂੰ ਇਕ ਮੈਜਿਸਟਰੇਟ ਅੱਗੇ ਪੇਸ਼ ਕੀਤਾ। ਉਸ 'ਤੇ ਦੋਸ਼ ਲਾਇਆ ਗਿਆ ਕਿ ਉਸ ਨੇ ਕੁਝ "ਅਗਿਆਤ" ਵਿਅਕਤੀਆਂ ਨਾਲ ਮਿਲ ਕੇ ਇੰਡੀਅਨ ਓਵਰਸੀਜ਼ ਕਾਂਗਰਸ ਦੀ ਲਿਊਟਨ ਯੂਨਿਟ ਦੇ ਪ੍ਰਧਾਨ ਸੋਹਣ ਸਿੰਘ ਲਿੱਦੜ, ਯੂ. ਕੇ. ਅਕਾਲੀ ਦਲ ਦੇ ਪ੍ਰਧਾਨ ਸੰਗਤਾਰ ਸਿੰਘ ਸੰਧੂ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਜਨਰਲ ਸਕੱਤਰ ਤਰਸੇਮ ਸਿੰਘ ਦੀਆਂ ਹੱਤਿਆਵਾਂ ਦੀ ਸਾਜ਼ਸ਼ ਰਚੀ।

# ਵਜ਼ਾਰਤ ਵਿਚ ਵਾਧੇ ਦੀ ਕਾਹਲ ਨਹੀਂ — ਬਰਨਾਲਾ

ਅੰਮ੍ਰਿਤਸਰ — ਪੰਜਾਬ ਦੇ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੇ ਇਥੇ ਕਿਹਾ ਕਿ ਉਨ੍ਹਾਂ ਨੂੰ ਵਜ਼ਾਰਤ ਵਿਚ ਵਾਧੇ ਦੀ ਕੋਈ ਕਾਹਲੀ ਨਹੀਂ। ਉਨ੍ਹਾਂ ਕਿਹਾ ਕਿ ਉਹ ਇਸ ਸਮੇਂ ਵਜ਼ਾਰਤ ਵਿਚ ਵਾਧੇ ਨਾਲੋਂ ਵੀ ਅਹਿਮ ਮਸਲਿਆਂ ਨਾਲ ਦੋ-ਚਾਰ ਹੋ ਰਹੇ ਹਨ। ਪਰ ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਅਹੁਦੇਦਾਰਾਂ ਦੀ ਨਿਯੁਕਤੀ ਛੇਤੀ ਹੋ ਸਕਦੀ ਹੈ। ਮੁਖ ਮੰਤਰੀ ਨੇ ਕਿਹਾ ਕਿ ਸਾਰੇ ਮਸਲੇ ਗੱਲਬਾਤ ਰਾਹੀਂ ਹੱਲ ਹੋ ਸਕਦੇ ਹਨ ਤੇ ਜੇਕਰ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਤਣਾਓ ਘਟਾਉਣ ਲਈ ਕੋਈ ਠੋਸ ਸੁਝਾਓ ਆਇਆ ਤਾਂ ਉਸ ਉਤੇ ਗੌਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਥ ਦੇ ਭਲੇ ਲਈ ਕਿਸੇ ਵੀ ਧਿਰ ਵਲੋਂ ਕੀਤੀ ਗਈ ਕਾਰਵਾਈ ਦਾ ਸਵਾਗਤ ਯੋਗ ਹੈ। ਉਨ੍ਹਾਂ ਕਿਹਾ ਕਿ ਟਕਸਾਲ ਦੇ ਮੈਂਬਰਾਂ ਨੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਕੀਤਾ।

ਮੁਖ ਮੰਤਰੀ ਨੇ ਕਿਹਾ ਕਿ ਪਾਰਟੀ ਵਿਚ ਕੋਈ ਫੁਟ ਨਹੀਂ ਹੈ ਅਤੇ ਦਰਬਾਰ ਸਾਹਿਬ ਦੀਆਂ ਘਟਨਾਵਾਂ ਦਾ ਪਾਰਟੀ ਵਿਚ ਮਤਭੇਦਾਂ ਨਾਲ ਕੋਈ ਵਾਸਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਕੁਝ ਯੂਥ ਕਾਂਗਰਸੀ, ਫੈਡਰੇਸ਼ਨ ਅਤੇ ਟਕਸਾਲ ਦੇ ਮੈਂਬਰਾਂ ਦੇ ਭੇਸ ਵਿਚ ਦਰਬਾਰ ਸਾਹਿਬ ਵਿਚ ਘੁਸਪੈਂਠ ਕਰ ਗਏ ਹੋਣ ਅਤੇ ਹਾਲਤ ਖਰਾਬ ਕਰਨ ਲਈ ਯਤਨਸ਼ੀਲ ਹੋਣ। ਉਨ੍ਹਾਂ ਕਿਹਾ ਕਿ ਨਕੋਦਰ ਦੀਆਂ ਵਾਰਦਾਤਾਂ ਵਿਚ ਯੂਥ ਕਾਂਗਰਸੀਆਂ ਦਾ ਹੱਥ ਵਿਖਾਈ ਦਿੰਦਾ ਹੈ ਅਤੇ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

# ਸ਼ਿਵਕੰਵਰ ਸਿੰਘ ਸੰਧੂ ਗ੍ਰਿਫਤਾਰ

ਜਲੰਧਰ — ਪੁਲੀਸ ਨੇ ਪੰਜਾਬ ਸੰਜੇ ਮੰਚ ਦੇ ਪ੍ਰਧਾਨ ਸ੍ਰੀ ਸ਼ਿਵਕੰਵਰ ਸਿੰਘ ਸੰਧੂ ਅਤੇ 14 ਹੋਰਨਾਂ ਨੂੰ ਇਕ ਕਾਰਖਾਨੇ ਵਿਚ ਨਜਾਇਜ਼ ਤੌਰ ਉਤੇ ਦਾਖਲ ਹੋਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂ ਵਿਰੁਧ ਕੇਸ ਦਰਜ ਕਰ ਲਿਆ ਗਿਆ ਹੈ। ਪੁਲੀਸ ਦੇ ਬੁਲਾਰੇ ਅਨੁਸਾਰ ਇਨ੍ਹਾਂ ਵਿਅਕਤੀਆਂ ਕੋਲੋਂ ਇਕ ਬੰਦੂਕ ਅਤੇ ਦਸ ਕਾਰਤੂਸ ਅਤੇ ਇਕ ਏਅਰਗੰਨ ਵੀ ਬਰਾਮਦ ਕੀਤੀ ਗਈ ਹੈ।

# ਅੰਮ੍ਰਿਤਸਰ ਸ਼ਾਸਤਰੀ ਨਗਰ 'ਚ ਕਾਰ ਨੂੰ ਅੱਗ ਲਾਈ

ਅੰਮ੍ਰਿਤਸਰ, (ਪੱਤਰ ਪ੍ਰੇਰਕ) - ਕੱਲ੍ਹ ਅੱਧੀ ਰਾਤ ਤੋਂ ਪਿੱਛੋਂ ਕੁਝ ਸ਼ਰਾਰਤੀ ਅਨਸਰਾਂ ਨੇ ਸ਼ਾਸਤਰੀ ਨਗਰ (ਸਿਵਲ ਲਾਈਨਜ਼) ਵਿਚ ਕਿਸ਼ੋਰ ਇਲੈਕਟਰਾਨਿਕਸ ਦੇ ਮਾਲਕ ਦੀ ਫੀਏਟ ਕਾਰ ਨੂੰ ਅੱਗ ਲਾ ਦਿੱਤੀ ਤੇ ਉਸ ਦਾ ਮੋਟਰ ਸਾਈਕਲ ਸਾੜਨ ਦੀ ਕੋਸ਼ਿਸ਼ ਕੀਤੀ।

ਪਰਿਵਾਰ ਦੇ ਮੈਂਬਰਾਂ ਦੀ ਮਦਦ ਨਾਲ ਸ੍ਰੀ ਕਿਸ਼ੋਰ ਅੱਗ ਉਤੇ ਕਾਬੂ ਪਾਉਣ ਵਿਚ ਸਫਲ ਹੋ ਗਏ ਅਤੇ ਫਿਰ ਵੀ ਕਾਰ ਦੇ ਟਾਇਰ ਤੇ ਟਿਊਬਾਂ ਪੂਰੀ ਤਰ੍ਹਾਂ ਸੜ ਗਏ। ਉਨ੍ਹਾਂ ਨੇ ਆਪਣੀ ਲਾਇਸੈਂਸੀ ਬੰਦੂਕ ਵਿਚੋਂ ਹਵਾਈ ਫਾਇਰ ਕੀਤੇ ਪਰ ਸ਼ਰਾਰਤੀ ਅਨਸਰ ਕੰਧ ਟੱਪ ਕੇ ਫਰਾਰ ਹੋ ਗਏ। ਇਲੈਕਟ੍ਰਾਨਿਕ ਅਲਾਰਮ ਸਿਸਟਮ ਨੇ ਵੀ ਕੰਮ ਨਾ ਕੀਤਾ ਕਿਉਂਕਿ ਇਨ੍ਹਾਂ ਸ਼ਰਾਰਤੀ ਅਨਸਰਾਂ ਨੇ ਉਸ ਦੀਆਂ ਤਾਰਾਂ ਕੱਟ ਦਿੱਤੀਆਂ ਹੋਈਆਂ ਸਨ।

ਪੁਲੀਸ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਪਰ ਪੁਲੀਸ 12 ਘੰਟੇ ਬਾਅਦ ਤਕ ਵੀ ਘਟਨਾ ਸਥਾਨ ਉਤੇ ਨਾ ਪਹੁੰਚੀ।

ਕੋਈ 15 ਦਿਨ ਪਹਿਲਾਂ ਇਸੇ ਮੁਹੱਲੇ ਵਿਚ ਵਸਦੇ ਇਕ ਹੋਰ ਵਿਅਕਤੀ ਦੀ ਕਾਰ ਸਾੜ ਦਿੱਤੀ ਗਈ ਸੀ।

# ਹਰਿਆਣਾ ਗਏ ਮੁਲਾਜ਼ਮ ਮੁੜ ਚੰਡੀਗੜ੍ਹ ਆ ਗਏ

ਚੰਡੀਗੜ੍ਹ — ਚੰਡੀਗੜ੍ਹ ਪ੍ਰਸ਼ਾਸਨ ਵਿਚ ਹਰਿਆਣਾ ਕਾਡਰ ਦੇ ਜਿਹੜੇ ਕਰਮਚਾਰੀ, ਚੰਡੀਗੜ੍ਹ ਨੂੰ 26 ਜਨਵਰੀ ਨੂੰ ਪੰਜਾਬ ਵਿਚ ਸ਼ਾਮਲ ਕਰ ਦੇਣ ਦੇ ਫੈਸਲੇ ਨੂੰ ਮੁਖ ਰੱਖਦਿਆਂ ਵਾਪਸ ਹਰਿਆਣਾ ਚਲੇ ਗਏ ਸੀ, ਉਹ ਮੁੜ ਪ੍ਰਸ਼ਾਸਨ ਵਿਚ ਡੈਪੂਟੇਸ਼ਨ ਉਤੇ ਆ ਗਏ ਹਨ। ਜਾਣਕਾਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਦੇ ਡੈਪੂਟੇਸ਼ਨਾਂ ਨੇ 26 ਜਨਵਰੀ ਦੇ ਫੈਸਲੇ ਨੂੰ ਵੇਖਦਿਆਂ ਆਪਣੇ ਤਬਦਾਲੇ, ਪੰਚਕੂਲਾ, ਮਨੀਮਾਜਰਾ, ਕਾਲਕਾ, ਅੰਬਾਲਾ ਤੇ ਚੰਡੀਗੜ੍ਹ ਨਾਲ ਲਗਦੇ ਹਰਿਆਣਾ ਦੇ ਇਲਾਕੇ ਵਿਚ ਕਰਵਾ ਲਏ ਸਨ। ਕੁਝ ਅਧਿਆਪਕਾਂ ਨੇ ਤਾਂ ਹਰਿਆਣਾ ਵਿਚ ਜਾ ਕੇ ਡਿਊਟੀ ਦਾ ਚਾਰਜ ਵੀ ਸੰਭਾਲ ਲਿਆ ਸੀ। ਇਥੋਂ ਤਕ ਕਿ ਕਾਲਜਾਂ ਤੇ ਸਕੂਲਾਂ ਦੇ ਅਧਿਆਪਕਾਂ ਨੇ ਆਪਣੇ ਤਬਦਾਲੇ ਮਨੀਮਾਜਰਾ, ਕਾਲਕਾ ਅਤੇ ਅੰਬਾਲਾ ਕਰਵਾ ਲਏ ਸਨ ਪਰ ਜਦੋਂ 26 ਜਨਵਰੀ ਨੂੰ ਕੁਝ ਨਾ ਹੋਇਆ ਤਾਂ ਇਨ੍ਹਾਂ ਕਰਮਚਾਰੀਆਂ ਨੇ ਮੁੜ ਪ੍ਰਸ਼ਾਸਨ ਵਿਚ ਆਉਣ ਲਈ ਸਰਗਰਮ ਯਤਨ ਸ਼ੁਰੂ ਕਰ ਦਿੱਤੇ ਕਿਉਂਕਿ ਇਨ੍ਹਾਂ ਕਰਮਚਾਰੀਆਂ ਨੂੰ ਸਰਕਾਰੂ ਮਕਾਨ ਚੰਡੀਗੜ੍ਹ ਵਿਚ ਅਲਾਟ ਹਨ ਤੇ ਉਨ੍ਹਾਂ ਦੇ ਬੱਚੇ ਵੀ ਸਥਾਨਕ ਕਾਲਜਾਂ ਤੇ ਸਕੂਲਾਂ ਵਿਚ ਪੜ੍ਹ ਰਹੇ ਹਨ।

# ਪੰਜਾਬੀ ਲੇਖਕ ਮੰਚ

ਇਸ ਸਾਲ ਪੰਜਾਬੀ ਲੇਖਕ ਮੰਚ ਆਪਣਾ ਪਹਿਲਾ ਕਵੀ ਦਰਬਾਰ 22 ਫਰਵਰੀ 1986 ਨੂੰ ਸ਼ਾਮ ਦੇ 5 ਵਜੇ ਕਰ ਰਿਹਾ ਹੈ। ਕਵੀ ਦਰਬਾਰ ਮੋਬਰਲੀ ਪਾਰਕ ਵਿਚ (ਪਰਿੰਸ ਅਲਬਰਟ ਅਤੇ 61 ਐਵੇਨਿਊ) ਹੋਵੇਗਾ। ਅਸੀਂ ਸਾਰੇ ਸਾਹਿਤਕ ਪ੍ਰੇਮੀਆਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ।

ਇਸ ਮੌਕੇ ਉਪਰ ਹੀ ਕੈਨੇਡਾ ਦੇ ਪ੍ਰਸਿੱਧ ਮਾਣਯੋਗ ਪੰਜਾਬੀ ਕਵੀ ਗੁਰਚਰਨ ਰਾਮਪੁਰੀ ਜੀ ਦੀ 6ਵੀਂ ਕਵਿਤਾਵਾਂ ਦੀ ਕਿਤਾਬ 'ਕਤਲਗਾਹ' ਰੀਲੀਜ਼ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਫੂਨ ਕਰੋ :
ਅਮਰਜੀਤ ਚਾਹਲ — 581-0406
ਗੁਰਚਰਨ ਟੱਲੇਵਾਲੀਆ — 291-3982


**Gurmail S. Gill**
Lawyer
**ਗੁਰਮੇਲ ਸਿੰਘ ਗਿੱਲ**

- ਆਈ. ਸੀ. ਬੀ. ਸੀ. ਕਲੇਮਜ਼
- ਕ੍ਰਿਮੀਨਲ ਕੇਸਜ਼
- ਡਾਈਵੋਰਸ ਅਤੇ ਫੈਮਿਲੀ ਕੇਸਜ਼
- ਸਿਵਲ ਕੋਰਟ ਕਲੇਮਜ਼
- ਪ੍ਰਾਪਰਟੀ ਅਤੇ ਮੌਰਗੇਜ਼
- ਇਮੀਗਰੇਸ਼ਨ

Ph. 859-7171
534-0044 Toll Free
ROSBOROUGH & COMPANY
33832 South Fraser Way Abbotsford, B.C.
ਪਹਿਲਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ



ROYAL
new-used
FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph:
874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



**ਰੌਇਲ ਫਰਨੀਚਰ ਲਿਮ:**

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਟੈਲੀਫੋਨ-ਮੁਲਾਕਾਤ

## 'ਸਰਬੱਤ ਖਾਲਸਾ' ਨੂੰ ਸਮਰਥਨ ਪੰਜਾਬ ਦੇ ਲੋਕਾਂ ਦਾ ਅਤਿਵਾਦ ਵਿਰੁੱਧ ਫਤਵਾ ਹੈ — ਸੁਰਜੀਤ

**ਸਵਾਲ :** ਕਾਮਰੇਡ ਹਰਕਿਸ਼ਨ ਸਿੰਘ ਜੀ, ਰੇਡੀਓ ਵਲੋਂ ਮੈਂ ਆਪ ਜੀ ਨੂੰ ਜੀਅ ਆਇਆਂ ਆਖਦਾ ਹਾਂ ਜਨਾਬ।

**ਜਵਾਬ :** ਧੰਨਵਾਦ।

**ਸਵਾਲ :** ਕੀ ਤੁਸੀਂ ਇਹ ਦੱਸ ਸਕਦੇ ਹੋ ਕਿ ਪੰਜਾਬ ਨੂੰ ਜੋ ਚੰਡੀਗੜ੍ਹ ਨਹੀਂ ਦਿਤਾ ਗਿਆ ਇਸ ਪਿਛੇ ਕੀ ਕਾਰਨ ਹੈ ?

**ਜਵਾਬ :** ਦੇਖੋ ਗੱਲ ਇਹ ਹੈ ਕਿ ਇਹ ਪੱਕਾ ਵਾਅਦਾ ਸੀ ਕਿ ਪੰਜਾਬ ਨੂੰ ਚੰਡੀਗੜ੍ਹ 26 ਜਨਵਰੀ ਨੂੰ ਦੇਣ ਦਾ। ਲੇਕਿਨ ਕਾਂਗਰਸ ਪਾਰਟੀ ਦੇ ਵਿਚ ਕਈ ਐਸੇ ਧੜੇ ਹਨ ਜਿਨ੍ਹਾਂ ਦੇ ਦਬਾਅ ਥੱਲੇ ਆ ਕੇ ਉਨ੍ਹਾਂ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਲੇਕਿਨ ਮੈਨੂੰ ਪੂਰਾ ਯਕੀਨ ਹੈ ਕਿ ਉਹ ਇਸ ਵਾਅਦੇ ਤੋਂ ਭੱਜ ਨਹੀਂ ਸਕਦੇ। ਔਰ ਉਨ੍ਹਾਂ ਨੂੰ ਚੰਡੀਗੜ੍ਹ ਦੇਣਾਂ ਪਵੇਗਾ। ਫਾਜ਼ਿਲਕਾ ਅਬੋਹਰ ਦਾ ਉਨ੍ਹਾਂ ਜੋੜਨਾ ਨਿਹਾਇਤ ਹੀ ਗਲਤ ਸੀ ਕਿਉਂਕਿ ਲੌਂਗੋਵਾਲ-ਰਾਜੀਵ ਮੁਆਹਦੇ ਵਿਚ ਸਪਸ਼ਟ ਤੌਰ ਤੇ ਲਿਖਿਆ ਹੋਇਆ ਹੈ ਕਿ ਚੰਡੀਗੜ੍ਹ ਦੇ ਬਦਲੇ ਪਿੰਡ ਦੇਣੇ ਹਨ ਉਹ ਪਿੰਡ ਨਾਲ ਮਿਲਵਾਂ ਇਲਾਕਾ, ਬੋਲੀ ਦੇ ਆਧਾਰ ਉਤੇ ਦਿਤੇ ਜਾਣਗੇ। ਅਤੇ ਇਹ ਸਪੱਸ਼ਟ ਸੀ ਕਿ ਫਾਜ਼ਿਲਕਾ, ਅਬੋਹਰ ਹਰਿਆਣੇ ਨਾਲ ਨਹੀਂ ਮਿਲਦੇ। ਕੰਦੂਖੇੜਾ ਜਿਹੜਾ ਪਿੰਡ ਹੈ ਇੰਦਰਾ ਗਾਂਧੀ ਨੇ 1970 ਵਿਚ ਐਵਾਰਡ ਵਿਚ ਕੌਰੀਡੋਰ ਦੇ ਕੇ ਸੱਤ ਕਿਲੋਮੀਟਰ ਦਾ ਤਾਂ ਹਰਿਆਣੇ ਨੂੰ ਇਹ ਇਲਾਕੇ ਦੇਣ ਦੀ ਕੋਸ਼ਿਸ਼ ਕੀਤੀ ਸੀ ਜਿਹੜਾ ਪੰਜਾਬ ਨਹੀਂ ਸੀ ਮੰਨਿਆ।

**ਸਵਾਲ :** ਹੁਣ ਚੰਡੀਗੜ੍ਹ ਬਾਰੇ ਮੌਜੂਦਾ ਹਾਲਾਤ ਕੀ ਹਲ ?

**ਜਵਾਬ :** ਮੇਰਾ ਖਿਆਲ ਹੈ ਜਿਹੜੀ ਨਵੀਂ ਸੋਚ ਹੁਣ ਹਰਿਆਣੇ ਵਾਲਿਆਂ ਨੇ ਕਹੀ ਹੈ। ਇਹ ਮਤਾ ਅੱਜ ਦੇ ਅਖਬਾਰਾਂ ਵਿਚ ਛਪਿਆ ਹਰਿਆਣੇ ਵਾਲਿਆਂ ਦਾ ਕਿ ਅਬੋਹਰ-ਫਾਜ਼ਿਲਕਾ ਦੀ ਏਨੀ ਗਲ ਨਹੀਂ, ਪਾਣੀ ਦੀ ਸਾਡੀ ਬਹੁਤੀ ਗੱਲ ਹੈ ਮੇਰਾ ਖਿਆਲ ਹੈ ਕਿ ਕੁਝ ਦਿਨਾ ਵਿਚ ਕੇਂਦਰੀ ਸਰਕਾਰ ਜ਼ਰੂਰ ਏਸ ਗੱਲ ਉਤੇ ਮਜ਼ਬੂਰ ਹੋ ਜਾਵੇਗੀ ਕਿ ਚੰਡੀਗੜ੍ਹ ਪੰਜਾਬ ਨੂੰ ਦੇਵੇ।

**ਸਵਾਲ :** ਪੰਜਾਬ ਵਿਚ ਜੋ ਸਰਬੱਤ ਖਾਲਸਾ ਕਾਨਫਰੰਸ ਕੱਲ੍ਹ ਹੈ ਇਸ ਨੂੰ ਸੱਦਣ ਦੇ ਖਾਸ ਕਾਰਨ ਕੀ ਸਨ ?

**ਸਵਾਲ :** ਸਿੰਘ: ਉਹਦੇ ਕਾਰਨ ਕਈ ਸਨ। ਤੁਹਾਡੇ ਅਨੁਸਾਰ ਕੱਲ੍ਹ ਹੋਈ, ਪਰ ਇਹ ਏਥੇ ਅੱਜ ਹੋਈ ਹੈ। ਅੱਜ ਮੁੱਕੀ ਹੈ ਦੋ ਤਿੰਨ ਘੰਟੇ ਹੋਏ ਨੇ। ਉਹਦੇ

ਸੱਦਣ ਦੇ ਕਾਰਨ ਇਹ ਸੀ ਕਿ ਪਿਛਲੇ 26 ਤਾਰੀਖ ਨੂੰ ਜਨਵਰੀ ਨੂੰ ਇਹ ਜਿਹੜਾ ਸਮਝੌਤਾ ਕਰ ਲਿਆ ਸੀ ਸ਼ਰੋਮਣੀ ਕਮੇਟੀ ਵਾਲਿਆਂ ਨੇ — ਉਸ ਸਮਝੌਤੇ ਨੂੰ ਤੋੜਕੇ ਅਤਿਵਾਦੀਆਂ ਨੇ ਹਰਿਮੰਦਰ ਸਾਹਿਬ ਉਤੇ ਕਬਜ਼ਾ ਹੀ ਕਰ ਲਿਆ। ਉਹ ਕਾਰ ਸੇਵਾ ਕੰਮ ਵੀ ਸਾਂਭ ਲਿਆ - ਸਾਰੀਆਂ ਕਮੇਟੀਆਂ ਭੰਗ ਕਰ ਦਿਤੀਆਂ ਗੁਰਦੁਆਰਾ ਕਮੇਟੀ ਭੰਗ ਕਰ ਦਿਤੀ। ਔਰ ਅਕਾਲ ਤਖਤ ਦੇ ਜਥੇਦਾਰ ਨੂੰ ਉਹਦੇ ਪਦ ਤੋਂ ਹਟਾ ਦਿਤਾ, ਸਿੰਘ ਸਾਹਿਬ ਸਾਹਿਬ ਸਿੰਘ ਨੂੰ ਹਟਾ ਦਿਤਾ। ਪੂਰਾ ਹੀ ਸਾਰਾ ਕਬਜ਼ਾ ਕਰ ਲਿਆ। ਉਥੇ ਮਤੇ ਪਾਸ ਕੀਤੇ ਜਿਸ ਵਿਚ ਸਾਰੀ ਲੀਡਰਸ਼ਿਪ ਨੂੰ ਸ਼ਰੋਮਣੀ ਕਮੇਟੀ ਨੂੰ ਖਤਮ ਕਰਕੇ ਸਾਰੇ ਅਧਿਕਾਰ ਆਪਣੇ ਕੋਲ ਲੈ ਲਏ। ਆਪ ਹੀ ਮੁਦੱਈ ਬਣ ਗਏ। ਨਵੇਂ ਬੰਦੇ ਐਪਾਇੰਟ ਕਰ ਦਿਤੇ।

**ਸਵਾਲ :** ਜੋ ਸਰਬੱਤ ਖਾਲਸਾ ਕਾਨਫਰੰਸ ਹੋਈ ਹੈ ਅਨੰਦਪੁਰ ਵਿਚ, ਇਸ ਵਿਚ ਕੀ ਮਤੇ ਪਾਸ ਹੋਏ ਨੇ ?

**ਜਵਾਬ :** ਸੱਤ ਮਤੇ ਪਾਸ ਹੋਏ ਨੇ। ਪਹਿਲੇ ਮਤੇ ਵਿਚ ਉਨ੍ਹਾਂ ਨੇ 26 ਜਨਵਰੀ ਦੇ ਹੋਏ ਸਾਰੇ ਮਤਿਆਂ ਦਾ ਖੰਡਨ ਕੀਤਾ ਹੈ। ਉਹ ਜਿਹੜੇ ਮਤੇ ਨੇ ਬਿਲਕੁਲ ਨਿਰਮੂਲ ਹਨ, ਅਸੀਂ ਉਨ੍ਹਾਂ ਨੂੰ ਨਹੀਂ ਮੰਨਦੇ। ਦੂਜੀ ਗੱਲ ਇਹ ਕੀਤੀ ਹੈ ਕਿ ਸ਼ਰੋਮਣੀ ਕਮੇਟੀ ਨੂੰ ਕਿਹਾ ਹੈ ਕਿ ਉਹ ਆਪਣੇ ਅਧਿਕਾਰ ਨੂੰ ਸਥਾਪਤ ਕਰੇ ਔਰ ਗੁਰਦੁਆਰਿਆਂ ਦੇ ਕਬਜ਼ੇ ਨੂੰ ਆਪਣੇ ਜ਼ਿਮੇਂ ਵਿਚ ਲਵੇ। ਤੀਜੀ ਗੱਲ ਇਹ ਕਹੀ ਹੈ ਕਿ ਅਤਿਵਾਦੀਆਂ ਨੇ ਪੰਜਾਬ ਦੇ ਮਾਹੌਲ ਨੂੰ ਵਿਗਾੜ ਦਿਤਾ ਹੈ — ਕਤਲੋਗਾਰਤ ਦੀਆਂ ਵਾਰਦਾਤਾਂ ਕਰਕੇ — ਉਨ੍ਹਾਂ ਨਾਲ ਅਕਾਲੀ ਦਲ ਦੇ ਪ੍ਰਧਾਨ ਨਿਪਟਣ ਅਤੇ ਯੋਗ ਅਤੇ ਠੋਸ ਕਦਮ ਲੈਣ। ਇਸ ਤਰ੍ਹਾਂ ਕਰਕੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਹਿਯੋਗ ਦੇਣ। ਸੱਤ ਮਤੇ ਪਾਸ ਕੀਤੇ ਹਨ ਜਿਨ੍ਹਾਂ ਨੂੰ ਲੋਕਾਂ ਦਾ ਪੂਰਾ ਸਮਰਥਨ ਪ੍ਰਾਪਤ ਹੋਇਆ। ਬੜਾ ਵੱਡਾ ਇਕੱਠ ਸੀ। ਬੜਾ ਭਾਰਾ ਸਮਰਥਨ ਮਿਲਿਆ ਹੈ।

**ਸਵਾਲ :** ਕੋਈ ਅੰਦਾਜ਼ਾ ਹੈ ਕਿ ਕਿੰਨਾ ਵੱਡਾ ਇਕੱਠ ਸੀ ?

**ਜਵਾਬ :** ਕਹਿੰਦੇ ਹਨ ਕਿ ਲੱਖਾਂ ਲੋਕਾਂ ਦਾ ਇਕੱਠ ਸੀ। ਪੰਜਾਬ ਦੇ ਲੋਕ ਅੱਕੇ ਹੋਏ ਨੇ - ਅਤਿਵਾਦੀਆਂ ਦੀਆਂ ਸਰਗਰਮੀਆਂ ਤੋਂ। ਜੇ ਕੇਂਦਰੀ ਸਰਕਾਰ ਢਿੱਲ-ਮੱਠ ਦੀ ਪਾਲਿਸੀ ਨਾ ਕਰਦੀ — ਅੱਜ ਵਾਤਾਵਰਣ ਹੋਰ ਹੋ ਜਾਂਦਾ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅਕਾਲੀਆਂ ਨੇ ਵੀ ਪਹਿਲਾਂ ਜੋ ਨੀਤੀ ਧਾਰਨ ਕੀਤੀ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਪ੍ਰੇਰਨਾ ਕਰਕੇ ਅਤਿਵਾਦੀਆਂ ਨੂੰ ਉਹ ਆਪਣੇ ਕਾਬੂ ਕਰ ਲੈਣਗੇ। ਉਹ ਗਲਤ ਸਾਬਤ ਹੋਈ ਹੈ ਕਿਉਂਕਿ ਉਨ੍ਹਾਂ ਦੀ ਪਿੱਠ ਉਤੇ ਬਾਹਰਲੀਆਂ ਤਾਕਤਾਂ ਕੰਮ ਕਰ ਰਹੀਆਂ ਹਨ — ਉਨ੍ਹਾਂ ਦਾ ਤਾਂ ਸਾਰਾ ਜ਼ੋਰ ਲੱਗਾ ਪਿਆ ਹੈ ਅਕਾਲੀ ਸਰਕਾਰ ਨੂੰ ਤੁੜਵਾਉਣ ਵਿਚ ਹੀ। ਅਤੇ ਇਹ ਗੱਲ ਕੱਲ੍ਹ ਬਰਨਾਲਾ ਨੇ ਆਪਣੇ ਬਿਆਨ ਵਿਚ ਬੜੀ ਸਪਸ਼ਟ ਕੀਤੀ ਹੈ ਕਿ ਇਹ ਲੋਕਾਂ ਦੀਆਂ ਸਰਗਰਮੀਆਂ ਪੰਥ ਵਿਰੁੱਧ ਨੇ ਅਤੇ ਸਾਡੇ ਵਿਰੁੱਧ ਹਨ।

**ਸਵਾਲ :** ਜੋ ਇਹ ਮਤਾ ਪਾਸ ਕੀਤਾ ਗਿਆ ਕਿ ਉਹ ਅਤਿਵਾਦੀਆਂ ਨੂੰ ਬਾਹਰ ਕੱਢਣਗੇ - ਇਹਦੇ ਵਿਚ ਕੀ ਤਸ਼ੱਦਦ ਦੀ ਵਰਤੋਂ ਕੀਤੀ ਜਾਵੇਗੀ ?

**ਜਵਾਬ :** ਨਹੀਂ - ਉਹ ਤਸ਼ੱਦਦ ਦੀ ਵਰਤੋਂ ਨਹੀਂ ਕਹਿੰਦੇ। ਪਰ ਜੇ ਲੋਕਾਂ ਦੇ ਸਹਿਯੋਗ ਨਾਲ ਏਵੇ ਤੇ ਜਿਵੇਂ ਹੁਣ ਲੋਕਾਂ ਨੂੰ mobilize ਕੀਤਾ ਹੈ ਜੇ ਪਹਿਲਾਂ ਹੀ ਦੋ ਮਹੀਨਲੇ ਲਾਮਬੰਦ ਕੀਤਾ ਹੁੰਦਾ ਤਾਂ ਇਹ ਵਾਤਾਵਰਣ ਹੀ ਪੈਦਾ ਨਾ ਹੁੰਦਾ ਤੇ ਅੱਜ ਇਹ ਹਾਲਾਤ ਵਿਗੜਦੇ ਹੀ ਨਾ। ਜੇ ਉਹ ਤਸ਼ੱਦਦ ਕਰਨਗੇ ਤਾਂ ਅੱਡਰੀ ਗੱਲ ਹੈ ਪਰ ਅਕਾਲੀਆਂ ਵਲੋਂ ਤਸ਼ੱਦਦ ਦੀ ਗੱਲ ਨਹੀਂ। ਇਹ ਬੜੀ ਭਾਰੀ ਗਿਣਤੀ ਵਿਚ ਜਾਣਗੇ। ਜੋ ਸ਼ਰੋਮਣੀ ਕਮੇਟੀ ਦਾ ਕਾਨੂੰਨੀ ਹੱਕ ਹੈ - ਉਹ ਇਨ੍ਹਾਂ ਲੈਣਾ ਹੈ। ਉਨ੍ਹਾਂ ਨੇ ਇਹ ਵੀ ਐਲਾਨ ਕਰ ਦਿਤਾ ਹੈ ਕਿ ਛੇਤੀ ਤੋਂ ਛੇਤੀ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ।

**ਸਵਾਲ :** ਕੀ ਮੋਟੇ ਤੌਰ ਉਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਅਤਿਵਾਦੀ ਤੱਤ ਹਨ ਉਹ ਮੌਜੂਦਾ ਸਰਕਾਰ ਨੂੰ ਡੇਗਣਾ ਚਾਹੁੰਦੇ ਹਨ ?

**ਜਵਾਬ :** ਐਸ ਵੇਲੇ ਇਹੋ ਗੱਲ ਹੈ। ਉਹ ਸਰਕਾਰ ਡੇਗਕੇ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਵਿਗਾੜਨਾ ਚਾਹੁੰਦੇ ਹਨ ਜਿਹੜੀ ਮੁੜਕੇ ਗੱਲ ਉਥੇ ਆ ਜਾਵੇ। 26 ਜਨਵਰੀ ਦੇ ਮਤਿਆਂ ਵਿਚ ਉਨ੍ਹਾਂ ਸਪਸ਼ਟ ਕਿਹਾ ਕਿ ਬਾਹਰਲੇ ਵਸਦੇ ਪੰਜਾਬੀ ਜਿਹੜੇ ਹਨ ਉਨ੍ਹਾਂ ਨੂੰ ਇਕ ਇਕ ਘਰ ਪੰਜਾਬ ਵਿਚ ਬਣਾ ਲੈਣਾ ਚਾਹੀਦਾ ਹੈ ਤਾਕਿ ਵਾਤਾਵਰਣ ਵਿਗੜੇ ਤਾਂ ਉਨ੍ਹਾਂ ਨੂੰ ਇਥੇ ਆ ਕੇ ਸਹੂਲਤ ਰਹੇ। ਖੁਲ੍ਹੇ ਤੌਰ ਉਤੇ ਉਹ ਖਾਲਿਸਤਾਨ ਦੇ ਨਾਅਰੇ ਲਾਉਂਦੇ ਹਨ ਅਤੇ ਇਹੋ ਜਿਹੀਆਂ ਗੱਲਾਂ ਕਰਦੇ ਹਨ।

**ਸਵਾਲ :** ਪੰਜਾਬ ਵਿਚ ਜੋ ਅਕਾਲੀ ਸਰਕਾਰ ਹੈ, ਇਸਦੇ ਡਿਗਣ ਦੇ ਕਿੰਨੇ ਕੁ ਇਮਕਾਨ ਹਨ ?

**ਜਵਾਬ :** ਐਸ ਵੇਲੇ ਜੇ ਉਹ ਅਤਿਵਾਦੀਆਂ ਨਾਲ ਨਿਪਟ ਲੈਣ ਤੇ ਡਟ ਕੇ ਮੁਕਾਬਲਾ ਕਰਨ ਤਾਂ ਲੋਕ ਉਨ੍ਹਾਂ ਨਾਲ ਹਨ। ਉਹ ਪੰਜਾਬ ਸਮਝੌਤੇ ਨੂੰ ਵੀ ਪੂਰਾ ਕਰਵਾ ਲੈਣਗੇ। ਲੇਕਿਨ ਜੇ ਉਹ ਅਤਿਵਾਦੀਆਂ ਨਾਲ ਨਾ ਨਜਿਠ ਸਕੇ ਜਿਵੇਂ ਹੁਣ ਬੜੀ ਦੇਰ ਬਾਅਦ ਕਦਮ ਚੁਕਿਆ ਜੇ ਪਹਿਲਾਂ ਇਹ ਕਦਮ ਚੁਕਦੇ ਤਾਂ ਏਨੀ ਕਠਿਨਾਈ ਨਾ ਹੁੰਦੀ।

**ਸਵਾਲ :** ਕੀ ਤੁਸੀਂ ਕਹਿ ਸਕਦੇ ਹੋ ਕਿ ਅਨੰਦਪੁਰ ਕਨਵੈਨਸ਼ਨ ਲੋਕਾਂ ਦੀ demonstration ਸੀ ਅਤਿਵਾਦ ਦੇ ਖ਼ਿਲਾਫ ?

**ਜਵਾਬ :** ਇਹ ਲੋਕਾਂ ਨੇ ਅਕਾਲੀ ਸਰਕਾਰ ਦੀ ਹਮਾਇਤ ਦਾ ਇਜ਼ਹਾਰ ਕੀਤਾ ਹੈ ਤੇ ਅਤਿਵਾਦ ਦੇ ਖਿਲਾਫ ਇਜ਼ਹਾਰ ਕੀਤਾ ਜਿਵੇਂ ਪਹਿਲਾਂ ਚੋਣਾਂ ਵਿਚ ਅਤਿਵਾਦ ਦੇ ਖਿਲਾਫ ਇਜ਼ਹਾਰ ਕੀਤਾ ਸੀ।

**ਸਵਾਲ :** ਕੀ ਤੁਸੀਂ ਦੱਸੋਗੇ ਕਿ ਪੰਜਾਬ ਨੂੰ ਛੱਡ ਕੇ ਭਾਰਤ ਦੇ ਦੂਜੇ ਹਿੱਸਿਆਂ ਵਿਚ ਕੀ ਹਾਲਾਤ ਹਨ ?

**ਜਵਾਬ :** ਹਾਲਾਤ ਪੰਜਾਬ ਦੇ ਬਹੁਤੇ ਵਿਗੜੇ ਹੋਏ ਹਨ। ਦੇਸ਼ ਦੇ ਦੂਜੇ ਹਿਸਿਆਂ ਵਿਚ ਵੀ ਉਹ ਤਾਕਤਾਂ ਸਰਗਰਮ ਹਨ ਜੋ ਦੇਸ਼ ਵਿਚ ਅਸਿਥਰਤਾ ਪੈਦਾ ਕਰਨਾ ਚਾਹੁੰਦੀਆਂ ਹਨ। ਇਸ ਤੋਂ ਬਿਨਾਂ ਆਰਥਿਕ ਸਮੱਸਿਆਵਾਂ ਹਨ ਜਿਵੇਂ ਸਰਕਾਰ

(ਬਾਕੀ ਪੰਨਾ 7 ਤੇ)


ਖੁਸ਼ਖਬਰੀ!

ਖੁਸ਼ਖਬਰੀ!

ਪੰਜਾਬੀ ਮਾਰਕਿਟ ਵਿਚ ਪੰਜਾਬੀ ਸੁਨਿਆਰੇ ਦੀ ਦੁਕਾਨ

**ਖਾਲਸਾ ਜਿਊਲਰਜ਼ ਐਂਡ ਫ਼ੋਟੋਗਰਾਫ਼ਰਜ਼**

ਦਾ

**ਸ਼ਾਨਦਾਰ ਉਦਘਾਟਨ 1 ਮਾਰਚ, 1986 ਨੂੰ**

ਨਵੇਂ ਡੀਜ਼ਾਈਨਾਂ ਦੇ ਗਹਿਣੇ ਤੁਹਾਡੀ ਖੂਬਸੂਰਤੀ ਨੂੰ ਹੋਰ ਨਿਖਾਰਦੇ ਹਨ



- 22 ਕੈਰਟ ਦੇ ਗਹਿਣੇ ਆਪਣੀ ਪਸੰਦ ਦੇ ਬਣਵਾਓ
- ਸਾਡੇ ਕੋਲ ਹਰ ਪ੍ਰਕਾਰ ਦੇ ਡੀਜ਼ਾਈਨਾਂ ਦੀ ਭਰਮਾਰ ਹੈ
- ਕੰਮ ਤਸੱਲੀਬਖਸ਼ ਅਤੇ ਸਮੇਂ ਸਿਰ ਦਿਤਾ ਜਾਵੇਗਾ
- ਅਸੀਂ ਗਹਿਣਿਆਂ ਦੀ ਅਪਰੇਜ਼ਲ ਵੀ ਕਰਦੇ ਹਾਂ।

ਇਕ ਵਾਰੀ ਆ ਕੇ ਸਾਡੇ ਸ਼ੋਅ-ਰੂਮ ਵਿਚ ਸਾਡੇ ਡੀਜ਼ਾਈਨ ਜ਼ਰੂਰ ਦੇਖੋ!
ਸਮੇਂ ਸਿਰ ਆ ਕੇ ਇਸਦਾ ਲਾਭ ਉਠਾਓ

**ਉਦਘਾਟਨ ਦੀ ਖੁਸ਼ੀ ਵਿਚ ਘੜਾਈ ਤੇ ਸਪੈਸ਼ਲ**

| | |
|---|---|
| ਕੜੇ | 1 ਡਾਲਰ ਤੋਂ |
| ਵਾਲੀਆਂ | 5 ਡਾਲਰ ਤੋਂ |
| ਮੁੰਦੀਆਂ | 10 ਡਾਲਰ ਤੋਂ |
| ਪੂਰਾ ਸੈੱਟ | 49 ਡਾਲਰ ਤੋਂ |



**ਫੋਟੋ ਬਹੁਤ ਵਾਜਬ ਰੇਟ ਉਤੇ ਖਿਚੀਆਂ ਜਾਂਦੀਆਂ ਹਨ ਅਤੇ ਹਰ ਸਮਾਗਮ ਲਈ ਸਾਡੀਆਂ ਸੇਵਾਵਾਂ ਹਾਸਲ ਕਰੋ — ਪਾਸਪੋਰਟ ਅਤੇ ਸਿਟੀਜ਼ਨਸ਼ਿਪ ਲਈ ਫੋਟੋਆਂ ਦਾ ਵੀ ਪ੍ਰਬੰਧ ਹੈ**

ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਸਾਨੂੰ ਜ਼ਰੂਰ ਯਾਦ ਕਰੋ। ਅਸੀਂ ਤੁਹਾਡੀ ਸੇਵਾ ਨਵੇਂ ਡੀਜ਼ਾਈਨਾਂ ਦੇ ਗਹਿਣੇ ਅਤੇ ਵਧੀਆ ਕੁਆਲਿਟੀ ਦੀ ਵੀਡੀਓ ਮੂਵੀ ਨਾਲ ਕਰਦੇ ਹਾਂ। ਗਹਿਣੇ ਅਤੇ ਵੀਡੀਓ ਫਿਲਮ ਸਾਡੀ ਵਿਸ਼ੇਸ਼ਤਾਈ ਹੈ

**KHALSA JEWELLERS & PHOTOGRAPHERS**
6419 - Main Street Vancouver, B.C. [at 48th Ave.]
**Ph. 324-1067 or 327-7504, 321-1987**

ਉਦਘਾਟਨ ਵਾਲੇ ਦਿਨ ਆਉਣ ਵਾਲਿਆਂ ਦੀ ਚਾਹ ਪਾਣੀ ਨਾਲ ਸੇਵਾ ਕੀਤੀ ਜਾਵੇਗੀ ਅਤੇ ਇਸਦੇ ਨਾਲ ਹੀ ਪਹਿਲੇ 100 ਗਾਹਕਾਂ ਨੂੰ 'ਲੱਕੀ ਡਰਾਅ'' ਵਿਚ ਹਿੱਸਾ ਲੈਣ ਦਾ ਵੀ ਮੌਕਾ ਦਿਤਾ ਜਾਵੇਗਾ।

**THE CANADA DARPAN**
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਸਰਬੱਤ ਖਾਲਸਾ ਕਨਵੈਨਸ਼ਨ ਦੇ ਫੈਸਲੇ

"ਐਤਵਾਰ ਨੂੰ ਅਨੰਦਪੁਰ ਸਾਹਿਬ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਉਤੇ ਹੋਏ ਸਰਬੱਤ ਖਾਲਸਾ ਸਮੇਂ ਲੱਖਾਂ ਲੋਕਾਂ ਦੇ ਇਕੱਠ ਨੇ ਜੋ ਫੈਸਲੇ ਲਏ ਹਨ, ਉਨ੍ਹਾਂ ਦੀ ਮਹੱਤਤਾ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। 26 ਜਨਵਰੀ ਨੂੰ ਦਮਦਮੀ ਟਕਸਾਲ ਵਲੋਂ ਸੱਦੀ ਗਈ ਕਨਵੈਨਸ਼ਨ ਵਿਚ ਦਸ ਹਜ਼ਾਰ ਦੀ ਹਾਜ਼ਰੀ ਵਿਚ ਜੋ ਫੈਸਲੇ ਲਏ ਗਏ ਉਨ੍ਹਾਂ ਨੂੰ ਸਰਬੱਤ ਖਾਲਸਾ ਸੰਮੇਲਨ ਨੇ ਮੁਕੰਮਲ ਰੂਪ ਵਿਚ ਰੱਦ ਕਰ ਦਿਤਾ ਹੈ। ਸਭ ਤੋਂ ਅਹਿਮ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੋਣ ਕਰਵਾਉਣ ਦਾ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਮਿਆਦ ਖਤਮ ਹੋਇਆਂ ਕਈ ਸਾਲ ਬੀਤ ਗਏ ਹਨ। ਪਰ ਚੋਣ ਵਿਚ ਦੇਰੀ ਦਾ ਮੁੱਖ ਕਾਰਨ ਪੰਜਾਬ ਦੇ ਪਿਛਲੇ ਚਾਰ ਸਾਲ ਦੇ ਹਾਲਾਤ ਹਨ — ਜਿਸ ਸਮੇਂ ਚੋਣ ਕਰਵਾਉਣੀ ਮੁਮਕਿਨ ਹੀ ਨਹੀਂ ਸੀ। ਲੋਕਾਂ ਨੂੰ ਆਪਣੀ ਜਾਨ ਦਾ ਖਤਰਾ ਬਣਿਆ ਹੋਇਆ ਸੀ - ਉਹ ਚੋਣ ਬਾਰੇ ਕਿੱਥ ਸੋਚ ਸਕਦੇ ਸਨ।

ਪਿਛਲੇ ਦੋ ਸਾਲ ਦੌਰਾਨ ਕੁਝ ਲੀਡਰ ਇਨੇ ਵਿਵਾਦ-ਗ੍ਰਸਤ ਹੋ ਗਏ ਹਨ ਕਿ ਸਮੁੱਚੀ ਸਿੱਖ ਕਮਿਊਨਿਟੀ ਦਾ ਧਿਆਨ ਹੀ ਉਨ੍ਹਾਂ ਉਤੇ ਕੇਂਦਰਿਤ ਹੋ ਗਿਆ ਹੈ। ਅਜਿਹੇ ਵਿਅਕਤੀਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਸ਼ਾਮਲ ਹਨ ਜੋ ਇਸ ਸਮੇਂ ਸਭ ਤੋਂ ਵੱਧ ਵਿਵਾਦ ਦਾ ਵਿਸ਼ਾ ਬਣੇ ਹੋਏ ਹਨ। ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਸਮੇਂ ਜਥੇਦਾਰ ਟੌਹੜਾ ਵਰਗੇ ਵਿਵਾਦ-ਗ੍ਰਸਤ ਵਿਅਕਤੀਆਂ ਨੂੰ ਇਸ ਸੰਸਥਾ ਦੀ ਸਰਬ-ਉਚਤਾ ਨੂੰ ਸਾਹਮਣੇ ਰੱਖਦਿਆਂ ਆਪਣੇ ਆਪ ਹੀ ਪਿਛੇ ਹਟ ਜਾਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਜਿੰਨੇ ਮੋਰਚੇ ਵੀ ਇਸ ਪਾਰਟੀ ਨੇ ਲੜੇ ਹਨ — ਸਭ ਸ਼ਾਂਤੀ-ਪੂਰਬਕ ਅਤੇ ਅਹਿੰਸਾ ਤੇ ਅਧਾਰਤ ਲੜੇ ਹਨ। ਇਹ ਗੱਲ ਹਮੇਸ਼ਾ ਅਕਾਲੀ ਦਲ ਦੇ ਪੱਖ ਵਿਚ ਗਈ ਹੈ। ਫੈਡਰੇਸ਼ਨ ਦੇ ਪ੍ਰਧਾਨ ਹਰਿੰਦਰ ਸਿੰਘ ਕਾਹਲੋਂ ਨੇ ਵੀ ਸ਼੍ਰੋਮਣੀ ਕਮੇਟੀ ਦੀ ਸਰਬ-ਉਚਤਾ ਨੂੰ ਮੰਨਿਆ ਹੈ ਪਰ ਇਸ ਨੂੰ 'ਰੱਦ' ਕਰਨ ਪਿਛੇ ਉਨ੍ਹਾਂ ਕਿਹਾ ਕਿ ਇਸ ਦੀ ਮਿਆਦ ਖਤਮ ਹੋ ਚੁੱਕੀ ਹੈ।

ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਇਸ ਸਮੇਂ ਇਹ ਫਰਜ਼ ਬਣਦਾ ਹੈ ਕਿ ਜੇ ਸਿੱਖਾਂ ਦੀ ਬਹੁ ਗਿਣਤੀ ਉਨ੍ਹਾਂ ਨਾਲ ਹੈ, ਤਾਂ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਆਪਣੇ ਪੱਖ ਦੇ ਵਿਅਕਤੀ ਖੜ੍ਹੇ ਕਰਨ ਤੇ ਪੰਜਾਬ ਦੇ ਆਮ ਸਿੱਖਾਂ ਤੋਂ ਫਤਵਾ ਲੈਣ ਕਿ ਉਨ੍ਹਾਂ ਦੀਆਂ ਕਾਰਵਾਈਆਂ ਨਾਲ ਸਿੱਖਾਂ ਦੀ ਬਹੁ-ਗਿਣਤੀ ਸਹਿਮਤ ਹੈ।

ਪਰ ਪਿਛਲਾ ਸੱਠ ਸਾਲ ਦਾ ਇਤਿਹਾਸ ਇਹ ਦੱਸਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਰਗੀ ਸਿੱਖਾਂ ਵਿਚ ਮਕਬੂਲ ਜਥੇਬੰਦੀ ਨੂੰ ਹਰਾਉਣਾ ਦਮਦਮੀ ਟਕਸਾਲ ਜਾਂ ਫੈਡਰੇਸ਼ਨ ਲਈ ਕਾਫੀ ਔਖਾ ਹੋਵੇਗਾ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਮੁੱਚੀ ਸਿੱਖ ਕਮਿਊਨਿਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦਾ ਹੀ ਸਮਰਥਨ ਕਰਦੀ ਆਈ ਹੈ। ਕਦੇ ਸਾਧ ਸੰਗਤ ਬੋਰਡ ਬਣਦੇ ਰਹੇ, ਕਦੀ ਮਾਲਵਾ ਅਕਾਲੀ ਦਲ ਬਣਿਆ — ਕਈ ਹੋਰਾਂ ਨੇ ਵੀ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਕਰਨ ਦੇ ਯਤਨ ਕੀਤੇ ਪਰ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਹੀ ਇਸ ਕਮੇਟੀ ਉਤੇ ਹਾਵੀ ਰਿਹਾ ਹੈ।

ਜਿਨ੍ਹਾਂ ਕੱਟੜਪੰਥੀ ਵਿਚਾਰਾਂ ਨੂੰ ਕੁਝ ਸੰਸਥਾਵਾਂ ਵਲੋਂ ਅਪਣਾਇਆ ਜਾ ਰਿਹਾ ਹੈ — ਉਸ ਕੱਟੜਪੰਥੀ ਵਿਚਾਰਾਂ ਦੇ ਪੰਜਾਬ ਦੇ ਖੁਲ੍ਹੇ ਡੁਲ੍ਹੇ ਸੁਭਾਅ ਵਾਲੇ ਲੋਕ ਉਝ ਵਿਰਤਨ ਹੀ ਵਿਰੋਧੀ ਹਨ। ਇਸੇ ਕਾਰਨ ਸ਼੍ਰੋਮਣੀ ਕਮੇਟੀ ਦੇ ਵਿਧਾਨ ਵਿਚ ਸਹਿਜਧਾਰੀ ਸਿੱਖਾਂ ਨੂੰ ਵੀ ਵੋਟ ਪਾਉਣ ਦਾ ਹੱਕ ਹਾਸਲ ਹੈ। ਬੇਸ਼ਕ ਸ਼੍ਰੋਮਣੀ ਕਮੇਟੀ ਦਾ ਮੈਂਬਰ ਪੂਰਨ ਗੁਰਸਿੱਖ ਹੀ ਹੋ ਸਕਦਾ ਹੈ। ਇਸ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਇਹ ਪਲੇਟਫਾਰਮ ਮੁਹੱਈਆਂ ਕਰਨ ਦਾ ਸਾਧਨ ਬਣਨਗੀਆਂ ਕਿ ਸਮੁੱਚੀ ਸਿੱਖ ਕਮਿਊਨਿਟੀ ਦੀਆਂ ਆਸ਼ਾਵਾਂ ਕੀ ਹਨ!

ਇਹ ਗੱਲ ਵੱਖਰੀ ਹੈ ਕਿ ਜੋ ਹਾਲਾਤ ਇਸ ਵੇਲੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਨ, ਉਨ੍ਹਾਂ ਨਾਲ ਸਿਖ ਕਮਿਊਨਿਟੀ ਕਿਸ ਤਰ੍ਹਾਂ ਨਿਪਟਦੀ ਹੈ।

# ਵੈਜੰਤੀ ਮਾਲਾ ਵਲੋਂ ਟੀ. ਵੀ. ਅਧਿਕਾਰੀਆਂ ਉਤੇ ਦੋਸ਼

ਨਵੀਂ ਦਿੱਲੀ — ਲੋਕ ਸਭਾ ਦੀ ਮੈਂਬਰ ਸ੍ਰੀਮਤੀ ਵੈਜੰਤੀ ਮਾਲਾ ਨੇ ਦੂਰਦਰਸ਼ਨ ਅਧਿਕਾਰੀਆਂ ਉਤੇ ਕੰਮਾਂ ਦੇ ਰਾਹ ਵਿਚ ਅੜਿਕਾ ਪਾਉਣ ਦਾ ਦੋਸ਼ ਲਾਇਆ ਹੈ। ਸ੍ਰੀਮਤੀ ਵੈਜੰਤੀ ਮਾਲਾ ਨੇ ਕਿਹਾ ਕਿ 'ਏਕਤਾ' ਵੀਡੀਓ ਫਿਲਮਾਂ ਦੀ ਰਿਕਾਰਡਿੰਗ ਲਈ ਸਾਜ਼ੋ ਸਮਾਨ ਲੈਣ ਲਈ ਪ੍ਰਧਾਨ ਮੰਤਰੀ ਤਕ ਪਹੁੰਚ ਕਰਨੀ ਪਈ।

ਏਕਤਾ ਵੀਡੀਓ ਫਿਲਮ ਵਿਚ ਪਿਛਲੇ 100 ਸਾਲਾਂ ਦਾ ਇਤਿਹਾਸ ਵਿਖਾਇਆ ਗਿਆ ਹੈ ਅਤੇ 1857 ਦੇ ਗਦਰ ਤੋਂ ਸ਼ੁਰੂ ਹੁੰਦੀ ਹੈ ਅਤੇ ਸ੍ਰੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੇ ਉਪਰੰਤ ਖਤਮ ਹੁੰਦੀ ਹੈ। 'ਏਕਤਾ' ਨੂੰ ਪਹਿਲੀ ਵੇਰ ਨ੍ਰਿਤ ਨਾਟ ਦੇ ਰੂਪ ਵਿਚ ਪਿਛਲੇ ਸਾਲ 29 ਦਸੰਬਰ ਨੂੰ ਬੰਬਈ ਵਿਚ ਕਾਂਗਰਸ ਦੇ ਸ਼ਤਾਬਦੀ ਸਮਾਰੋਹ ਸਮੇਂ ਬੰਬਈ ਵਿਚ ਪੇਸ਼ ਕੀਤਾ ਗਿਆ ਸੀ। ਇਸ ਵਿਚ ਕੋਈ 70 ਕਲਾਕਾਰਾਂ ਨੇ ਭਾਗ ਲਿਆ ਹੈ। ਇਸ ਨੂੰ 14 ਫਰਵਰੀ ਤੋਂ ਦੂਰਦਰਸ਼ਨ ਤੋਂ ਪੇਸ਼ ਕੀਤਾ ਗਿਆ।

# ਚੰਡੀਗੜ੍ਹ ਦਾ ਮਾਮਲਾ ਖਟਾਈ 'ਚ ਕਿਵੇਂ ਪਿਆ?



ਹਰਿਆਣੇ ਦਾ ਮੁੱਖ ਮੰਤਰੀ
ਚੌ: ਭਜਨ ਲਾਲ



ਪੰਜਾਬ ਦਾ ਮੁੱਖ ਮੰਤਰੀ
ਸ: ਸੁਰਜੀਤ ਸਿੰਘ ਬਰਨਾਲਾ

25 ਜਨਵਰੀ ਦਾ ਦਿਨ ਸੁਰਜੀਤ ਸਿੰਘ ਬਰਨਾਲਾ ਅਤੇ ਭਜਨ ਲਾਲ ਲਈ ਸੰਕਟ ਦਾ ਦਿਨ ਸੀ। ਦੋਵੇਂ ਮੁਖ ਮੰਤਰੀ ਉਤਰੀ ਬਲਾਕ ਵਿਚੋਂ ਜਿਥੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਦਫਤਰ ਹਨ, ਆਪੋ ਆਪਣੀਆਂ ਕਾਰਾਂ ਤੇਜ਼ੀ ਨਾਲ ਲੈ ਕੇ ਨਿਕਲੇ। ਕਾਰਾਂ ਵਿਚ ਸੁਰਜੀਤ ਸਿੰਘ ਬਰਨਾਲਾ ਅਤੇ ਭਜਨ ਲਾਲ ਤਣੇ ਬੈਠੇ ਸਨ, ਉਨ੍ਹਾਂ ਦੀਆਂ ਅੱਖਾਂ ਵਿਚ ਗੁੱਸਾ ਸਾਫ ਝਲਕ ਰਿਹਾ ਸੀ। ਉਹ ਕੇਂਦਰੀ ਗ੍ਰਹਿ ਮੰਤਰੀ ਐਸ. ਬੀ. ਚਵਾਨ ਨਾਲ 45 ਮਿੰਟ ਗੱਲਾਂਬਾਤਾਂ ਵਿਚ ਦੂਰੋ ਦੂਰੀ ਹੋ ਕੇ ਆਏ ਸਨ।

ਰਾਤ ਦੇ ਗਿਆਰਾਂ ਵੱਜ ਰਹੇ ਸਨ। 26 ਜਨਵਰੀ ਦਾ 'ਰੀਪਬਲਿਕ ਡੇ' ਦਾ ਦਿਨ ਚੜ੍ਹਨ ਵਾਲਾ ਸੀ ਅਤੇ ਉਸ ਦਿਨ ਚੰਡੀਗੜ੍ਹ ਪੰਜਾਬ ਵਿਚ ਚਲੇ ਜਾਣਾ ਸੀ। ਅਤੇ ਕੁਝ ਹਿੰਦੀ ਬੋਲਦੇ ਇਲਾਕੇ ਹਰਿਆਣੇ ਵਿਚ ਸ਼ਾਮਲ ਹੋਣ ਵਾਲੇ ਸਨ — ਇਸ ਤਰ੍ਹਾਂ ਜੁਲਾਈ 24, 1985 ਨੂੰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਦੇ ਪੂਰਾ ਕਰਨ ਵਿਚ ਪਹਿਲਾ ਕਦਮ ਚੁਕਿਆ ਜਾਣਾ ਸੀ।

ਘੜੀ ਦੀਆਂ ਸੂਈਆਂ ਤੇਜ਼ੀ ਨਾਲ ਅੱਗੇ ਵੱਧ ਰਹੀਆਂ ਸਨ ਪਰ ਪੰਜਾਬ ਸਮਝੌਤੇ ਦਾ ਹੱਲ ਪਿਛੇ ਨੂੰ ਜਾ ਰਿਹਾ ਸੀ। ਇਕ ਦਿਨ ਪਹਿਲਾਂ ਮੈਥਿਊ ਕਮਿਸ਼ਨ ਦੀ ਰੀਪੋਰਟ ਨੇ ਅਜੀਬ ਸਥਿਤੀ ਪੈਦਾ ਕਰ ਦਿਤਾ ਸੀ। ਰੀਪੋਰਟ ਵਿਚ ਕਿਹਾ ਗਿਆ ਸੀ 83 ਪਿੰਡ ਹਿੰਦੀ ਬੋਲਦੇ ਹਨ ਪਰ ਉਹ ਹਰਿਆਣੇ ਨੂੰ ਇਸ ਲਈ ਨਹੀਂ ਦਿਤੇ ਜਾ ਸਕਦੇ ਕਿਉਂਕਿ ਕੰਦੂਖੇੜਾ ਉਨ੍ਹਾਂ ਨੂੰ ਹਰਿਆਣੇ ਨਾਲ ਲੱਗਣ ਤੋਂ ਦੀਵਾਰ ਬਣ ਖੜੋਤਾ ਹੈ।

ਚਵਾਨ ਦੇ ਦਫਤਰ ਵਿਚਲੀ ਮੀਟਿੰਗ ਅਖੀਰਲੀ ਸੀ, ਉਸ ਤੋਂ ਪਹਿਲਾਂ ਇਸ ਸੰਕਟ ਨੂੰ ਹੱਲ ਕਰਨ ਲਈ ਕਈ ਮੀਟਿੰਗਾਂ ਹੋ ਚੁੱਕੀਆਂ ਸਨ। ਇਨ੍ਹਾਂ ਮੀਟਿਗਾਂ ਵਿਚ 83 ਪਿੰਡਾਂ ਦੀ ਥਾਂ ਉਤੇ ਪੰਜਾਬ-ਹਰਿਆਣਾ ਸਰਹੱਦ ਉਤੇ ਹੋਰ ਲੱਗਦੇ ਪਿੰਡਾਂ ਨੂੰ ਹਰਿਆਣੇ ਨੂੰ ਦਿਤੇ ਜਾਣ ਬਾਰੇ ਸੋਚਿਆ ਗਿਆ ਪਰ ਦੋਵੇਂ ਮੁਖ ਮੰਤਰੀ ਇਸ ਉਤੇ ਵੀ ਸਹਿਮਤ ਨਾ ਹੋ ਸਕੇ।

ਇਸੇ ਸੰਕਟ ਵਿਚ 26 ਜਨਵਰੀ ਦਾ ਦਿਨ ਚੜ੍ਹ ਗਿਆ। ਸਰਕਾਰ ਦੇ ਕਦਮ ਥਿੜਕ ਗਏ - ਜਿਸ ਸਮਝੌਤੇ ਨੂੰ ਪੰਜਾਬ ਦੇ ਸੰਕਟ ਦੇ ਹੱਲ ਵਜੋਂ ਉਭਾਰਿਆ ਗਿਆ ਸੀ ਉਸਦਾ ਭਵਿੱਖ ਫਿਰ ਅਨਿਸਚਤਤਾ ਵੱਲ ਵਧਣਾ ਸ਼ੁਰੂ ਹੋ ਗਿਆ।

ਬਿਨਾਂ ਝਿਜਕੇ 26 ਜਨਵਰੀ ਦੀ ਸਵੇਰ ਦੋਵਾਂ ਮੰਤਰੀਆਂ ਨੇ ਹਾਲਾਤਾਂ ਨੂੰ ਆਪਣੇ ਆਪਣੇ ਢੰਗ ਨਾਲ ਪੇਸ਼ ਕੀਤਾ। ਬਰਨਾਲਾ ਨੇ ਕਿਹਾ ਕਿ ਮੈਥਿਊ ਕਮਿਸ਼ਨ ਦੀ ਰੀਪੋਰਟ ਨੇ ਪੰਜਾਬ ਦੇ ਸਟੈਂਡ ਦੀ ਪੁਸ਼ਟੀ ਕੀਤੀ ਹੈ ਅਤੇ ਇਸ ਤਰ੍ਹਾਂ ਅਬੋਹਰ ਅਤੇ ਫਾਜ਼ਿਲਕਾ ਹੁਣ ਹਰਿਆਣੇ ਨੂੰ ਨਹੀਂ ਦਿੱਤੇ ਜਾ ਸਕਦੇ। ਅਬੋਹਰ ਅਤੇ ਫਾਜ਼ਿਲਕਾ ਪੰਜਾਬ ਵਿਚ ਰਹਿਣ ਕਾਰਨ ਪੰਜਾਬ ਦੀ ਜਿੱਤ ਹੋਈ ਹੈ। ਸ: ਬਰਨਾਲਾ ਨੇ ਕਿਹਾ, "ਪੰਜਾਬ ਨੂੰ ਹੁਣ ਚੰਡੀਗੜ੍ਹ ਮਿਲ ਕੇ ਹੀ ਰਹੇਗਾ — ਇਹ ਅੱਜ ਮਿਲ ਜਾਏ - ਜਾਂ ਕੱਲ੍ਹ ਮਿਲ ਜਾਵੇ। ਇਸ ਨੂੰ ਹੁਣ ਕੋਈ ਰੋਕ ਨਹੀਂ ਸਕਦਾ ਦੂਜੇ ਪਾਸੇ ਭਜਨ ਲਾਲ ਨੇ ਇਹ ਫੜ੍ਹ ਮਾਰੀ ਕਿ ਉਸ ਦੀ ਮਰਜ਼ੀ ਦੇ ਇਲਾਕੇ ਦੇਣ ਤੋਂ ਬਿਨਾਂ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿਤਾ ਜਾ ਸਕਦਾ।

ਸੱਚ ਅਸਲ ਵਿਚ ਇਹ ਹੈ ਕਿ ਜਿੱਤ ਨਾ ਪੰਜਾਬ ਦੀ ਹੋਈ ਹੈ ਨਾ ਹਰਿਆਣੇ ਦੀ — ਅਸਲ ਵਿਚ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਨੂੰ ਨਾ ਜਾਣ ਨਾਲ ਸਭ ਧਿਰਾਂ ਦੀ ਹਾਰ ਹੋਈ ਹੈ। ਅਤੇ ਰਾਜੀਵ ਗਾਂਧੀ ਇਹ ਕਹਿਕੇ ਬਚਾਅ ਕਰ ਰਿਹਾ ਹੈ ਕਿ ਅਸੀਂ ਤਾਂ ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਪਰ ਗੱਲ ਸਿਰੇ ਨਾ ਚੜ੍ਹੀ। ਰਾਜੀਵ ਗਾਂਧੀ ਨੇ ਸਾਬਕਾ ਗਵਰਨਰ ਅਰਜਨ ਸਿੰਘ, ਅਰੁਨ ਨਹਿਰੂ, ਅਰੁਨ ਸਿੰਘ ਅਤੇ ਪੀ. ਸ਼ਿਵ ਸ਼ੰਕਰ ਨੂੰ ਨੀਯਤ ਕੀਤਾ ਸੀ ਕਿ ਉਹ ਚੰਡੀਗੜ੍ਹ ਦੇ ਮਾਮਲੇ ਨੂੰ ਕਿਸੇ ਸਿਰੇ ਲਾਉਣ। ਅਰਜਨ ਸਿੰਘ ਨੇ ਆਪਣਾ ਡੇਰਾ ਕਪੂਰਥਲਾ ਹਾਊਸ ਵਿਚ ਲਾਈ ਰੱਖਿਆ। ਦਸ ਦਿਨਾਂ ਦੇ ਅੰਦਰ ਉਹ ਬਰਨਾਲਾ ਅਤੇ ਬਲਵੰਤ ਸਿੰਘ ਨੂੰ ਘੱਟੋ ਘੱਟ ਛੇ ਵਾਰ ਮਿਲਿਆ — ਉਸਨੇ ਭਜਨ ਲਾਲ ਨਾਲ ਦੋ ਮੀਟਿੰਗਾਂ ਕੀਤੀਆਂ। ਇਹ ਸਾਰੀਆਂ ਮੀਟਿੰਗਾਂ ਰਾਜੀਵ ਗਾਂਧੀ ਦੇ ਨਿਵਾਸ ਅਸਥਾਨ 7, ਰੇਸ ਕੋਰਸ ਰੋਡ ਉਤੇ ਹੋਈਆਂ ਤਾਂ ਕਿ ਭੇਦ ਰਹੇ ਅਤੇ ਨਾਲ ਹੀ ਰਾਜੀਵ ਗਾਂਧੀ ਨਾਲ ਸਲਾਹ ਮਸ਼ਵਰਾ ਹੁੰਦਾ ਰਹੇ। ਸਾਰੇ ਸੰਕਟ ਦੇ ਬਾਵਜੂਦ ਅਰਜਨ ਸਿੰਘ ਦਾ ਕਹਿਣਾ ਹੈ: "ਸਾਡੀ ਕੋਸ਼ਿਸ਼ ਇਹ ਹੀ ਰਹੀ ਹੈ ਕਿ ਸਮਝੌਤਾ ਰਲਮਿਲ ਕੇ ਹੀ ਸਿਰੇ ਚੜ੍ਹਾਇਆ ਜਾ ਸਕਦਾ ਹੈ। ਸਾਨੂੰ ਅਜੇ ਵੀ ਆਸ ਹੈ ਕਿ ਗੱਲ ਸਿਰੇ ਲੱਗ ਜਾਵੇਗੀ। ਗੁੱਸਾ ਕੁਝ ਦਿਨਾਂ ਬਾਅਦ ਘੱਟ ਜਾਵੇਗਾ ਅਤੇ ਗੱਲ ਸਿਰੇ ਲੱਗ ਜਾਵੇਗੀ।"

ਪਰ ਸਾਰੇ ਦੇਸ਼ ਦਾ ਧਿਆਨ ਇਸ ਪਾਸੇ ਵੱਲ ਸੀ ਕਿ ਪੰਜਾਬ ਸਮਝੌਤੇ ਦਾ ਸਿਰੇ ਨਾ ਚੜ੍ਹਨਾ ਦੁਰਭਾਗ ਦੀ ਗੱਲ ਹੈ। ਇਸ ਸਮਝੌਤੇ ਨੂੰ ਸਿਰੇ ਨਾ ਚੜ੍ਹਨ ਦੇਣ ਲਈ ਕਈ ਕਾਰਨ ਜ਼ਿੰਮੇਵਾਰ ਹਨ। ਬੋਲੀ ਦੇ ਆਧਾਰ ਉਤੇ ਮਰਦਮਸ਼ੁਮਾਰੀ ਨੇ ਦੋਵਾਂ ਸੂਬਿਆਂ ਵਿਚ ਬੇਲੋੜਾ ਖਿਚਾਅ ਵਧਾਇਆ — ਫਿਰਕੂ ਆਧਾਰ ਉਤੇ ਮਰਦਮ-ਸ਼ੁਮਾਰੀ ਹੋਈ ਜਿਸ ਨਾਲ ਲੋਕਾਂ ਵਿਚ ਤਣਾਅ ਵਧਿਆ। ਹਰਿਆਣੇ ਵਿਚ ਵਿਰੋਧੀ ਧਿਰਾਂ ਨੇ ਪਹਿਲਾਂ ਹੀ ਲੋਕਾਂ ਦੇ ਜਜ਼ਬਾਤ ਭੜਕਾ ਕੇ ਕਮਿਸ਼ਨ ਦੇ ਫੈਸਲੇ ਨੂੰ ਬੇਅਸਰ ਬਣਾ ਦਿਤਾ।

## ਕੇਂਦਰ ਨੇ ਹਰਿਆਣੇ ਦੇ ਲੀਡਰ ਦੀ ਜ਼ਬਾਨ-ਬੰਦੀ ਨਾ ਕੀਤੀ

ਸਭ ਤੋਂ ਵੱਧ ਕਸੂਰ ਕਾਂਗਰਸ(ਆਈ) ਦੀ ਲੀਡਰਸ਼ਿਪ ਦਾ ਗਿਣਿਆ ਜਾ ਰਿਹਾ ਹੈ ਜਿਸ ਨੇ ਹਰਿਆਣੇ ਦੇ ਮੁੱਖ ਮੰਤਰੀ ਨੂੰ 'ਬਗਾਵਤ' ਦੇ ਰਾਹ ਜਾਣ ਤੋਂ ਨਾ ਰੋਕਿਆ। ਦੂਜੇ ਪਾਸੇ ਪੰਜਾਬ ਸਰਕਾਰ ਨੇ ਵੀ ਸਤਲੁਜ ਯਮਨਾ ਲਿੰਕ ਨਹਿਰ ਦੇ ਪ੍ਰੋਜੈਕਟ ਵਿਚ ਦੇਰੀ ਕੀਤੀ।

ਰਾਜੀਵ ਗਾਂਧੀ ਦੋਵਾਂ ਪਾਸਿਓਂ ਤੋਂ ਹੀ ਸ਼ਕੰਜੇ ਵਿਚ ਸੀ। ਜਾਂ ਤਾਂ ਉਹ ਹਰਿਆਣੇ ਨੂੰ ਵਿਰੋਧੀ ਪਾਰਟੀਆਂ ਦੀ ਝੋਲੀ ਵਿਚ ਪਾ ਦਿੰਦੇ ਜਾਂ ਫਿਰ ਪੰਜਾਬ ਨੂੰ ਚੰਡੀਗੜ੍ਹ ਨਾ ਦੇ ਕੇ ਅਕਾਲੀ ਸਰਕਾਰ ਵਿਚ ਲੋਕਾਂ ਦਾ ਵਿਸ਼ਵਾਸ਼ ਖਤਮ ਕਰਾਉਂਦਾ ਅਤੇ ਪੰਜਾਬ ਨੂੰ ਗਰਮਦਲੀਆਂ ਦੀ ਝੋਲੀ ਵਿਚ ਸੁੱਟ ਦਿੰਦਾ। ਇਨਸਾਫ ਪੰਜਾਬ ਨੂੰ ਨਹੀਂ ਮਿਲਿਆ। ਜਿਸ ਨਾਲ ਪੰਜਾਬ ਵਿਚ ਅਮਨ ਦੀ ਸੰਭਾਵਨਾ ਨੂੰ ਵੱਡਾ ਧੱਕਾ ਲੱਗਾ ਹੈ।

ਇਸ ਸਮੇਂ ਦੋਵੇਂ ਸੂਬਾ ਸਰਕਾਰਾਂ ਦੂਜੇ ਹਦਬੰਦੀ ਕਮਿਸ਼ਨ ਦੇ ਮੁਕੱਰਰ ਹੋਣ ਸਮੇਂ ਇਕ ਦੂਜੇ ਦੇ ਪਿੰਡ ਹਥਿਆਉਣ ਲਈ ਸਰਗਰਮ ਹਨ। ਪਾਣੀ ਕਮਿਸ਼ਨ ਬਣਨ ਨਾਲ ਇਹ ਯੁੱਧ ਤਿੰਨਾਂ ਸੂਬਿਆਂ ਵਿਚ ਫੈਲ ਜਾਣ ਦਾ ਖਤਰਾ ਹੈ। ਹਰਿਆਣਾ ਅਤੇ ਪੰਜਾਬ ਨਾਲ ਰਾਜਸਥਾਨ ਵੀ ਐਜੀਟੇਸ਼ਨਾਂ ਦੀ ਲਪੇਟ ਵਿਚ ਆ ਜਾਵੇਗਾ। ਇਸ ਨਾਲ ਸਥਿਤੀ ਹੋਰ ਵੀ ਖਰਾਬ ਹੋਵੇਗੀ।

ਇਹ ਹਾਲਾਤ ਖਰਾਬ ਕਰਨ ਦੀ ਜ਼ਿੰਮੇਵਾਰੀ ਤੋਂ ਕੇਂਦਰ ਸਰਕਾਰ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦੀ। ਮੈਥਿਊ ਕਮਿਸ਼ਨ ਦਾ ਸਫਲ ਨਾ ਹੋਣਾ ਕੇਂਦਰ ਸਰਕਾਰ ਦੀਆਂ ਗ਼ਲਤ ਧਾਰਾਵਾਂ ਦਾ ਨਤੀਜਾ ਹੈ। ਜਿਸਦੇ ਸਿਟੇ ਵਜੋਂ ਭਜਨ ਲਾਲ ਨੂੰ ਇਹ ਮੌਕਾ ਮਿਲਿਆ ਕਿ ਉਹ ਪੰਜਾਬ ਦੇ 400 ਪਿੰਡਾਂ ਉਤੇ ਆਪਣਾ ਦਾਅਵਾ ਕਰ ਸਕੇ ਜਦੋਂ ਕਿ ਉਹ ਪਿੰਡ ਹਰਿਆਣੇ ਦੇ ਨਾਲ ਨਹੀਂ ਲੱਗਦੇ। ਕਮਿਸ਼ਨ ਦਾ ਮਕਸਦ ਚੰਡੀਗੜ੍ਹ ਦੀ ਥਾਂ ਚੰਡੀਗੜ੍ਹ ਨਾਲ ਲਗਦੇ ਹਿੰਦੀ ਬੋਲਦੇ ਇਲਾਕੇ ਸ਼ਾਮਲ ਕਰਨ ਦਾ ਸੀ ਪਰ ਅਬੋਹਰ ਅਤੇ ਫਾਜ਼ਿਲਕਾ ਦੇ ਇਲਾਕੇ ਵਿਚ ਘਸੀਟ ਲਿਆਂਦੇ ਗਏ। ਕਮਿਸ਼ਨ ਦਾ ਸਮਾਂ ਮੁੜ ਮੁੜ ਵਧਾਇਆ ਗਿਆ। ਜਦ ਕਿ 31 ਦਸੰਬਰ ਤੱਕ ਫੈਸਲਾ ਦੇ ਦਿਤਾ ਜਾਣਾ ਚਾਹੀਦਾ ਸੀ। ਪਰ ਉਹ ਤਿੰਨ ਹਫਤੇ ਲੇਟ ਕੀਤਾ ਗਿਆ। ਅਸਲ ਦੋਸ਼ੀ ਕੇਂਦਰ ਦੀ ਸਰਕਾਰ ਹੈ ਕਿਉਂਕਿ ਕਮਿਸ਼ਨ ਨੇ ਨਵੰਬਰ ਵਿਚ ਹੀ ਮਰਦਮ-ਸ਼ੁਮਾਰੀ ਬਾਰੇ ਕਿਹਾ ਸੀ ਪਰ ਸਰਕਾਰ 15 ਜਨਵਰੀ ਤੱਕ ਸੁੱਤੀ ਰਹੀ।

ਨਵੀਂ ਦਿੱਲੀ ਵਿਚ ਵੀ ਸਿਆਸੀ ਲੀਡਰ ਆਪਣੀਆਂ ਚਾਲਾਂ ਚਲਦੇ ਰਹੇ ਬਹੁਤੇ ਤਾਂ ਹਰਿਆਣੇ ਦੇ ਹੱਕ ਵਿਚ ਸਨ। ਇਸੇ ਕਾਰਨ ਇਕ ਵਾਰ ਇਕ ਮੀਟਿੰਗ ਲਈ ਕੇਂਦਰੀ ਵਜ਼ੀਰ ਅਤੇ ਭਜਨ ਲਾਲ ਉਡੀਕਦੇ ਰਹੇ ਪਰ ਬਰਨਾਲਾ ਉਸ ਮੀਟਿੰਗ ਉਤੇ ਨਾ ਪਹੁੰਚਿਆ। ਇਹ ਅਜਿਹਾ ਵਾਤਾਵਰਣ ਬਣ ਚੁਕਿਆ ਸੀ ਜਿਸ ਵਿਚ ਚੰਡੀਗੜ੍ਹ ਵਰਗੇ ਪੇਚੀਦਾ ਮਾਮਲੇ ਨੂੰ ਨਜਿਠਿਆ ਜਾਣਾ ਹੀ ਸੰਭਵ ਨਹੀਂ ਸੀ। ਹਰਿਆਣੇ ਦੇ ਉਹ ਵਿਧਾਇਕ ਜੋ ਛੇ ਮਹੀਨੇ ਪਹਿਲਾਂ ਰਾਜੀਵ-ਲੌਂਗੋਵਾਲ ਸਮਝੌਤੇ ਨੂੰ 'ਜੀਅ ਆਇਆਂ' ਕਹਿ ਰਹੇ ਸਨ, ਉਥੇ ਹੁਣ ਚੰਡੀਗੜ੍ਹ ਪੰਜਾਬ ਨੂੰ ਦੇਣ ਉਤੇ ਅਸਤੀਫਿਆਂ ਦੀਆਂ ਧਮਕੀਆਂ ਦੇ ਰਹੇ ਸਨ।

## ਭਜਨ ਲਾਲ ਦੀਆਂ ਚਾਲਾਂ

ਭਜਨ ਲਾਲ ਇਕ ਪਾਸੇ ਲੋਕ ਦਲ ਨੇਤਾ ਚੌਧਰੀ ਦੇਵੀ ਲਾਲ ਵਲੋਂ ਮਿਲੇ ਰਾਜਸੀ ਚੈਲੰਜ ਨੂੰ ਖੁੰਢਾ ਕਰਨ ਵੱਲ ਲੱਗਾ ਹੋਇਆ ਸੀ ਪਰ ਇਸ ਨਾਲ ਹੀ ਉਸਨੇ ਅਜਿਹਾ ਮਾਹੌਲ ਪੈਦਾ ਕਰ ਦਿਤਾ ਜਿਸ ਨਾਲ ਸਮਝੌਤੇ ਦੀ ਪੂਰਤੀ ਸੰਭਵ ਨਹੀਂ ਸੀ। ਜਦੋਂ ਉਸਨੂੰ ਪਤਾ ਲੱਗ ਗਿਆ ਕਿ ਕੰਦੂ-ਖੇੜਾ ਪਿੰਡ ਕਾਰਨ ਉਸਨੂੰ ਉਹ ਇਲਾਕੇ ਨਹੀਂ ਮਿਲਣਗੇ ਤਾਂ ਉਸਨੇ ਰਾਜਸਥਾਨ ਨਾਲ ਸੌਦਾ ਕਰਨਾ ਸ਼ੁਰੂ ਕੀਤਾ ਜਿਸ ਨਾਲ ਪੰਜਾਂਬ ਦੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨਾਲ ਲੱਗ ਸਕਣ। ਰਾਜਸਥਾਨ ਨੂੰ ਕੁਝ ਪਿੰਡ ਦੇ ਦਵਾ ਕੇ ਭਜਨ ਲਾਲ ਅਬੋਹਰ ਅਤੇ ਫਾਜ਼ਿਲਕਾ ਹਥਿਆਉਣ ਦੇ ਚੱਕਰ ਵਿਚ ਸੀ ਪਰ ਬਰਨਾਲਾ ਨੇ ਐਲਾਨ ਕਰ ਦਿਤਾ ਕਿ 'ਕੰਦੂਖੇੜਾ ਖੈਬਰ ਦੱਰੇ ਵਾਂਗ ਹੈ। ਇਹ ਪਿੰਡ ਸਾਨੂੰ ਹਰਿਆਣੇ ਦੇ ਸਰਸਾ ਅਤੇ ਹਿਸਾਰ ਜ਼ਿਲਿਆਂ ਦੇ 500 ਪਿੰਡਾਂ ਨਾਲ ਜੋੜਦਾ ਹੈ ਜੋ ਪੰਜਾਬੀ ਬੋਲਦੇ ਇਲਾਕੇ ਹਨ।'

25 ਜਨਵਰੀ ਨੂੰ ਕੇਂਦਰੀ ਲੀਡਰਾਂ ਦੇ ਭਾਅ ਦੀ ਬਣੀ। ਉਨ੍ਹਾਂ ਸਾਰੀ ਰਾਤ ਕਿਸੇ ਨਾ ਕਿਸੇ ਢੰਗ ਨਾਲ ਸਮਝੌਤਾ ਸਿਰੇ ਚੜ੍ਹਾਉਣ ਲਈ ਕੋਸ਼ਿਸ਼ ਕੀਤੀ। 24 ਜਨਵਰੀ ਨੂੰ ਅਰਜਨ ਸਿੰਘ ਬਰਨਾਲੇ ਨੂੰ ਦੋ ਵਾਰੀ ਮਿਲਿਆ। ਫਿਰ ਰਾਜੀਵ ਗਾਂਧੀ ਨਾਲ ਇਕ ਘੰਟੇ ਤੋਂ ਵੱਧ ਅਰਜਨ ਸਿੰਘ ਦੀ ਗੱਲਬਾਤ ਹੁੰਦੀ ਰਹੀ।

(ਬਾਕੀ ਪੰਨਾ 6 ਤੇ)

# ਪਾਰਲੀਮੈਂਟ ਦੇ ਬਜਟ ਸੈਸ਼ਨ 'ਚ ਚੰਡੀਗੜ੍ਹ ਦਾ ਮਾਮਲਾ ਉਠੇਗਾ

ਚੰਡੀਗੜ੍ਹ — ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਚੰਡੀਗੜ੍ਹ ਨੂੰ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਨਾ ਕੀਤੇ ਜਾਣ ਦਾ ਮਸਲਾ ਪਾਰਲੀਮੈਂਟ ਦੇ ਵੀਹ ਫਰਵਰੀ ਤੋਂ ਸ਼ੁਰੂ ਹੋਏ ਬਜਟ ਸੈਸ਼ਨ ਵਿਚ ਚਰਚਾ ਦਾ ਮੁਖ ਵਿਸ਼ਾ ਹੋਵੇਗਾ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਵਿਚ ਸੱਤਾਧਾਰੀ ਕਾਂਗਰਸ (ਆਈ) ਪਾਰਟੀ ਲਈ ਪੰਜਾਬ ਦੀ ਮੌਜੂਦਾ ਸਥਿਤੀ ਮੁੜ ਇਕ ਚੁਣੌਤੀ ਬਣੀ ਹੋਈ ਹੈ। ਵਿਰੋਧੀ ਪਾਰਟੀਆਂ ਵਲੋਂ ਸੱਤਾਧਾਰੀ ਪਾਰਟੀ ਨੂੰ ਇਸ ਸਾਰੀ ਸਥਿਤੀ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਕਿਉਂਕਿ ਇਨ੍ਹਾਂ ਪਾਰਟੀਆਂ ਅਨੁਸਾਰ ਕੇਂਦਰ ਸਰਕਾਰ ਪੰਜਾਬ ਸਮਝੌਤੇ ਨੂੰ ਅਮਲੀ ਰੂਪ ਦੇਣ ਵਿਚ 'ਜਾਣ ਬੁਝ ਕੇ' ਦੇਰੀ ਕਰ ਰਹੀ ਹੈ।

ਅਕਾਲੀ ਦਲ ਪਾਰਲੀਮਾਨੀ ਪਾਰਟੀ ਦੇ ਨੇਤਾ, ਅਕਾਲੀ ਦਲ ਦੇ ਸਟੈਂਡ ਦੀ ਹਮਾਇਤ ਕਰਨ ਵਾਲੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਮਿਲ ਕੇ ਇਕ ਸਾਂਝੀ 'ਯੁੱਧਨੀਤੀ' ਤਿਆਰ ਕਰ ਰਹੇ ਹਨ ਤਾਂ ਕਿ ਪੰਜਾਬ ਸਮਝੌਤੇ ਨੂੰ ਸਮੇਂ ਸਿਰ ਅਮਲੀ ਰੂਪ ਨਾਂ ਦੇਣ ਵਿਚ ਵਿਖਾਈ ਰਕਾਰ ਦੀ ਕਮਜ਼ੋਰੀ ਨੂੰ ਲੋਕਾਂ ਸਾਹਮਣੇ ਨੰਗਾ ਕੀਤਾ ਜਾ ਸਕੇ।

ਸ. ਚਰਨਜੀਤ ਸਿੰਘ ਵਾਲੀਆ, ਮੈਂਬਰ ਲੋਕ ਸਭਾ (ਅਕਾਲੀ ਦਲ) ਨੇ ਇਥੇ ਦੱਸਿਆ ਕਿ ਤੇਲਗੂ ਦੇਸਮ, ਜਨਤਾ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਮਾਰਕਸੀ ਕਮਿਊਨਿਸਟ ਪਾਰਟੀ, ਭਾਰਤੀ ਜਨਤਾ ਪਾਰਟੀ ਤੇ ਹੋਰ ਚੋਤਰੀ ਪਾਰਟੀਆਂ ਦੇ ਮੈਂਬਰ ਚੰਡੀਗੜ੍ਹ ਮਸਲੇ ਉਤੇ ਅਕਾਲੀ ਦਲ ਦੇ ਸਟੈਂਡ ਦੀ ਹਮਾਇਤ ਕਰਨਗੇ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਚੁਣੇ ਗਏ ਕਾਂਗਰਸ (ਆਈ) ਪਾਰਟੀ ਦੇ ਲੋਕ ਸਭਾ ਦੇ ਮੈਂਬਰ ਵੀ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਅਕਾਲੀ ਦਲ ਦੇ ਸਟੈਂਡ ਦੀ ਪੂਰੀ ਹਮਾਇਤ ਕਰਨਗੇ।

# ਤੂਰ ਦੇ ਕਾਤਲ ਦੀ 'ਫੋਟੋ ਕਿਟ' ਜਾਰੀ

ਲੰਡਨ — ਬਰਤਾਨੀਆ ਦੀ ਖੁਫੀਆ ਪੁਲੀਸ ਸਕਾਟਲੈਂਡ ਯਾਰਡ ਨੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਜਨਰਲ ਸਕੱਤਰ ਤਰਸੇਮ ਸਿੰਘ ਤੂਰ ਦੀ ਹੱਤਿਆ ਅਤੇ ਬਰਤਾਨੀਆ ਵਿਚ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਐਸ ਐਸ ਸੰਧੂ 'ਤੇ ਕਾਤਲਾਨਾ ਹਮਲੇ ਦੇ ਸਿਲਸਿਲੇ ਵਿਚ ਲਗਪਗ 26-27 ਸਾਲਾਂ ਦੇ ਇਕ ਏਸ਼ਿਆਈ ਯੁਵਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਯੁਵਕ ਦੀ 'ਫੋਟੋ ਕਿਟ' ਜਾਰੀ ਕਰਦਿਆਂ ਸਕਾਟਲੈਂਡ ਯਾਰਡ ਨੇ ਕਿਹਾ ਕਿ ਇਸ ਉਤੇ ਦੋਹਾਂ ਅਪਰਾਧਾਂ ਦਾ ਮੁਖ ਦੋਸ਼ੀ ਹੋਣ ਦਾ ਸ਼ੱਕ ਹੈ। ਇਥੇ ਵਰਨਣਯੋਗ ਹੈ ਕਿ 'ਫੋਟੋ ਕਿਟ' ਗਵਾਹਾਂ ਵਲੋਂ ਦਿਤੇ ਹੁਲੀਏ ਦੇ ਆਧਾਰ 'ਤੇ ਤਿਆਰ ਕੀਤੀ ਕਿਸੇ ਵਿਅਕਤੀ ਦੀ ਤਸਵੀਰ ਹੁੰਦੀ ਹੈ। ਇਸ ਤਸਵੀਰ ਨੂੰ ਟੈਲੀਵੀਜ਼ਨ ਤੇ ਵੀ ਵਿਖਾਇਆ ਗਿਆ।

ਪੁਲੀਸ ਵੱਲੋਂ ਦੱਸੇ ਹੁਲੀਏ ਅਨੁਸਾਰ ਇਹ ਵਿਅਕਤੀ ਕਣਕ-ਵੰਨੇ ਰੰਗ ਦਾ ਏਸ਼ਿਆਈ ਹੈ। ਉਸ ਦੀ ਉਮਰ 26 ਤੋਂ 30 ਸਾਲਾਂ ਦੇ ਦਰਮਿਆਨ ਹੈ ਅਤੇ ਉਹ ਛੇ ਫੁਟ ਲੰਬਾ ਹੈ। ਪੁਲੀਸ ਨੂੰ ਸ਼ੱਕ ਹੈ ਕਿ ਉਸ ਨੇ ਸ੍ਰੀ ਤੂਰ ਦੀ ਹੱਤਿਆ ਦੀ ਘਟਨਾ ਲਈ ਇਕ ਸਫੈਦ ਫੋਰਡ ਕਾਰ ਦੀ ਵਰਤੋਂ ਕੀਤੀ। ਇਥੇ ਵਰਨਣਯੋਗ ਹੈ ਕਿ ਹਤਿਆਰੇ ਨੇ 23 ਜਨਵਰੀ ਦੀ ਰਾਤ ਨੂੰ ਸਾਊਥਾਲ ਵਿਚ ਸ੍ਰੀ ਤੂਰ ਦੇ ਸਿਰ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਪਰੋਕਤ ਕਾਰ ਬਾਅਦ ਵਿਚ ਇਕ ਅਣਦੱਸੀ ਥਾਂ 'ਤੇ ਖੜ੍ਹੀ ਮਿਲੀ। ਪੁਲੀਸ ਵਲੋਂ ਕੀਤੀ ਤਫਤੀਸ਼ ਦੇ ਆਧਾਰ 'ਤੇ ਇਹ ਤੱਥ ਸਾਹਮਣੇ ਆਇਆ ਕਿ ਇਹ ਸੈਕੰਡ-ਹੈਂਡ ਕਾਰ ਉਕਤ ਏਸ਼ਿਆਈ ਨੇ ਤੂਰ ਦੇ ਕਤਲ ਤੋਂ ਕੁਝ ਕੁ ਘੰਟੇ ਪਹਿਲਾਂ ਖਰੀਦੀ।

ਸ੍ਰੀ ਤੂਰ ਦੀ ਹੱਤਿਆ ਤੋਂ ਤੁਰਤ ਪਿਛੋਂ ਪੁਲੀਸ ਨੂੰ ਇਹ ਦੱਸਿਆ ਗਿਆ ਸੀ ਕਿ ਹੱਤਿਆਰਾ ਗੋਰੀ ਨਸਲ ਦਾ ਸੀ। ਪੁਲੀਸ ਨੂੰ ਉਸ ਦਾ ਹੁਲੀਆ ਸ੍ਰੀ ਤੂਰ ਦੀ ਸ਼ਰਾਬ ਦੀ ਦੁਕਾਨ ਦੇ ਇਕ ਮੁਲਾਜ਼ਮ ਨੇ ਬਿਆਨ ਕੀਤਾ ਸੀ ਜਿਹੜਾ ਕਿ ਹੱਤਿਆ ਦਾ ਇਕੋ ਇਕ ਚਸ਼ਮਦੀਦ ਗਵਾਹ ਸੀ। ਸ੍ਰੀ ਤੂਰ ਦੇ ਨਜ਼ਦੀਕੀ ਸਿਆਸੀ ਸਹਿਯੋਗੀਆਂ ਤੇ ਪਰਿਵਾਰ ਦੇ ਮੈਂਬਰਾਂ ਦੀ ਰਾਏ ਸੀ ਕਿ ਸ੍ਰੀ ਤੂਰ ਦੀ ਗੋਰਿਆਂ ਨਾਲ ਕੋਈ ਦੁਸ਼ਮਣੀ ਨਹੀਂ ਸੀ ਅਤੇ ਉਨ੍ਹਾਂ ਦੀ ਹੱਤਿਆ ਸਿੱਖ ਅਤਿਵਾਦੀਆਂ ਨੇ ਭਾੜੇ ਦੇ ਕਾਤਲ ਪਾਸੋਂ ਕਰਵਾਈ। ਇਥੇ ਵਰਨਣਯੋਗ ਹੈ ਕਿ ਸ੍ਰੀ ਤੂਰ ਜੋ ਕਿ ਪੰਜਾਬ ਦੇ ਸਾਬਕਾ ਮੁਖ ਮੰਤਰੀ ਦਰਬਾਰਾ ਸਿੰਘ ਦੇ ਰਿਸ਼ਤੇਦਾਰ ਸਨ, ਸਿੱਖ ਅਤਿਵਾਦੀਆਂ ਦੇ ਕੱਟੜ ਵਿਰੋਧੀ ਸਮਝੇ ਜਾਂਦੇ ਸਨ। ਹੁਣ ਪੁਲੀਸ ਦੀ ਤਫਤੀਸ਼ ਦੇ ਆਧਾਰ 'ਤੇ ਇਹ ਤੱਥ ਸਾਹਮਣੇ ਆਉਣ ਨਾਲ ਕਿ ਹਤਿਆਰਾ ਏਸ਼ਿਆਈ ਸੀ, ਇਹ ਵਿ ਸ਼ਵਾਸ਼ ਪੱਕਾ ਹੋ ਗਿਆ ਹੈ ਕਿ ਤੂਰ ਦੀ ਹੱਤਿਆ ਮੁਕੰਮਲ ਤੌਰ 'ਤੇ ਸਿਆਸੀ ਸੀ।

'ਫੋਟੋ ਕਿਟ' ਜਾਰੀ ਕਰਨ ਦੇ ਨਾਲ ਨਾਲ ਪੁਲੀਸ ਨੇ ਇਹ ਵੀ ਸਪਸ਼ਟ ਕੀਤਾ ਕਿ ਸ੍ਰੀ ਤੂਰ ਦੇ ਕਤਲ ਦਾ ਸਬੰਧ ਨਸ਼ੀਲੇ ਪਦਾਰਥਾਂ ਦੀ ਵਿਕਰੀ ਜਾਂ ਸਮਗਲਿੰਗ ਨਾਲ ਨਹੀਂ। ਇਥੇ ਵਰਨਣਯੋਗ ਹੈ ਕਿ ਕੁਝ ਸਿੱਖ ਅਤਿਵਾਦੀਆਂ ਨੇ ਇਹ ਸੰਕੇਤ ਦਿਤਾ ਸੀ ਕਿ ਤੂਰ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਦੇ ਧੰਦੇ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਦਾ ਕਤਲ ਵੀ ਇਸੇ ਕਾਰਨ ਹੋਇਆ।

ਪੁਲੀਸ ਨੂੰ ਇਹ ਵੀ ਸ਼ੱਕ ਹੈ ਕਿ ਉਕਤ ਕਾਤਲ ਹੀ ਸ੍ਰੀ ਸੰਧੂ 'ਤੇ ਹਮਲੇ ਲਈ ਜ਼ਿੰਮੇਵਾਰ ਸੀ। ਸ੍ਰੀ ਤੂਰ ਵਾਂਗ ਸ੍ਰੀ ਸੰਧੂ ਵੀ ਅਤਿਵਾਦੀਆਂ ਦੇ ਕੱਟੜ ਵਿਰੋਧੀ ਸਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਦਾ ਖੁਲ੍ਹੇਆਮ ਵਿਰੋਧ ਕਰਨ ਵਿਚ ਚੰਗੇ ਸਰਗਰਮ ਰਹੇ ਸਨ।

# "ਕਾਰ ਸੇਵਾ ਵਾਲਿਆਂ ਨੂੰ ਤੰਗ ਕੀਤਾ ਜਾ ਰਿਹੈ"

ਅੰਮ੍ਰਿਤਸਰ — ਸ੍ਰੀ ਅਕਾਲ ਤਖਤ ਦੀ 'ਕਾਰ ਸੇਵਾ' ਦੇ ਕੰਮ ਦੀ ਦੇਖ-ਰੇਖ ਕਰ ਰਹੇ ਪੰਜ ਸਿੱਖ ਧਾਰਮਿਕ ਨੇਤਾਵਾਂ ਨੇ ਦੋਸ਼ ਲਗਾਇਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਤਾਇਨਾਤ ਸੁਰੱਖਿਆ ਦਲਾਂ ਦੇ ਜਵਾਨ 'ਕਾਰ ਸੇਵਾ' ਲਈ ਆਉਣ ਵਾਲੇ ਵਾਲੰਟੀਅਰਾਂ ਅਤੇ ਹੋਰ ਸ਼ਰਧਾਲੂਆਂ ਨੂੰ 'ਪਰੇਸ਼ਾਨ' ਕਰ ਰਹੇ ਹਨ।

ਸਿੱਖ ਸੰਤਾਂ ਨੇ ਰਾਜ ਸਰਕਾਰ ਨੂੰ ਸਥਿਤੀ ਨੂੰ ਵਿਗੜਨੋਂ ਬਚਾਉਣ ਲਈ ਦਰਬਾਰ ਸਾਹਿਬ ਦੇ ਦੁਆਲਿਓਂ ਘੇਰਾ ਉਠਾ ਲੈਣ ਦੀ ਸਲਾਹ ਦਿਤੀ ਹੈ। ਇਸੇ ਦੌਰਾਨ ਦਮਦਮੀ ਟਕਸਾਲ ਦੇ ਬੁਲਾਰੇ ਸ੍ਰੀ ਮੋਹਕਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਕਾਰ ਸੇਵਾ' ਲਈ ਆਉਣ ਵਾਲੇ ਸ਼ਰਧਾਲੂਆਂ ਦੀ 'ਫੋਲਾ ਫਾਲੀ' ਕੀਤੇ ਜਾਣ ਅਤੇ ਉਨ੍ਹਾਂ ਨੂੰ 'ਪਰੇਸ਼ਾਨ' ਕੀਤੇ ਜਾਣ ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਚਿਤਾਵਨੀ ਦਿਤੀ ਕਿ ਸਰਕਾਰ ਵਲੋਂ ਇਸ ਵਰਤਾਰੇ ਨੂੰ ਰੋਕ ਨਾ ਕੀਤੇ ਜਾਣ ਦੇ ਨਾਖੁਸ਼ਗਵਾਰ ਨਤੀਜੇ ਨਿਕਲਣਗੇ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਹੋਵੇਗੀ।

# ਟਕਸਾਲ ਨਾਲ ਗੱਲਬਾਤ ਨਹੀਂ — ਟੌਹੜਾ

ਅੰਮ੍ਰਿਤਸਰ — ਸ਼ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਸਪਸ਼ਟ ਤੌਰ 'ਤੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ ਬਾਰੇ ਦਮਦਮੀ ਟਕਸਾਲ ਨਾਲ ਗੱਲਬਾਤ ਚਲਾ ਰਹੇ ਹਨ। ਇਥੋਂ ਪੰਦਰਾਂ ਕਿਲੋਮੀਟਰ ਦੂਰ ਹਵਾਈ ਅੱਡੇ ਉਪਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਮੁੜ ਦੁਹਰਾਈ ਪ੍ਰੰਤੂ ਕਿਹਾ ਕਿ ਸ਼ਰੋਮਣੀ ਕਮੇਟੀ ਦੇ ਅਧਿਕਾਰਾਂ ਅਤੇ ਪੰਜ ਤਖਤਾਂ ਦੇ ਜਥੇਦਾਰਾਂ ਦੇ ਮਾਮਲੇ 'ਤੇ ਬੁਨਿਆਦੀ ਸਿਧਾਂਤਾਂ ਉਪਰ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਕ ਪ੍ਰਸ਼ਨ ਦੇ ਉਤਰ ਵਿਚ ਸ੍ਰੀ ਟੌਹੜਾ ਨੇ ਕਿਹਾ ਕਿ ਉਹ ਵਾਰ ਵਾਰ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਸਰਕਾਰ ਨੂੰ ਕਹਿ ਚੁੱਕੇ ਹਨ ਪ੍ਰੰਤੂ ਸਰਕਾਰ ਨੇ ਅਜੇ ਕੋਈ ਹੁੰਗਾਰਾ ਨਹੀਂ ਭਰਿਆ।

# ਸੀ. ਪੀ. ਆਈ. ਦੀ ਸੂਬਾ ਕਾਨਫਰੰਸ 27 ਨੂੰ

ਮੰਡੀ ਗੋਬਿੰਦਗੜ੍ਹ — ਭਾਰਤੀ ਕਮਿਊਨਿਸਟ ਪਾਰਟੀ ਦੀ ਤੇਰ੍ਹਵੀਂ ਸੂਬਾਈ ਕਾਨਫਰੰਸ 27 ਫਰਵਰੀ ਨੂੰ ਮੰਡੀ ਗੋਬਿੰਦਗੜ੍ਹ ਵਿਚ ਹੋ ਰਹੀ ਹੈ


INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937


## ਲਿੰਕ ਨਹਿਰ ਦੀ ਉਸਾਰੀ 'ਚ ਹੇਰਾਫੇਰੀ ਦਾ ਦੋਸ਼

ਖਰੜ, (ਪੱਤਰ ਪ੍ਰੇਰਕ) - ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਵਿਚ ਭਾਰੀ ਹੇਰਾਫੇਰੀਆਂ ਹੋਣ ਦਾ ਦੋਸ਼ ਲਗਾਇਆ ਗਿਆ ਹੈ।

ਅਮਨ ਕੋਆਪਰੇਟਿਵ ਐਲ. ਸੀ. ਸੁਸਾਇਟੀ ਖਰੜ ਦੇ ਪ੍ਰਧਾਨ ਸ੍ਰੀ ਬਲਜੀਤ ਸਿੰਘ ਨੇ ਮੁੱਖ ਮੰਤਰੀ ਪੰਜਾਬ ਦੇ ਨਾਂ ਇਕ ਚਿੱਠੀ ਵਿਚ ਕਿਹਾ ਹੈ ਕਿ ਐਸ. ਵਾਈ. ਐਲ. ਨਹਿਰ ਦੀ ਬੁਰਜੀ ਨੰ. 42 ਤੋਂ 43 ਤਕ ਦਾ ਕੰਮ ਅਧਿਕਾਰੀਆਂ ਨੇ ਕੁਝ ਚੁਣੇ ਹੋਏ ਤੇ ਅਫਸਰਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਕੁਝ ਗਿਣੇ ਮਿਣੇ ਠੇਕੇਦਾਰਾਂ ਨੂੰ ਹੀ ਦਿੱਤੇ ਹਨ ਤੇ ਕਈ ਸੁਸਾਇਟੀਆਂ ਨੂੰ ਟੈਂਡਰ ਫਾਰਮ ਹੀ ਨਹੀਂ ਦਿੱਤੇ ਗਏ ਜਿਸ ਕਾਰਨ ਉਹ ਆਪਣਾ ਰੇਟ ਦੇਣ ਤੋਂ ਵਾਂਝੇ ਰਹਿ ਗਏ।

ਉਨ੍ਹਾਂ ਦੋਸ਼ ਲਗਾਇਆ ਕਿ ਇਕ ਪੁਰਾਣੇ ਠੇਕੇਦਾਰ ਜਿਸ ਨੇ ਆਨੰਦਪੁਰ ਹਾਈਡਲ ਚੈਨਲ ਵਿਖੇ ਸੀਮਿੰਟ ਦੀ ਥਾਂ ਰੇਤ ਵਰਤਿਆ ਸੀ, ਨੂੰ ਹੀ ਇਹ ਕੰਮ ਦੇ ਦਿੱਤਾ ਹੈ। ਜਦੋਂ ਕਿ ਇਹ ਕੰਮ ਸਰਕਾਰ ਦੀ ਨੀਤੀ ਅਨੁਸਾਰ ਸਥਾਨਕ ਕਾਮਿਆਂ ਤੇ ਐਲ. ਸੀ. ਸਭਾ ਨੂੰ ਦਿੱਤਾ ਜਾ ਸਕਦਾ ਸੀ।


To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.


AVTAR S. RANDHAWA

Six times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

(ਪੰਨਾ 4 ਦੀ ਬਾਕੀ)

ਚਵਾਨ ਅਤੇ ਅਰਜਨ ਸਿੰਘ ਅਖੀਰਲੇ ਸਮੇਂ ਤੱਕ ਕੋਸ਼ਿਸ਼ ਵਿਚ ਲੱਗੇ ਰਹੇ ਪਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਿਸਫਲ ਗਈਆਂ। ਚਵਾਨ ਨੇ ਆਖਰ ਕਿਹਾ 'ਅਸੀਂ ਚਾਹੁੰਦੇ ਸਾਂ ਕਿ ਇਹ ਗੱਲਬਾਤ ਖ਼ੁਸ਼ੀ ਨਾਲ ਸਿਰੇ ਚੜ੍ਹ ਜਾਵੇ ਪਰ ਅਸੀਂ ਵਕਤ ਤੋਂ ਪਛੜ ਗਏ ਹਾਂ।'

ਆਖਰੀ ਚਾਲ ਰਾਜੀਵ ਗਾਂਧੀ ਨੇ ਫਿਰ ਚੱਲੀ। ਖਜ਼ਾਨਾ ਮੰਤਰੀ ਵਿਸ਼ਵਾਪ੍ਰਤਾਪ ਸਿੰਘ ਨੂੰ ਰਾਸ਼ਟਰਪਤੀ ਜ਼ੈਲ ਸਿੰਘ ਕੋਲ ਸਲਾਹ ਲਈ ਭੇਜਿਆ ਗਿਆ ਪਰ ਜ਼ੈਲ ਸਿੰਘ ਨੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿਤੀ। ਫਿਰ ਅਰਜਨ ਸਿੰਘ ਨੇ ਪੰਜਾਬ ਅਤੇ ਹਰਿਆਣਾ ਦੇ ਕਾਂਗਰਸੀ ਪਾਰਲੀਮੈਂਟ ਮੈਂਬਰਾਂ ਦੀ ਮੀਟਿੰਗਾਂ ਸੱਦੀ ਪਰ ਉਹ ਵੀ ਆਪੋ ਆਪਣੇ ਸੂਬੇ ਅਨੁਸਾਰ ਬੋਲਦੇ ਰਹੇ।

ਜਨਤਾ ਪਾਰਟੀ ਦੇ ਪ੍ਰਧਾਨ ਚੰਦਰ ਸ਼ੇਖਰ ਨੇ ਕਿਹਾ: 'ਹੁਣ ਤਾਂ ਪੰਜਾਬ ਸਮਝੌਤੇ ਦੀ ਰੂਹ ਹੀ ਖਤਮ ਕਰ ਦਿਤੀ ਗਈ ਹੈ।'

ਲਾਉਣ ਦੇ ਹੁਕਮ ਦੇ ਦਿਤੇ ਸਨ। ਬਹੁਤੇ ਕੇਸਾਂ ਦਾ ਨਿਪਟਾਰਾ ਨਵੀਂ ਦਿੱਲੀ ਵਿਚ ਹੋਇਆ ਸੀ ਇਸ ਤਰ੍ਹਾਂ ਪਿਛਲੇ ਹਫਤਿਆਂ ਵਿਚ ਅਫਸਰ ਚੰਡੀਗੜ੍ਹ ਅਤੇ ਦਿੱਲੀ ਵਿਚਕਾਰ ਘੁੰਮਦੇ ਰਹੇ ਸਨ। ਇਕ ਅਫਸਰ ਨੇ ਤਿੰਨ ਮਹੀਨਿਆਂ ਦੌਰਾਨ 46 ਗੇੜੇ ਦਿੱਲੀ ਦੇ ਲਾਏ ਸਨ ਤਾਕਿ ਲੋੜੀਂਦੀ ਕਾਰਵਾਈ ਮੁਕੰਮਲ ਹੋ ਸਕੇ।

26 ਜਨਵਰੀ ਨੂੰ 18,000 ਕਰਮਚਾਰੀ ਪੰਜਾਬ ਵਿਚ ਚਲੇ ਜਾਣੇ ਸਨ ਅਤੇ 4000 ਨੇ ਹਰਿਆਣੇ ਵਿਚ ਜਾਣਾ ਸੀ ਪਰ 26 ਜਨਵਰੀ ਦੀ ਸਵੇਰ ਉਹ ਆਪੋ ਆਪਣੀਆਂ ਕੁਰਸੀਆਂ ਉਤੇ ਇਸ ਘਟੀਆ ਮਖੌਲ ਦਾ ਸ਼ਿਕਾਰ ਹੋਏ ਬੈਠੇ ਸਨ।

ਹਰਿਆਣੇ ਦੇ ਵੀ ਕੁਝ ਜਾਇਜ਼ ਗਿਲੇ ਹਨ। ਸਤਲੁਜ ਯਮਨਾ ਲਿੰਕ ਨਹਿਰ ਦਾ ਕੰਮ ਵਿਚ ਦੇਰੀ ਇਕ ਅਜਿਹਾ ਕਰਨਾ ਹੈ। ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਇਹ 15 ਅਗਸਤ 1986 ਤੱਕ ਮੁਕੰਮਲ ਨਹੀਂ ਹੋ ਸਕੇਗੀ। ਹਰਿਆਣਾ ਕਹਿ ਰਿਹਾ ਹੈ ਕਿ ਉਹ ਪੰਜਾਬ ਨੂੰ ਪੈਸੇ ਦੇ ਰਿਹਾ ਹੈ ਪਰ ਪੰਜਾਬ ਸਰਕਾਰ ਚੁੱਪ ਬੈਠੀ ਹੈ। ਉਧਰ ਪੰਜਾਬ ਦੇ ਰੋਪੜ ਦੇ ਕਿਸਾਨ ਐਜੀਟੇਸ਼ਨ ਕਰ ਰਹੇ ਹਨ ਕਿ ਉਨ੍ਹਾਂ ਦੀ ਉਪਜਾਊ ਜ਼ਮੀਨ ਮਾਰ ਹੇਠ ਆ ਜਾਵੇਗੀ।



ਭਜਨ ਲਾਲ, ਰਾਜੀਵ ਗਾਂਧੀ, ਬਰਨਾਲਾ, ਅਰਜਨ ਸਿੰਘ

ਸ਼ਾਇਦ ਸਭ ਤੋਂ ਵੱਡਾ ਨੁਕਤਾ ਜਿਸਨੇ ਇਹ ਸਮਝੌਤਾ ਸਿਰੇ ਨਾ ਚੜ੍ਹਨ ਦਿਤਾ ਅਬੋਹਰ ਅਤੇ ਫਾਜ਼ਿਲਕਾ ਵਿਚ ਮਰਦਮ ਸ਼ੁਮਾਰੀ ਕਰਵਾਉਣ ਦਾ ਗਲਤ ਫੈਸਲਾ ਸੀ। 2000 ਵਰਕਰ ਮਰਦਮ ਸ਼ੁਮਾਰੀ ਲਈ ਭੇਜੇ ਗਏ, ਸੀ. ਆਰ. ਪੀ. ਭੇਜੀ ਗਈ। ਆਖਰੀ ਸਮੇਂ ਇਸ ਕਦਮ ਨੇ ਪੰਜਾਬ ਸਮਝੌਤੇ ਦੀ ਰੂਹ ਅਸਲੋਂ ਹੀ ਖਤਮ ਕਰ ਦਿੱਤੀ।

ਦੋਵਾਂ ਸੂਬਿਆਂ ਵਿਚ ਹਰ ਇਕ ਵਿਅਕਤੀ ਇਹੀ ਸੋਚ ਰਿਹਾ ਸੀ ਕਿ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬੀ ਨੂੰ ਦੇ ਹੀ ਦਿਤਾ ਜਾਣਾ ਹੈ। ਚੰਡੀਗੜ੍ਹ ਦਾ ਸ਼ਹਿਰ ਪੰਜਾਬ ਵਿਚ ਜਾਣ ਲਈ ਮੁਕੰਮਲ ਤਿਆਰੀ ਕਰੀ ਬੈਠਾ ਸੀ।

## ਕ਼ਰਮਚਾਰੀਆਂ ਨਾਲ 'ਘਟੀਆ ਮਜ਼ਾਕ'

ਕਈ ਹਫਤਿਆਂ ਤੋਂ ਜੰਗੀ ਪੱਧਰ ਉਤੇ ਤਿਆਰੀਆਂ ਹੋ ਰਹੀਆਂ ਸਨ। 25-26 ਜਨਵਰੀ ਦੀ ਰਾਤ ਨੂੰ ਅਫਸਰ ਅਤੇ ਸਟੇਟ ਬੈਂਕ ਵਾਲਿਆਂ ਨੇ 3000 ਬਿੱਲ ਪਾਸ ਕਰਕੇ 1 ਕਰੋੜ ਦੀ ਰਕਮ ਤਨਖਾਹਾਂ, ਮੈਡੀਕਲ ਬਿੱਲਾਂ ਆਦਿ ਦੀ ਅਦਾ ਕਰ ਦਿਤੀ ਸੀ। ਸੈਂਕੜੇ ਕਰਮਚਾਰੀ ਜੋ ਪੱਕੇ ਨਹੀਂ ਸਨ ਹੋਏ ਤੇ 1970 ਤੋਂ ਪੱਕੀਆਂ ਨੌਕਰੀਆਂ ਦੀ ਉਡੀਕ ਵਿਚ ਸਨ — ਪੱਕੇ ਕਰ ਦਿੱਤੇ ਗਏ ਸਨ। ਇਕ ਕਰਮਚਾਰੀ ਨੂੰ ਕੇਵਲ ਤਰੱਕੀ ਹੀ ਨਾ ਮਿਲੀ ਸਗੋਂ 20,000 ਰੁਪਏ ਬਕਾਏ ਵਜੋਂ ਵੀ ਮਿਲ ਗਏ ਸਨ। ਖੇਡਾਂ ਦੇ ਵਿਭਾਗ ਨੇ ਆਪਣਾ ਛੇ ਲੱਖ ਦਾ ਬਜਟ ਖਿਡਾਰੀਆਂ ਨੂੰ ਇਨਾਮਾਂ ਵਿਚੋਂ ਵੰਡ ਦਿਤਾ ਸੀ। ਇੰਜਨੀਅਰਿੰਗ ਵਿਭਾਗ ਨੇ ਚੰਡੀਗੜ੍ਹ ਦੀਆਂ ਗਲੀਆਂ ਵਿਚ ਆਮ ਬਲਬ ਲਾਹ ਕੇ ਨਵੇਂ ਮਰਕਰੀ ਲੈਂਪ

## ਜਸਟਿਸ ਮੈਥਿਊ



ਮਰਦਮ ਸ਼ੁਮਾਰੀ ਦੇ ਫੈਸਲੇ ਨੇ ਬੇਲੋੜਾ ਖਿਚਾਅ ਵਧਾਇਆ

ਪੰਜਾਬ ਦੀਆਂ ਸਮੱਸਿਆਵਾਂ ਆਪਣੀਆਂ ਹਨ। ਬਰਨਾਲਾ ਦਾ ਕਹਿਣਾ ਹੈ ਕਿ 'ਨਹਿਰ ਉਤੇ ਕੰਮ ਦਰਬਾਰਾ ਸਿੰਘ ਸਰਕਾਰ ਨੇ ਰੋਕਿਆ। ਉਸਨੇ ਜ਼ਮੀਨ ਨਾ ਖਰੀਦੀ ਅਤੇ ਨਾ ਹੀ ਆਖਰੀ ਫੈਸਲਾ ਕੀਤਾ। ਪ੍ਰਧਾਨਗੀ ਰਾਜ ਸਮੇਂ ਹਰਿਆਣਾ ਅਤੇ ਕੇਂਦਰੀ ਸਰਕਾਰ ਨੇ ਜ਼ਮੀਨ ਲਈ ਕੋਈ ਪੈਸਾ ਨਾ ਦਿਤਾ। ਹੁਣ ਉਹ ਸਾਨੂੰ ਦੋਸ਼ ਦੇ ਰਹੇ ਹਨ। ਅਸੀਂ ਖੁਦਾਈ ਕਿਥੇ ਕਰੀਏ ?"

ਪਰ ਅਕਾਲੀ ਰੀਕਾਰਡ ਵੀ ਠੀਕ ਨਹੀਂ ਹੈ। ਕੇਂਦਰ ਸਰਕਾਰ ਨੇ ਫੰਡ ਦੇਣ ਦਾ ਵਾਅਦਾ ਕੀਤਾ ਤੇ ਇਹ ਵੀ ਕਿਹਾ ਕਿ ਉਜੜੇ ਪ੍ਰਵਾਰਾਂ ਨੂੰ ਮੁਕੰਮਲ ਸਹਾਇਤਾ ਦਿਤੀ ਜਾਵੇਗੀ ਪਰ ਅਕਾਲੀ ਸਰਕਾਰ ਨੇ ਇਸ ਪਾਸੇ ਕੋਈ ਕਦਮ ਨਹੀਂ ਚੁਕਿਆ।

ਇਸੇ ਕਾਰਨ ਹੁਣ ਮੁਖ ਜ਼ੋਰ ਹਰਿਆਣੇ ਦਾ ਨਹਿਰ ਦੇ ਮਾਮਲੇ ਉਤੇ ਲੱਗਾ ਹੋਇਆ ਹੈ। ਹਰਿਆਣੇ ਦੇ ਕਾਂਗਰਸੀ (ਆਈ) ਪ੍ਰਧਾਨ ਚੌਧਰੀ ਬਰਿੰਦਰ ਸਿੰਘ ਦਾ ਕਹਿਣਾ ਹੈ ਕਿ 'ਪੰਜਾਬ ਨਹਿਰ ਦੀ ਖੁਦਾਈ ਕਰਨ ਤੋਂ ਇਨਕਾਰੀ ਹੈ - ਇਸ ਲਈ ਪੰਜਾਬ ਸਮਝੌਤੇ ਉਤੇ ਉਨੀ ਦੇਰ ਅਮਲ ਰੋਕ ਦੇਣਾ ਠੀਕ ਹੈ ਜਦ ਤੱਕ ਨਹਿਰ ਮੁਕੰਮਲ ਨਹੀਂ ਹੁੰਦੀ।'

### ਰਾਜੀਵ ਦੀ ਸਮੱਸਿਆ

ਰਾਜੀਵ ਗਾਂਧੀ ਦੀ ਵੱਡੀ ਸਿਆਸੀ ਭੁੱਲ ਭਜਨ ਲਾਲ ਨੂੰ ਨਾ ਰੋਕਣਾ ਹੈ ਜੋ ਰਾਜੀਵ-ਲੌਂਗੋਵਾਲ ਸਮਝੌਤਾ 1985 ਦੀ ਉਸ ਦੀ ਇਤਿਹਾਸਕ ਜਿੱਤ ਸੀ ਉਥੇ 1986 ਦੀ ਇਹ ਸਭ ਤੋਂ ਵੱਡੀ ਹਾਰ ਹੈ। ਜੇ ਰਾਜੀਵ ਨੂੰ ਮੁਸ਼ਕਲਾਂ ਦਾ ਅਹਿਸਾਸ ਸੀ ਤਾਂ ਉਸਨੂੰ ਅਮਲੀ ਤੌਰ ਉਤੇ ਕੁਝ ਕਰਨਾ ਬਣਦਾ ਸੀ ਪਰ ਅਮਲੀ ਤੌਰ ਉਤੇ ਪਹਿਲੇ ਕਦਮ ਉਤੇ ਹੀ ਰਾਜੀਵ ਲੜਖੜਾ ਰਿਹਾ ਨਜ਼ਰ ਆ ਰਿਹਾ ਹੈ। ਉਹ ਮੁੜ ਅਮਲੀ ਕਦਮ ਚੁੱਕਣ ਵੱਲ ਤੁਰ ਸਕਦਾ ਹੈ — ਜਦ ਦੋਵਾਂ ਧਿਰਾਂ ਦਾ ਗੁੱਸਾ ਸ਼ਾਂਤ ਹੋ ਜਾਵੇ ਤਾਂ ਕੁਝ ਲੈ ਦੇ ਕਰਕੇ ਸਮਝੌਤਾ ਅਜੇ ਵੀ ਸਿਰੇ ਚੜ੍ਹ ਸਕਦਾ ਹੈ ਪਰ ਪਿਛਲੇ ਦਿਨਾਂ ਦੀਆਂ ਕਾਰਵਾਈਆਂ ਤੋਂ ਇਸ ਉਤੇ ਸੰਦੇਹ ਹੋਣ ਲਗਦਾ ਹੈ।

('ਇੰਡੀਆ ਟੂ ਡੇ' ਦੇ ਧੰਨਵਾਦ ਸਹਿਤ)

# ਦਿੱਲੀ ਬੰਦ ਦੌਰਾਨ ਬਜ਼ਾਰਾਂ 'ਚ ਸੁੰਨਸਾਨ

ਨਵੀਂ ਦਿੱਲੀ — ਬੱਸ ਕਿਰਾਏ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਵਾਧੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਵਿਰੋਧੀ ਪਾਰਟੀਆਂ ਵਲੋਂ ਦਿੱਲੀ ਬੰਦ ਦੇ ਸੱਦੇ ਨੂੰ ਕਾਫੀ ਭਰਵਾਂ ਹੁੰਗਾਰਾ ਮਿ ਲਿਆ। ਬੰਦ ਦੇ ਸ਼ਾਂਤੀਪੂਰਵਕ ਲੰਘ ਜਾਣ ਨਾਲ ਅਧਿਕਾਰੀਆਂ ਨੇ ਸੁਖ ਦਾ ਸਾਹ ਲਿਆ ਹੈ। ਬੰਦ ਦੌਰਾਨ ਸਾਰੇ ਮੁਖ ਬਜ਼ਾਰ, ਵਪਾਰਕ ਕੇਂਦਰ ਅਤੇ ਬਹੁਤੇ ਸਿਨੇਮਾਘਰ ਅਤੇ ਵਿਦਿਅਕ ਅਦਾਰੇ ਬੰਦ ਰਹੇ।

ਕੌਮੀਕਰਨ ਕੀਤੇ ਗਏ ਬੈਂਕ, ਸਰਕਾਰੀ ਦਫਤਰ ਅਤੇ ਅਰਧ ਸਰਕਾਰੀ ਦਫਤਰ ਭਾਵੇਂ ਖੁਲ੍ਹੇ ਰਹੇ ਪਰ ਉਨ੍ਹਾਂ ਵਿਚ ਮੁਲਾਜ਼ਮਾਂ ਦੀ ਹਾਜ਼ਰੀ ਕਾਫੀ ਘੱਟ ਰਹੀ। ਰੀਜ਼ਰਵ ਬੈਂਕ ਦੇ ਤੀਜਾ ਦਰਜਾ ਮੁਲਾਜ਼ਮਾਂ ਦੀ ਹੜਤਾਲ ਕਾਰਨ ਕਲੀਅਰੈਂਸ ਦਾ ਕੰਮ ਠੱਪ ਹੋ ਕੇ ਰਹਿ ਗਿਆ।

ਭਾਰੀ ਪੁਲੀਸ ਪਹਿਰੇ ਹੇਠ ਡੀ. ਟੀ. ਯੂ. ਦੀਆਂ ਕੁਝ ਬੱਸਾਂ ਚਲਾਈਆਂ ਗਈਆਂ। ਪਾਣੀ ਅਤੇ ਬਿਜਲੀ ਦੀ ਸਪਲਾਈ ਸਾਰਾ ਦਿਨ ਹੀ ਨਿਰਵਿਘਨ ਜਾਰੀ ਰਹੀ। ਸ਼ਹਿਰ ਦੇ ਕਈ ਇਲਾਕਿਆਂ ਵਿਚ ਬੱਸਾਂ ਉਤੇ ਪਥਰਾਓ ਕੀਤਾ ਗਿਆ। ਕੋਈ 100 ਬੱਸਾਂ ਨੂੰ ਨੁਕਸਾਨ ਪੁੱਜਾ ਜਦ ਕਿ ਕਈ ਹੋਰ ਬੱਸਾਂ ਦੇ ਟਾਇਰਾਂ ਵਿਚੋਂ ਹਵਾ ਕੱਢ ਦਿਤੀ ਗਈ।

ਭਾਰਤੀ ਜਨਤਾ ਪਾਰਟੀ ਦੀਆਂ ਮਹਿਲਾ ਵਰਕਰਾਂ ਨੇ ਰੇਲ ਭਵਨ ਨੇੜੇ ਆਵਾਜਾਈ ਠੱਪ ਕਰ ਦਿਤੀ ਅਤੇ ਗ੍ਰਿਫਤਾਰੀਆਂ ਦਿਤੀਆਂ। ਪੁਰਾਣੀ ਦਿੱਲੀ ਦੀ ਥੋਕ ਮਾਰਕੀਟ, ਚਾਂਦਨੀ ਚੌਕ, ਕਰੋਲ ਬਾਗ, ਦੱਖਣੀ ਦਿੱਲੀ ਅਤੇ ਕਨਾਟ ਪਲੇਸ ਪੂਰੀ ਤਰ੍ਹਾਂ ਉਜਾੜ ਨਜ਼ਰ ਆ ਰਹੇ ਸਨ। ਕਰੋਲ ਬਾਗ ਅਤੇ ਦੱਖਣੀ ਦਿੱਲੀ ਦੇ ਕੁਝ ਇਲਾਕਿਆਂ ਵਿਚ ਸੋਮਵਾਰ ਨੂੰ ਵੈਸੇ ਵੀ ਦੁਕਾਨਾਂ ਬੰਦ ਰਹਿੰਦੀਆਂ ਹਨ। ਪ੍ਰਾਈਵੇਟ ਬੱਸਾਂ ਵੀ ਨਹੀਂ ਚੱਲੀਆਂ ਜਿਸ ਕਾਰਨ ਬਹੁਤ ਸਾਰੇ ਮੁਲਾਂਜ਼ਮ ਦਫਤਰਾਂ ਵਿਚ ਨਾ ਜਾ ਸਕੇ।

ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਹਾਜ਼ਰੀ ਘੱਟ ਹੋਣ ਕਾਰਨ ਬਹੁਤੇ ਸਕੂਲ ਵੀ ਬੰਦ ਕਰਨੇ ਪਏ। ਉਤਰੀ ਅਤੇ ਪੂਰਬੀ ਦਿੱਲੀ ਵਿਚ ਢਾਬੇ ਅਤੇ ਪ੍ਰਾਈਵੇਟ ਕਲੀਨਿਕ ਵੀ ਬੰਦ ਰਹੇ। ਵਿਰੋਧੀ ਨੇਤਾਵਾਂ ਨੇ ਬੰਦ ਨੂੰ ਮੁਕੰਮਲ ਸਫਲ ਕਰਾਰ ਦਿਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੋਈ 300 ਵਰਕਰ ਗ੍ਰਿਫਤਾਰ ਕੀਤੇ ਗਏ ਹਨ ਅਤੇ ਪੁਲੀਸ ਨੇ ਕਈ ਥਾਈਂ ਲਾਠੀਚਾਰਜ ਕੀਤਾ ਹੈ।

ਇਸ ਬੰਦ ਦਾ ਸੱਦਾ ਭਾਜਪਾ, ਜਨਤਾ ਪਾਰਟੀ, ਲੋਕ ਦਲ ਅਤੇ ਦੋਵਾਂ ਕਮਿਊਨਿਸਟ ਪਾਰਟੀਆਂ ਵਲੋਂ ਦਿਤਾ ਗਿਆ ਸੀ। ਭਾਜਪਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ੍ਰੀ ਮਦਨ ਲਾਲ ਖੁਰਾਣਾ ਨੇ ਬੰਦ ਨੂੰ ਮਿਲੇ ਭਰਵੇਂ ਹੁੰਗਾਰੇ ਲਈ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਰਾਜਧਾਨੀ ਨੂੰ ਪੁਲੀਸ ਛਾਉਣੀ ਵਿਚ ਬਦਲੇ ਜਾਣ ਦੇ ਬਾਵਜੂਦ ਲੋਕਾਂ ਦੇ ਬੰਦ ਨੂੰ ਸਫਲ ਬਣਾਇਆ। ਸ੍ਰੀ ਖੁਰਾਣਾ ਨੇ ਕਿਹਾ ਕਿ ਜੇਕਰ ਕੀਮਤਾਂ ਵਿਚ ਵਾਧਾ ਵਾਪਸ ਨਾ ਲਿਆ ਗਿਆ ਤਾਂ ਦੇਸ਼ ਵਿਆਪੀ ਅੰਦੋਲਨ ਸ਼ੁਰੂ ਕਰ ਦਿਤਾ ਜਾਵੇਗਾ।

# ਮਰਦਮ-ਸ਼ੁਮਾਰੀ ਬਾਅਦ ਵੀ ਕੁਝ ਪਿੰਡਾਂ 'ਚ ਤਣਾਅ

ਅਬੋਹਰ — ਅਬੋਹਰ-ਫਾਜ਼ਿਲਕਾ ਇਲਾਕੇ ਵਿਚ ਮੈਥਿਊ ਕਮਿਸ਼ਨ ਦੇ ਆਦੇਸ਼ ਉਤੇ ਪਿਛਲੇ ਮਹੀਨੇ ਹੋਈ ਮਰਦਮਸ਼ੁਮਾਰੀ ਕਾਰਨ ਕੁਝ ਪਿੰਡਾਂ ਵਿਚ ਲੋਕਾਂ ਵਿਚਾਲੇ ਆਪਸੀ ਤਣਾਅ ਬਣਿਆ ਹੋਇਆ ਹੈ। ਇਹ ਤਣਾਅ ਬਹੁਤਾ ਕਰਕੇ ਜ਼ਿਮੀਂਦਾਰਾਂ ਤੇ ਕਾਸ਼ਤਕਾਰਾਂ ਵਿਚਕਾਰ ਹੋਇਆ ਦੱਸਿਆ ਜਾਂਦਾ ਹੈ। ਬਹੁਤੇ ਜ਼ਿਮੀਂਦਾਰ ਆਪਣੇ ਉਨ੍ਹਾਂ ਕਾਸ਼ਤਕਾਰਾਂ ਉਤੇ ਔਖੇ ਹਨ ਜਿਨ੍ਹਾਂ ਨੇ ਹਰਿਆਣੇ ਦੇ ਨੇਤਾਵਾਂ ਦੇ ਝਾਂਸਿਆਂ ਵਿਚ ਆ ਕੇ ਜਾਂ ਫਿਰਕੂ ਅਧਾਰ ਉਤੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਈ ਹੈ ਜਦੋਂ ਕਿ ਉਹ ਨਿੱਤ ਵਰਤੋਂ 'ਚ ਸਦਾ ਪੰਜਾਬੀ ਬੋਲਦੇ ਹਨ।

ਸਾਹਵੇਂ ਮੋੜ, ਭੁਲੇਖੇ, ਉਹਲੇ ਪਰ ਹੈ ਤੋਰ ਨਜ਼ਰ ਦੀ ਤਿੱਖੀ,
ਲੱਭ ਲਵੇ ਜੋ ਮੀਤ ਹੈ ਇਸ ਦਾ ਦਿਸਹੱਦੇ ਤੋਂ......।

ਦਿਸਹੱਦੇ ਤੋਂ ਉਰੇ ਉਰੇ ਤਾਂ ਲੋਕੀਂ ਕਹਿਣ ਫਲਾਣਾ ਧੋਖਾ,
ਅਸਲੀ ਹੈ ਜੋ ਅਣਦਿਸਦਾ ਹੈ, ਦਿਸਹੱਦੇ ਤੋਂ......।


AMIN ON MARINE

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck

CHEVROLET-OLDSMOBILE-CADILLAC LTD.

86 SE Marine Dr., [between Main & Cambie]

Ph: 324-7222

Res.: 433-1681

Pager 687-7711 Pager #2122

DUECK CHEVROLET OLDSMOBILE CADILLAC LTD.



AMIN LADHA



United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

# ਇਲਾਕਿਆਂ ਦੀ ਵੰਡ ਬਾਰੇ ਬਰਨਾਲਾ ਤੇ ਭਜਨ ਵਿਚਕਾਰ ਮੀਟਿੰਗ

ਚੰਡੀਗੜ੍ਹ — ਹਰਿਆਣਾ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਨੇ ਸੰਕੇਤ ਦਿਤਾ ਹੈ ਕਿ 16 ਫਰਵਰੀ ਤੋਂ ਪਿਛੋਂ ਇਲਾਕਾਈ ਵੰਡ ਦੇ ਮਾਮਲੇ ਵਿਚ ਉਨ੍ਹਾਂ ਦੀ ਮੀਟਿੰਗ ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨਾਲ ਹੋਵੇਗੀ। ਇਸ ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਐਸ ਬੀ ਚਵਾਨ ਵੀ ਸ਼ਾਮਲ ਹੋਣਗੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਚੌਧਰੀ ਭਜਨ ਲਾਲ ਨੇ ਕਿਹਾ ਕਿ ਮੈਥਿਊ ਕਮਿਸ਼ਨ ਦੀ ਰਿਪੋਰਟ ਪਿਛੋਂ ਉਨ੍ਹਾਂ ਦੀ ਮੁਲਾਕਾਤ ਸ: ਬਰਨਾਲਾ ਨਾਲ ਹੋਈ ਸੀ ਪ੍ਰੰਤੂ ਪੰਜਾਬ ਵਿਚ ਪੈਦਾ ਹੋਏ ਤਣਾਅ ਦੇ ਹਾਲਾਤ ਕਾਰਨ ਮੀਟਿੰਗਾਂ ਦਾ ਸਿਲਸਿਲਾ ਅੱਗੇ ਨਾ ਚਲ ਸਕਿਆ। ਮੁਖ ਮੰਤਰੀ ਭਜਨ ਲਾਲ ਨੇ ਸ: ਬਰਨਾਲਾ ਦੇ ਇਸ ਦੋਸ਼ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਕਿ ਹਰਿਆਣਾ ਵਲੋਂ ਫੰਡਾਂ ਦੀ ਘਾਟ ਕਾਰਨ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਰੁਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨਾਂਹ ਪੱਖੀ ਵਤੀਰੇ ਕਾਰਨ ਹੀ ਨਹਿਰ ਦੀ ਉਸਾਰੀ ਦਾ ਕੰਮ ਮਿਥੇ ਸਮੇਂ ਵਿਚ ਮੁਕੰਮਲ ਹੋਣ ਦੀ ਸੰਭਾਵਨਾ ਨਹੀਂ ਹੈ। ਚੌਧਰੀ ਭਜਨ ਲਾਲ, ਸ. ਬਰਨਾਲਾ ਵਲੋਂ ਇਸ ਮਾਮਲੇ ਬਾਰੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਉਤੇ ਟਿਪਣੀ ਕਰ ਰਹੇ ਹਨ।

ਕੇਂਦਰ-ਅਕਾਲੀ ਸਮਝੌਤੇ ਅਨੁਸਾਰ ਲਿੰਕ ਨਹਿਰ 15 ਅਗਸਤ ਤਕ ਮੁਕੰਮਲ ਹੋਣੀ ਹੈ। ਚੌਧਰੀ ਭਜਨ ਲਾਲ ਨੇ ਕਿਹਾ ਕਿ ਉਹ ਸ: ਬਰਨਾਲਾ ਦੇ ਦੋਸ਼ਾਂ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਨੂੰ ਵਿਸਥਾਰ ਵਿਚ ਲਿਖ ਰਹੇ ਹਨ।ਮੁਖ ਮੰਤਰੀ ਨੇ ਕਿਹਾ ਕਿ ਹਰਿਆਣਾ ਨੇ ਲਿੰਕ ਨਹਿਰ ਦੀ ਉਸਾਰੀ ਲਈ ਪੰਜਾਬ ਨੂੰ 110 ਕਰੋੜ ਰੁਪਏ ਦਿਤੇ ਸਨ ਜਿਨ੍ਹਾਂ ਵਿਚੋਂ ਅਜੇ ਤਕ ਪੰਜਾਬ ਨੇ ਤੀਹ ਕੋਰੜ ਰੁਪਏ ਖਰਚ ਹੀ ਨਹੀਂ ਕੀਤੇ। ਇਸ ਲਈ ਪੰਜਾਬ ਦੇ ਮੁਖ ਮੰਤਰੀ ਦਾ ਇਹ ਕਹਿਣਾ ਉਚਿਤ ਨਹੀਂ ਹੈ ਕਿ ਫੰਡਾਂ ਦੀ ਘਾਟ ਕਾਰਨ ਲਿੰਕ ਨਹਿਰ ਦੀ ਉਸਾਰੀ ਰੁਕੀ ਪਈ ਹੈ। ਮੁਖ ਮੰਤਰੀ ਨੇ ਇਹ ਵੀ ਕਿਹਾ ਕਿ ਰੋਪੜ ਜ਼ਿਲੇ ਵਿਚ ਕਿਸਾਨਾਂ ਵਲੋਂ ਲਿੰਕ ਨਹਿਰ ਦੇ ਵਿਰੁਧ ਅੰਦੋਲਨ ਜਾਰੀ ਹੈ। ਉਸ ਕਾਰਨ ਵੀ ਲਿੰਕ ਨਹਿਰ ਦੀ ਉਸਾਰੀ ਰੁਕੀ ਪਈ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਲਿੰਕ ਨਹਿਰ ਦੀ ਉਸਾਰੀ ਲਈ ਭਾਰੀ ਮਾਤਰਾ ਵਿਚ ਪੰਜਾਬ ਨੂੰ ਮਸ਼ੀਨਰੀ ਵੀ ਮੁਹੱਈਆ ਕੀਤੀ ਹੈ।

# ਕੰਪਲੈਕਸ ਦੀ ਸਥਿਤੀ ਤੋਂ ਕੇਂਦਰ ਚਿੰਤਿਤ

ਨਵੀਂ ਦਿੱਲੀ — ਕੇਂਦਰੀ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਇਥੇ ਕਿਹਾ ਕਿ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਇਸ ਵੇਲੇ ਜਿਹੜੀ ਸਥਿਤੀ ਪੈਦਾ ਹੋਈ ਹੈ ਉਹ ਸਾਡੇ ਸਾਰਿਆਂ ਲਈ ਚਿੰਤਾ ਵਾਲੀ ਗੱਲ ਹੈ। ਇਸਦੇ ਨਾਲ ਹੀ ਉਨ੍ਹਾਂ ਇਹ ਵਿਸ਼ਵਾਸ਼ ਵੀ ਪ੍ਰਗਟ ਕੀਤਾ ਕਿ ਇਸ ਸਥਿਤੀ ਤੋਂ ਅਮਨ ਕਾਨੂੰਨ ਲਈ ਪੈਦਾ ਹੋਣ ਵਾਲੇ ਖਤਰੇ ਨਾਲ ਰਾਜ ਸਰਕਾਰ ਵਾਜਬ ਤਰੀਕੇ ਨਾਲ ਨਿਪਟ ਲਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਕੇਂਦਰ ਵਲੋਂ ਰਾਜ ਸਰਕਾਰ ਨੂੰ ਹਰ ਸੰਭਵ ਮਦਦ ਮਿਲੇਗੀ।

ਕੇਂਦਰੀ ਗ੍ਰਹਿ ਮੰਤਰੀ ਨੇ ਆਪਣੇ ਇਹ ਵਿਚਾਰ ਗ੍ਰਹਿ ਮੰਤਰਾਲੇ ਨਾਲ ਸਬੰਧਤ ਪਾਰਲੀਮਾਨੀ ਸਲਾਹਕਾਰ ਕਮੇਟੀ ਦੀ ਇਥੇ ਹੋਈ ਮੀਟਿੰਗ ਵਿਚ ਪੇਸ਼ ਕੀਤੇ। ਗ੍ਰਹਿ ਮੰਤਰੀ ਨੇ ਕਿਹਾ ਕਿ ਪੰਜਾਬ ਸਮਝੌਤੇ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਨ ਲਈ ਕੇਂਦਰ ਵਚਨਬੱਧ ਹੈ। ਚੰਡੀਗੜ੍ਹ ਪੰਜਾਬ ਨੂੰ ਸੌਂਪੇ ਜਾਣ ਅਤੇ ਚੰਡੀਗੜ੍ਹ ਦੇ ਬਦਲੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਨੂੰ ਸੌਂਪੇ ਜਾਣ ਵਿਚ ਦੇਰੀ ਹੋਣ ਬਾਰੇ ਸਪਸ਼ਟੀਕਰਨ ਦਿੰਦਿਆਂ ਉਨ੍ਹਾਂ ਦੱਸਿਆ ਕਿ ਹਰਿਆਣਾ ਤੇ ਪੰਜਾਬ ਦੇ ਮੁਖ ਮੰਤਰੀ ਇਸ ਮਸਲੇ ਦੇ ਹੱਲ ਵਾਸਤੇ ਮੀਟਿੰਗ ਕਰਨਾ ਮੰਨ ਗਏ

## ਫੱਤਣਵਾਲਾ ਚਲ ਵਸੇ

ਮੋਗਾ — ਸਾਬਕਾ ਅਕਾਲੀ ਵਿਧਾਇਕ ਹਰਚੰਦ ਸਿੰਘ ਫੱਤਣਵਾਲਾ ਦੀ ਦਿਲ ਦਾ ਦੌਰਾ ਪੈਣ ਕਾਰਨ ਮ੍ਰਿਤੂ ਹੋ ਗਈ। ਮੁਕਤਸਰ ਅਤੇ ਫਰੀਦਕੋਟ ਵਿਚਲੇ ਕਈ ਸਿਨੇਮਾਘਰਾਂ ਦੇ ਉਹ ਮਾਲਕ ਸਨ। ਉਨ੍ਹਾਂ ਦੀ ਅਰਥੀ ਸਮੇਂ ਭਾਰੀ ਗਿਣਤੀ ਵਿਚ ਲੋਕ ਹਾਜ਼ਰ ਸਨ। ਸੋਗ ਵਜੋਂ ਮੁਕਤਸਰ ਵਿਚ ਦੁਕਾਨਾਂ ਤੇ ਸਿਨੇਮਾਘਰ ਬੰਦ ਰਹੇ। ਚੰਡੀਗੜ੍ਹ ਤੋਂ ਪੀ. ਟੀ. ਆਈ. ਦੀ ਸੂਚਨਾ ਅਨੁਸਾਰ ਪੰਜਾਬ ਕੈਬਨਿਟ ਦੇ ਪੰਜ ਮੰਤਰੀਆਂ ਨੇ ਸ. ਫੱਤਣਵਾਲਾ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਵੈਨਕੂਵਰ ਸਾਊਥ ਦੇ ਦੋਵੇਂ ਐਮ. ਐਲ. ਏ. ਮਨਿਸਟਰ ਬਣੇ



The Honourable Stephen Rogers
Minister of Health
M.L.A. Vancouver South

Mr. Rogers is very pleased to be moving to the Ministry of Health. "I'll now be in charge of the Ministry that spends the most money instead of the one (Energy) that makes the most."



The Honourable Russell Fraser
Minister of Post-Secondary Education
M.L.A., Vancouver South

Mr. Fraser, who has shown an interest for Education since he was first elected in 1983, says he believes the consolidation of Universities and Colleges into one Ministry makes a great deal of sense. "I look forward to visiting the campuses of the three Universities and the many Colleges in this Province."

# ਪੱਟੀ, ਹੁਸ਼ਿਆਰਪੁਰ, ਅੰਮ੍ਰਿਤਸਰ ਵਿਚ 5 ਕਤਲ

## ਅੰਮ੍ਰਿਤਸਰ ਦੇ ਕੁਝ ਹਿਸਿਆਂ ਵਿਚ ਕਰਫੀਊ

ਚੰਡੀਗੜ੍ਹ — ਪਿਛਲੇ ਦਿਨ ਪੰਜਾਬ ਦੀਆਂ ਵੱਖ ਵੱਖ ਥਾਵਾਂ ਉਤੇ ਪੰਜ ਹੋਰ ਕਤਲ ਹੋਣ ਦੀਆਂ ਖਬਰਾਂ ਹਨ। ਪੱਟੀ ਵਿਚ ਇਕ ਹਿੰਦੂ ਫਿਰਕੇ ਦੇ ਵਿਅਕਤੀ ਨੂੰ ਗੋਲੀਆਂ ਨਾਲ ਛਾਨਣੀ ਕਰ ਦਿਤਾ ਗਿਆ।

ਹੁਸ਼ਿਆਰਪੁਰ ਦੇ ਇਕ ਪਿੰਡ ਵਿਚ ਅਤਿਵਾਦੀਆਂ ਨੇ ਇਕ ਦੁਕਾਨਦਾਰ ਕਤਲ ਕਰ ਦਿਤਾ।

ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਇਕ ਘਟਨਾ ਵਿਚ ਦੋ ਦੁਕਾਨਦਾਰ ਹਲਾਕ ਹੋਣ ਦੀ ਖਬਰ ਹੈ।

ਇਕ ਪੁਲੀਸ ਕਰਮਚਾਰੀ ਦੀ ਅਤਿਵਾਦੀ ਗੋਲੀਆਂ ਦਾ ਸ਼ਿਕਾਰ ਹੋ ਗਿਆ ਹੈ।

ਸਾਡੇ ਪ੍ਰਤੀਨਿਧ ਅਨੁਸਾਰ ਪੁਲੀਸ ਨੇ ਹਰਿਮੰਦਰ ਸਾਹਿਬ ਕੰਪਲੈਕਸ ਦੁਆਲੇ ਗਸ਼ਤ ਤੇਜ਼ ਕਰ ਦਿਤੀ ਹੈ ਅਤੇ ਅੰਮ੍ਰਿਤਸਰ ਦੇ ਕੁਝ ਹਿਸਿਆਂ ਵਿਚ ਕਰਫੀਊ ਵੀ ਲਾ ਦਿਤਾ ਗਿਆ ਹੈ।

## ਅਪੀਲਾਂ ਦਾਇਰ

ਇਸਲਾਮਾਬਾਦ — ਭਾਰਤੀ ਹਵਾਈ ਜਹਾਜ਼ ਅਗਵਾ ਕਰਨ ਵਾਲੇ ਦਸ ਸਿੱਖ ਹਵਾਈ ਧਾੜਵੀਆਂ ਨੇ ਇਨ੍ਹਾਂ ਨੂੰ ਦਿੱਤੀਆਂ ਸਜ਼ਾਵਾਂ ਵਿਰੁਧ ਲਾਹੌਰ ਹਾਈਕੋਰਟ ਵਿਚ ਅਪੀਲ ਦਾਇਰ ਕਰ ਦਿਤੀ ਹੈ। ਇਨ੍ਹਾਂ ਵਿਚੋਂ ਸੱਤ ਨੂੰ ਉਮਰ ਕੈਦ ਹੋਈ ਸੀ ਜਦ ਕਿ ਤਿੰਨਾਂ ਨੂੰ ਸਜ਼ਾਏ ਮੌਤ ਸੁਣਾਈ ਗਈ ਸੀ। ਇਨ੍ਹਾਂ ਅਪੀਲਾਂ ਉਪਰ ਇਕ ਦੋ ਦਿਨਾਂ ਅੰਦਰ ਸੁਣਵਾਈ ਸ਼ੁਰੂ ਹੋਵੇਗੀ।

(ਪੰਨਾ 3 ਦੀ ਬਾਕੀ)

ਨੇ ਪਿਛਲੇ ਦਿਨਾਂ ਵਿਚ 2000 ਕਰੋੜ ਦੇ ਕਰੀਬ ਕੀਮਤਾਂ ਵਧਾ ਦਿਤੀਆਂ — ਪੈਟਰੋਲ ਆਦਿ ਉਤੇ। ਵਿਰੋਧੀ ਪਾਰਟੀਆਂ ਦੇ ਲੀਡਰਾਂ ਨੇ ਮੀਟਿੰਗ ਕਰਕੇ — ਜਿਸ ਵਿਚ ਮੈਂ ਵੀ ਸ਼ਾਮਲ ਸੀ — ਹੋਕਾ ਿ ਦਤਾ ਹੈ ਕਿ 20 ਤਾਰੀਖ ਨੂੰ ਸਾਰੇ ਭਾਰਤ ਵਿਚ ਮੁਜ਼ਾਹਰੇ ਕੀਤੇ ਜਾਣ। ਬਜਟ ਪੇਸ਼ ਹੋਣ ਦੇ ਸਮੇਂ ਤੋਂ ਪਹਿਲਾਂ ਸਾਰਾ ਹਿੰਦੁਸਤਾਨ ਬੰਦ ਕੀਤਾ ਜਾਏ। ਇਸ ਕਿਸਮ ਦੇ ਹਾਲਾਤ ਆਰਥਿਕ ਮੁਦਿਆਂ ਉਤੇ ਨੇ। ਇਹ ਜਿਹੜੀ ਦੂਜੀ ਸਰਗਰਮੀ ਹੈ ਉਹ ਵੀ ਬੜੀ ਤੇਜ਼ੀ ਨਾਲ ਜਾਰੀ ਹੈ। ਹਾਲਾਤ ਇਸ ਵੇਲੇ ਹਿੰਦੁਸਤਾਨ ਦੇ ਚਿੰਤਾਜਨਕ ਨੇ। ਹਰ ਜਿਹੜਾ ਦੇਸ਼ਵਾਸੀ ਹੈ ਉਹ ਚਿੰਤਤ ਹੈ।

**ਸਵਾਲ :** ਅਖੀਰ ਵਿਚ ਤੁਸੀਂ ਇਸ ਰੇਡੀਓ ਮਾਧਿਅਮ ਰਾਹੀਂ ਕੈਨੇਡਾ ਨਿਵਾਸੀਆਂ ਨੂੰ ਕੋਈ ਸੰਦੇਸ਼ ਦੇਣਾ ਚਾਹੋਗੇ ?

**ਜਵਾਬ :** ਮੈਂ ਸਾਰੇ ਭਰਾਵਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਿੱਖਾਂ ਦੇ, ਪੰਜਾਬੀਆਂ ਦੇ ਅਤੇ ਮੁਲਕ ਦੇ ਹਿਤਾਂ ਵਿਚ ਹੈ ਕਿ ਲੋਕਾਂ ਨੂੰ ਦੇਸ਼ ਪਿਆਰ ਦੇ ਹਿਤਾਂ, ਏਕਤਾ ਅਤੇ ਆਪਸੀ ਪਿਆਰ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਤਾਕਤਾਂ ਨੂੰ ਮੱਦਦ ਨਹੀਂ ਦੇਣੀ ਚਾਹੀਦੀ ਜੋ ਤਾਕਤਾਂ ਸਾਡੇ ਦੇਸ਼ ਵਿਚ ਤੋੜ ਫੋੜ ਕਰਨਾ ਚਾਹੁੰਦੀਆਂ ਹਨ। ਇਹੋ ਸੁਨੇਹਾ ਗਦਰੀ ਬਾਬਿਆਂ ਨੇ ਦਿਤਾ ਸੀ ਜਿਨ੍ਹਾਂ ਕੈਨੇਡਾ ਵਿਚੋਂ ਜਾ ਕੇ ਕੁਰਬਾਨੀਆਂ ਦਿਤੀਆਂ। ਉਸ ਸੁਨੇਹੇ ਤੇ ਪਹਿਰਾ ਦੇਣਾ ਚਾਹੀਦਾ ਹੈ।

(ਵਿਲੀਅਮਜ਼ਲੇਕ ਰੇਡੀਓ ਦੇ ਧੰਨਵਾਦ ਸਹਿਤ)


FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

ਆਪਣੀਆਂ ਇਨਸ਼ੋਰੇਂਸ ਲੋੜਾਂ ਲਈ ਕਨਟੇਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇਨਸੋਰੇਂਸ
- ਗਰੁਪ ਇਨਸ਼ੋਰੇਂਸ਼
- ਮਾਰਗੇਜ ਇਨਸ਼ੋਰੇਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੇਂਸ

1507 - 330 Portage Avenue
Winnipeg, Manitoba R3C 0C4
Bus. 943-1526
Res. 694-0731

INSURANCE FOR

- Personal
- Children
- Mortgage
- RRSP
- Group Insuranc & Annuities

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

NORTH AMERICAN LIFE ASSURANCE CO.



Raj Singh Mann

# ਮਾਲਕਾਂ ਵਿਚ ਵਿਤਕਰਾ ਤੇ ਮੱਤਭੇਦ ਬਹੁਤ ਭਾਰੀ

ਟਰਾਂਟੋ ਵਿਚ ਅਰਬਨ ਅਲਾਇਸ ਆਨ ਰੇਸ ਰੀਲੇਸ਼ਨਜ (Urban Alliance on Race Relations) ਨੇ ਵੱਡੀਆਂ ਕੰਪਨੀਆਂ ਦੇ 199 ਮੈਨੇਜਰਾਂ ਦੀ ਇੰਟਰਵਿਊ ਕੀਤੀ। ਇਨ੍ਹਾਂ ਮੈਨੇਜਰਾਂ ਨੂੰ ਕਾਫੀ ਪ੍ਰਸ਼ਨ ਪੁੱਛੇ ਗਏ ਤੇ ਗੋਰੇ ਤੇ ਕਾਲੇ ਬੰਦੇ ਭੇਜਕੇ ਜਿਨ੍ਹਾਂ ਦੀ ਵਿਦਿਆ ਇਕੋ ਜਿਹੀ ਸੀ, ਉਨ੍ਹਾਂ ਦਾ ਰਵੱਈਆਂ ਟੈਸਟ ਕੀਤਾ ਗਿਆ। ਇਸ ਇਮਤਿਹਾਨ ਵਿਚ ਉਨ੍ਹਾਂ ਇਹ ਲੱਭਣ ਦੀ ਕੋਸ਼ਿਸ਼ ਕੀਤੀ ਸੀ ਕਿ ਮਾਲਕ ਨੌਕਰੀ ਦੇਣ ਲਈ ਗੋਰੇ ਤੇ ਕਾਲੇ ਵਿਚ ਮਤਭੇਦ ਰਖਦੇ ਹਨ ਜਾਂ ਨਹੀਂ ? ਇਸ ਸਟੱਡੀ ਵਿਚ ਹੇਠ ਲਿਖੇ ਨਤੀਜੇ ਨਿਕਲੇ।

- ਤਿੰਨ ਪਰਸੈਂਟ ਦਾ ਇਹ ਖਿਆਲ ਸੀ ਕਿ ਜੇ ਕਾਲੇ ਰੰਗ ਦੇ ਲੋਕਾਂ ਨੂੰ ਘੱਟ ਤਨਖਾਹ ਤੇ ਲੰਬੇ ਘੰਟੇ ਕੰਮ ਕਰਨਾ ਪਵੇ ਤਾਂ ਉਨ੍ਹਾਂ ਨੂੰ ਇਸ ਵਿਚ ਕੋਈ ਧੱਕੇਸ਼ਾਹੀ ਨਹੀਂ ਲਗਦੀ, ਸਗੋਂ ਗੋਰਿਆਂ ਦਾ ਹੱਕ ਬਣਦਾ ਹੈ ਕਿ ਕਾਲਿਆਂ ਤੋਂ ਦੱਬ ਕੇ ਕੰਮ ਲੈਣ।
- ਸੱਤ ਪਰਸੈਂਟ ਨੇ ਸਿੱਧੇ ਤੌਰ ਤੇ ਇਹ ਮੰਨ ਲਿਆ ਕਿ ਉਨ੍ਹਾਂ ਨੂੰ ਰੰਗਦਾਰ ਲੋਕਾਂ ਨਾਲ ਨਫਰਤ ਹੈ।
- ਤੇਰਾਂ ਪਰਸੈਂਟ ਨੂੰ ਕਾਲਿਆਂ ਤੋਂ ਕਾਫੀ ਡਰ ਲਗਦਾ ਸੀ ਖਾਸ ਕਰਕੇ ਜਿਥੇ ਕਾਲਾ ਗੋਰਿਆਂ ਤੇ ਬਾਸ ਬਣ ਜਾਵੇ।
- ਅਠਾਈ ਪਰਸੈਂਟ ਨੇ ਇਹ ਮਹਿਸੂਸ ਕੀਤਾ ਕਿ ਕਾਲਿਆਂ ਵਿਚ ਗੋਰਿਆਂ ਜਿੰਨੀ ਕਾਬਲੀਅਤ ਨਹੀਂ।
- ਇਸ ਸਟੱਡੀ ਵਿਚ ਇਹ ਭੀ ਸਬੂਤ ਹੋਇਆ ਕਿ ਗੋਰਿਆਂ ਨੂੰ ਕਾਲਿਆਂ ਨਾਲੋਂ ਨੌਕਰੀ ਮਿਲਣ ਵਿਚ ਤਿੰਨ ਗੁਣਾਂ ਚਾਨਸ ਜ਼ਿਆਦਾ ਹਨ।
- ਅਠੱਤਰ ਪਰਸੈਂਟ ਨੇ ਕੰਮ ਤੇ ਬਰਾਬਰਤਾ ਦੇ ਪਰੋਗਰਾਮ ਕੰਪਨੀ ਵਿਚ ਲਿਆਣ ਲਈ ਵੱਡੀ ਔਕੜ ਸਮਝੀ। ਬਿਆਸੀ ਪਰਸੈਂਟ ਨੇ ਇਹ ਮੰਨਿਆ ਕਿ ਉਨ੍ਹਾਂ ਦੀਆਂ ਕੰਪਨੀਆਂ ਵਿਚ ਅਜਿਹੇ ਕੰਮ ਲਈ ਜਾਂ ਬਰਾਬਰਤਾ ਦੇ ਪਰੋਗਰਾਮ ਲਈ ਕੋਈ ਥਾਂ ਨਹੀਂ।

ਇਹ ਸਾਰੀਆਂ ਗੱਲਾਂ, ਇਕ ਕਿਤਾਬ ਜਿਸਦਾ ਨਾਂ "ਇਥੇ ਕੋਈ ਵਿਤਕਰਾ ਨਹੀਂ" ਵਿਚ ਛਾਪੀਆਂ ਗਈਆਂ। ਇਹ ਪੁਛ ਗਿਛ ਉਨ੍ਹਾਂ ਮੈਨੇਜਰਾਂ ਤੋਂ ਕੀਤੀ ਗਈ ਜਿਸਦੀ ਕੰਪਨੀ ਵਿਚ ਸੌ ਤੋਂ ਜ਼ਿਆਦਾ ਮੁਲਾਜ਼ਮ ਸਨ।

ਭਾਵੇਂ ਕਈ ਗੱਲਾਂ ਵਾਰੇ ਸਾਨੂੰ ਪਤਾ ਹੈ ਕਿ ਰੰਗਦਾਰ ਲੋਕਾਂ ਨੂੰ ਸਭ ਤੋਂ ਪਿਛੋਂ ਨੌਕਰੀ ਮਿਲਦੀ ਤੇ ਸਭ ਤੋਂ ਪਹਿਲਾਂ ਕੰਮ ਤੋਂ ਹਟਾਇਆ ਜਾਂਦਾ ਹੈ। ਹੋਰ ਵਧੀਕੀਆਂ ਵਾਰੇ ਭੀ ਸਾਨੂੰ ਭਲੀ ਭਾਂਤ ਪਤਾ ਹੈ ਪਰ ਇਸ ਸਟੱਡੀ ਨੇ ਸਾਇੰਸਦਾਨਾਂ ਢੰਗ ਨਾਲ ਨਤੀਜੇ ਕੱਢਕੇ ਲੋਕਾਂ ਨੂੰ ਭਰਮਾ ਲਿਆ ਹੈ।

ਬੀ. ਸੀ. ਵਿਚ ਹਾਲਤ ਕੋਈ ਇਸ ਤੋਂ ਚੰਗੀ ਨਹੀਂ। ਪਰ ਅਫਸੋਸ ਹੈ ਇਥੋਂ ਦੀ ਸਰਕਾਰ ਇਹੋ ਜਿਹੀ ਗੱਲਾਂ ਦੀ ਪੜਤਾਲ ਲਈ ਕੋਈ ਪੈਸੇ ਨਹੀਂ ਖਰਚਦੀ। ਫੈਡਰਲ ਸਰਕਾਰ ਨੇ ਇਨ੍ਹਾਂ ਗੱਲਾਂ ਦੀ ਖੋਜ ਕਰਨ ਲਈ ਕਾਫੀ ਪੈਸੇ ਖਰਚੇ ਹਨ। ਅਬੇਲਾ ਕਮਿਸ਼ਨ ਤੇ ਬਰਾਬਰਤਾ ਅੱਜ (Equality Now) ਆਦਿ ਦੀਆਂ ਰੀਪੋਰਟਾਂ ਵਿਚ ਬਹੁਤ ਸੋਹਣੀਆਂ ਸਿਫਾਰਸ਼ਾਂ ਕੀਤੀਆਂ। ਚੰਗੀਆਂ ਸਿਫਾਰਸ਼ਾਂ ਤੇ ਚੰਗੇ ਪਰੋਗਰਾਮ ਹੋਣ ਦੇ ਬਾਵਜੂਦ ਭੀ ਸਾਨੂੰ ਸੁਚੇਤ ਰਹਿਣਾ ਪਵੇਗਾ ਕਿਉਂਕਿ ਕਈ ਵਾਰ ਕਿਤਾਬਾਂ ਤੇ ਚੰਗੇ ਕਾਨੂੰਨ ਲਿਖੇ ਜਾਂਦੇ ਹਨ ਪਰ ਉਨ੍ਹਾਂ ਤੇ ਅਮਲ ਕਰਾਉਣ ਲਈ ਭੀ ਜਦੋ ਜਹਿਦ ਕਰਨੀ ਪੈਂਦੀ ਹੈ। ਇਹ ਗੱਲ ਰਾਜਬੀਰ ਚੌਹਾਨ ਦੇ ਕੇਸ ਤੋਂ ਪਰਤੱਖ ਹੈ। ਜੋ ਵੈਨਕੂਵਰ ਸਿਟੀ ਵਿਚ ਹੋਇਆ। ਰਾਜਬੀਰ ਨੂੰ ਨਜਾਇਜ਼ ਫਤਵਾ ਲਾ ਕੇ ਨੌਕਰੀ ਤੋਂ ਹਟਾ ਦਿਤਾ ਗਿਆ ਸੀ। ਉਸਨੂੰ ਮੁੜ ਨੌਕਰੀ ਤੇ ਲਿਆਉਣ ਲਈ ਬਹੁਤ ਹੀ ਜਦੋ ਜਹਿਦ ਕਰਨੀ ਪਈ। ਰੰਗਦਾਰ ਬੰਦਿਆਂ ਨੂੰ ਨੌਕਰੀ ਲੱਭਣ ਵਿਚ ਹੀ ਤਕਲੀਫ ਨਹੀਂ ਪਰ ਜੇ ਨੌਕਰੀ ਲੱਭ ਵੀ ਜਾਵੇ ਤਾਂ ਮੁਸ਼ਕਲ ਇਹ ਹੈ ਕਿ ਨੌਕਰੀ ਨੂੰ ਬਰਕਰਾਰ ਕਿਵੇਂ ਰੱਖਣਾ ਹੈ? ਤਰੱਕੀ ਦਾ ਰਾਹ ਜਾਂ ਉਸ ਮਹਿਕਮੇ ਵਿਚ ਚੰਗੀ ਪੁਜ਼ੀਸ਼ਨ ਤੇ ਪਹੁੰਚਣ ਵਾਲੀ ਗੱਲ ਤਾਂ ਅਜੇ ਬਹੁਤ ਦੂਰ ਦੀ ਹੈ।

(ਉਪਰਲਾ ਲੇਖ ਪਿਛਲੇ ਸ਼ਨਿਚਰਵਾਰ ਵੈਨਕੂਵਰ ਕੋ-ਆਪ ਰੇਡੀਓ ਦੇ ਪਰੋਗਰਾਮ ਤੇ ਚਰਨਪਾਲ ਗਿੱਲ ਨੇ ਪੜ੍ਹਿਆ)

---

ਦੀਵਾ ਤੇਲ ਖੂਣੋਂ ਹਿਸਦਾ ਹੈ, ਦਿਸਹੱਦੇ ਤੋਂ ਦੂਰ ਦੁਰੇਡੇ।
ਬੁਝ ਚਲਿਆ, ਬਸ ਧੂੰ ਦਿਸਦਾ ਹੈ, ਦਿਸਹੱਦੇ ਤੋਂ ਦੂਰ-ਦੁਰੇਡੇ।

ਦੇਖ ਰਿਹਾ ਜੋ ਮੈਂ ਦਿਸਦਾ ਹਾਂ, ਦੇਖ ਰਿਹਾ ਉਕਾ ਨਹੀਂ ਯਾਰੋ,
ਜਿਸ ਤੇ ਨਜ਼ਰ ਹੈ, ਉਹ ਦਿਸਦਾ ਹੈ, ਦਿਸਹੱਦੇ ਤੋਂ......!

# ਅਤਿਵਾਦ ਨਾਲ ਸਾਂਝੀ ਟੱਕਰ ਲੈਣ ਦਾ ਸੱਦਾ

ਅੰਮ੍ਰਿਤਸਰ — ਪੰਜਾਬ ਸਰਕਾਰ, ਸ਼ਰੋਮਣੀ ਅਕਾਲੀ ਦਲ ਅਤੇ ਸ਼ਰੋਮਣੀ ਗੁ: ਪ੍ਰਂ: ਕਮੇਟੀ ਨੇ ਅਤਿਵਾਦ ਦੇ ਦੈਂਤ ਦਾ ਸਾਂਝੇ ਤੌਰ 'ਤੇ ਟਾਕਰਾ ਕਰਨ ਲਈ ਪੰਜਾਬ ਦੇ ਲੋਕਾਂ ਨੂੰ ਸੱਦਾ ਦਿਤਾ ਹੈ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼ਰੋਮਣੀ ਗੁ: ਪ੍ਰਂ: ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ, ਪੰਜਾਂਬ ਦੇ ਮੰਤਰੀਆਂ ਬਲਵੰਤ ਸਿੰਘ, ਸੁਖਜਿੰਦਰ ਸਿੰਘ ਤੇ ਬਸੰਤ ਸਿੰਘ ਖਾਲਸਾ ਅਤੇ ਅਕਾਲੀ ਦਲ ਦੇ ਜਨਰਲ ਸੈਕਟਰੀ ਮਨਜੀਤ ਸਿੰਘ ਖਹਿਰਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਜਨ-ਸ਼ਕਤੀ ਦੀ ਸਹਾਇਤਾ ਨਾਲ ਅਤਿਵਾਦ ਦੇ ਦੈਂਤ ਨੂੰ ਖਤਮ ਕਰ ਦੇਣਾ ਚਾਹੁੰਦੀ ਹੈ। ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੀ ਸ਼ਕਤੀ ਵਿਚ ਕੋਈ ਸ਼ੰਕਾ ਨਹੀਂ ਜਿਨ੍ਹਾਂ ਨੇ ਦਮਦਮੀ ਟਕਸਾਲ ਤੇ ਫੈਡਰੇਸ਼ਨ ਦੇ ਰਸਤਾ ਰੋਕੋ ਅਤੇ ਕਾਲਾ ਦਿਨ ਦੇ ਸੱਦਿਆਂ ਨੂੰ ਹੁੰਗਾਰਾ ਨਹੀਂ ਭਰਿਆ।

ਇਨ੍ਹਾਂ ਲੀਡਰਾਂ ਨੇ ਜੋ ਕਿ ਮਤੇਨੰਗਲ ਤੋਂ ਸੀਨੀਅਰ ਅਕਾਲੀ ਨੇਤਾ ਓਂਕਾਰ ਸਿੰਘ ਮਤੇਨੰਗਲ ਦੇ ਲੜਕੇ ਸਤਿੰਦਰਪਾਲ ਸਿੰਘ ਦੇ ਅੰਤਮ ਸੰਸਕਾਰ ਤੋਂ ਮੁੜੇ ਸਨ ਨੇ ਕਿਹਾ ਕਿ ਅਤਿਵਾਦੀ ਮਾਯੂਸ ਹੋ ਕੇ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ। ਸਤਿੰਦਰਪਾਲ ਸਿੰਘ ਦੇ ਕਤਲ ਨੂੰ ਬੁਜ਼ਦਿਲਾਨਾ ਕਰਮ ਕਰਾਰ ਦਿੰਦਿਆਂ ਇਨ੍ਹਾਂ ਲੀਡਰਾਂ ਨੇ ਕਿਹਾ ਹੈ ਕਿ ਅੰਮ੍ਰਿਤਧਾਰੀ ਸਿੰਘ ਦਾ ਇਸ ਢੰਗ ਨਾਲ ਕਤਲ ਸਿੱਖ ਰਵਾਇਤਾਂ ਉਤੇ ਸੱਟ ਮਾਰਨ ਵਾਲੀ ਗੱਲ ਹੈ। ਇਕ ਪ੍ਰਸ਼ਨ ਦੇ ਉਤਰ ਵਿਚ ਸ. ਬਲਵੰਤ ਸਿੰਘ ਨੇ ਪੰਜਾਬ ਦੇ ਕੁਝ ਪੁਲਸ ਅਫਸਰਾਂ ਦੀਆਂ ਤਬਦੀਲੀਆਂ ਨੂੰ ਹੱਕ-ਬਜਾਨਬ ਕਰਾਰ ਦਿਤਾ। ਉਹ ਪੱਤਰਕਾਰਾਂ ਨਾਲ ਇਸ ਗੱਲ ਨਾਲ ਸਹਿਮਤ ਨਹੀਂ ਸਨ ਕਿ ਇਨ੍ਹਾਂ ਤਬਦੀਲੀਆਂ ਨਾਲ ਪੁਲਸ ਦੇ ਹੌਂਸਲੇ ਪਸਤ ਹੋਣਗੇ ਸਗੋਂ ਕਿਹਾ ਕਿ ਤਬਦੀਲੀਆਂ ਨਾਲ ਇਨ੍ਹਾਂ ਅਫਸਰਾਂ ਦੀ ਕਾਰਗੁਜ਼ਾਰੀ ਦਾ ਮੁਲਅੰਕਣ ਹੋਵੇਗਾ।

# ਪ੍ਰੋ: ਦਰਸ਼ਨ ਸਿੰਘ ਨੂੰ ਰਿਹਾਅ ਕਰਨ ਦੀ ਮੰਗ

ਚੰਡੀਗੜ੍ਹ — ਹਰਿਆਣਾ ਸਟੇਟ ਅਕਾਲੀ ਦਲ ਦੇ ਪ੍ਰਧਾਨ ਸ. ਨਾਜ਼ਰ ਸਿੰਘ ਤੇ ਸ. ਸੁਰਜੀਤ ਸਿੰਘ ਨਿੱਡਰ, ਪ੍ਰਧਾਨ ਯੂਥ ਵਿੰਗ ਅਕਾਲੀ ਦਲ ਹਰਿਆਣਾ ਸਟੇਟ ਦੀ ਅਗਵਾਈ ਵਿਚ ਇਕ ਵਫਦ ਹਰਿਆਣਾ ਦੇ ਮੁਖ ਮੰਤਰੀ ਭਜਨ ਲਾਲ ਨੂੰ ਇਥੇ ਮਿਲਿਆ ਤੇ ਮੰਗ ਕੀਤੀ ਕਿ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ ਪ੍ਰੋ: ਦਰਸ਼ਨ ਸਿੰਘ ਵਿਰੁਧ ਦਰਜ ਕੀਤੇ ਮੁਕੱਦਮੇ ਵਾਪਸ ਲਏ ਜਾਣ ਅਤੇ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

## ਦੁਕਾਨਦਾਰ ਕੁੱਟਿਆ

ਅਬੋਹਰ, ।(ਪੱਤਰ ਪ੍ਰੇਰਕ) – ਸਥਾਨਕ ਬਜ਼ਾਰ ਨੰਬਰ 9 ਵਿਚ ਦੋ ਧਿਰਾਂ ਵਿਚਾਲੇ ਆਪਸੀ ਲੜਾਈ ਹੋਣ ਕਰ ਕੇ ਕੁਝ ਵਿਅਕਤੀ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਦੋਨੋਂ ਧਿਰਾਂ ਕਾਂਗਰਸ (ਇੰ.) ਪਾਰਟੀ ਨਾਲ ਸਬੰਧਿਤ ਤੇ ਆਪਸ ਵਿਚ ਚੰਗੇ ਸਬੰਧਾਂ ਵਾਲੀਆਂ ਹਨ। ਕਿਸੇ ਮਾਮੂਲੀ ਕਾਰਨ ਤੋਂ ਲੜਾਈ ਹੋ ਗਈ ਤੇ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਦੋ ਧਿਰਾਂ ਵਿਚ ਵੰਡੀਆਂ ਗਈਆਂ ਹਨ।

ਸਥਾਨਕ ਸਿਟੀ ਪੁਲੀਸ ਨੇ ਯੂਥ ਕਾਂਗਰਸ (ਇੰ.) ਨੇਤਾ ਵਿਜੈ ਨਾਗਪਾਲ ਉਤੇ ਧਾਰਾ 307 ਅਧੀਨ ਪਰਚਾ ਦਰਜ ਕਰ ਲਿਆ ਹੈ ਜਦੋਂ ਕਿ ਵਿਜੈ ਨਾਗਪਾਲ ਨੇ ਦੋਸ਼ ਲਾਇਆ ਹੈ ਕਿ ਦੂਜੀ ਪਾਰਟੀ ਦੇ ਅੱਠ-ਦਸ ਆਦਮੀ ਡਾਂਗਾਂ ਲੈ ਕੇ ਉਨ੍ਹਾਂ ਦੀ ਦੁਕਾਨ ਉਤੇ ਆਏ ਤੇ ਕੁੱਟਮਾਰ ਕਰ ਕੇ ਚਲੇ ਗਏ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਸਿਟੀ ਪੁਲੀਸ ਦੇ ਅਧਿਕਾਰੀ ਨਿਰਪੱਖ ਨਹੀਂ ਹਨ ਇਸ ਲਈ ਕੇਸ ਦੀ ਪੜਤਾਲ ਸੀ. ਆਈ. ਡੀ. ਵਾਲਿਆਂ ਤੋਂ ਕਰਾਈ ਜਾਏ।

ਇਸ ਦੇ ਨਾਲ ਹੀ ਪ੍ਰਮੁੱਖ ਕਾਂਗਰਸੀ ਨੇਤਾ ਵਰਿੰਦਰ ਕਟਾਰੀਆ ਦੀ ਅਗਵਾਈ ਥੱਲੇ ਸ਼ਹਿਰ ਦੇ ਪ੍ਰਮੁੱਖ ਵਿਅਕਤੀ ਡੀ. ਐਸ. ਪੀ. ਫਾਜ਼ਿਲਕਾ ਨੂੰ ਮਿਲੇ ਅਤਿ ਪੁਲੀਸ ਇੰਸਪੈਕਟਰ ਵਲੋਂ ਕਥਿਤ ਤੌਰ 'ਤੇ ਕੀਤੀ ਜ਼ਿਆਦਤੀ ਸਬੰਧੀ ਸ਼ਿਕਾਇਤ ਕੀਤੀ।

# ਕਿਸਾਨ ਜ਼ਿਲਾ ਪੱਧਰ 'ਤੇ ਧਰਨੇ ਦੇਣਗੇ

ਲੁਧਿਆਣਾ — ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਖਾਦ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਵਿਰੁਧ 21 ਫਰਵਰੀ ਨੂੰ ਜ਼ਿਲਾ ਪੱਧਰ ਤੇ ਰੋਸ ਧਰਨੇ ਦੇਣ ਦਾ ਫੈਸਲਾ ਕੀਤਾ ਹੈ। ਯੂਨੀਅਨ ਦੀ ਸੂਬਾਈ ਕਾਰਜਕਾਰਨੀ ਤੇ ਜ਼ਿਲਾ ਪ੍ਰਧਾਨਾਂ ਦੀ ਇਕ ਮੀਟਿੰਗ ਇਥੇ ਸ੍ਰੀ ਭੁਪਿੰਦਰ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਡੀਜ਼ਲ ਤੇ ਖਾਦ ਦੀਆਂ ਕੀਮਤਾਂ ਵਿਚ ਵਾਧੇ ਦੀ ਨਿਖੇਧੀ ਕੀਤੀ ਗਈ ਤੇ ਕਣਕ ਦੀ ਸਰਕਾਰੀ ਖਰੀਦ ਕੀਮਤ ਵਿਚ ਪੰਜ ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨੂੰ ਕਿਸਾਨਾਂ ਨਾਲ ਮਜ਼ਾਕ ਕਰਾਰ ਦਿਤਾ ਗਿਆ। ਮੀਟਿੰਗ ਦੀ ਕਾਰਵਾਈ ਜਾਰੀ ਕਰਦੇ ਹੋਏ ਯੂਨੀਅਨ ਦੇ ਜਨਰਲ ਸਕੱਤਰ ਸ੍ਰੀ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਇਕ ਮਤੇ ਵਿਚ ਕੀਮਤਾਂ ਦਾ ਸਾਰਾ ਵਾਧਾ ਵਾਪਸ ਲੈਣ ਅਤੇ ਖੇਤੀ ਉਪਜ ਦੀਆਂ ਕੀਮਤਾਂ ਸੂਚਕ ਅੰਕ ਨਾਲ ਜੋੜਨ ਦੀ ਮੰਗ ਕੀਤੀ ਗਈ।

ਇਕ ਹੋਰ ਮਤੇ ਰਾਹੀਂ ਮੀਟਿੰਗ ਨੇ ਫੌਜੀ ਕਾਰਵਾਈ ਦੌਰਾਨ ਕਿਸਾਨ ਆਗੂਆਂ ਉਤੇ ਬਣਾਏ ਝੂਠੇ ਮੁਕੱਦਮੇ ਵਾਪਸ ਲਏ ਜਾਣ ਅਤੇ ਗ੍ਰਿਫਤਾਰ ਕੀਤੇ ਵਰਕਰਾਂ ਨੂੰ ਰਿਹਾ ਕਰਨ ਲਈ ਕਿਹਾ। ਇਸ ਸਬੰਧ ਵਿਚ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਚੋਣ ਮੁਹਿਮ ਦੌਰਾਨ ਕੀਤਾ ਵਾਅਦਾ ਵੀ ਚੇਤੇ ਕਰਾਇਆ ਗਿਆ।

ਸ੍ਰੀ ਲੱਖੋਵਾਲ ਅਨੁਸਾਰ ਮੀਟਿੰਗ ਵਿਚ ਸ਼ਰੋਮਣੀ ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਵਿਚਕਾਰ ਤਣਾਓ ਵਾਲੀ ਹਾਲਾਤ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਸਬੰਧਤ ਧਿਰਾਂ ਨੂੰ ਅਪੀਲ ਕੀਤੀ ਗਈ ਕਿ ਧਾਰਮਿਕ ਅਸਥਾਨਾਂ 'ਤੇ ਖੂਨ-ਖਰਾਬਾ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਸਖਤੀ ਅਤੇ ਟਕਰਾਓ ਵਾਲੀ ਨੀਤੀ ਛੱਡ ਕੇ ਪਿਆਰ ਤੇ ਭਾਈਚਾਰੇ ਦੀ ਭਾਵਨਾ ਨਾਲ ਇਸ ਮਸਲੇ ਨੂੰ ਹੱਲ ਕੀਤਾ ਜਾਵੇ।

ਯੂਨੀਅਨ ਨੇ ਨਕੋਦਰ ਘਟਨਾ ਦੀ ਨਿੰਦਾ ਕਰਦੇ ਹੋਏ ਪੁਲੀਸ ਫਾਇਰਿੰਗ 'ਚ ਹੋਈਆਂ ਮੌਤਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁਧ ਕੜੀ ਕਾਰਵਾਈ ਕਰਨ ਦੀ ਵੀ ਮੰਗ ਕੀਤੀ। ਮੀਟਿੰਗ ਵਿਚ ਸਪਸ਼ਟ ਕੀਤਾ ਗਿਆ ਕਿ ਯੂਨੀਅਨ ਸਤਲੁਜ-ਯਮਨਾ ਲਿੰਕ ਨਹਿਰ ਦੀ ਸੇਧ ਤਬਦੀਲ ਕੀਤੇ ਬਗੈਰ ਖੁਦਾਈ ਦਾ ਕੰਮ ਨਹੀਂ ਹੋਣ ਦੇਵੇਗੀ ਅਤੇ ਬਿਜਲੀ ਦੇ ਰੇਟ ਘਟਾ ਕੇ ਪੁਰਾਣੀ ਪੱਧਰ 'ਤੇ ਲਿਆਉਣ ਦੀ ਮੰਗ ਵੀ ਕੀਤੀ ਗਈ।

SUKHI CONSTRUCTIONS
FOR ALL KINDS OF CONSTRUCTION JOBS



- BASEMENT SUITES
- SUNDECKS
- GARAGES
- FRAMING
- PLUMBING
- ELECTRICAL
- COMPLETE DRY WALL SERVICE

Repairs to small jobs accepted

Reasonable rates    Free Estimate

CONTACT:
SUKHI
Ph. 590-1567

TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

PHONE: 324-3336

ਪ੍ਰਿੰਸ ਰੂਪਰਟ ਗੁਡਵਿਲ ਗਰੁੱਪ

ਪ੍ਰਿੰਸ ਰੂਪਰਟ ਗੁਡਵਿਲ ਗਰੁੱਪ ਵਲੋਂ ਇਕ ਸ਼ਾਨਦਾਰ ਪਾਰਟੀ ਦਾ ਪ੍ਰਬੰਧ ਮਾਰਚ ਵਿਚ ਕੀਤਾ ਜਾ ਰਿਹਾ ਹੈ। ਵੈਨਕੂਵਰ ਵਿਚ ਸਥਿਤ ਇਸ ਗਰੁੱਪ ਵਿਚ ਪ੍ਰਿੰਸ ਰੂਪਰਟ ਤੋਂ ਮੂਵ ਹੋ ਕੇ ਆਏ ਸੱਜਣ ਜੋ ਵੈਨਕੂਵਰ ਅਤੇ ਇਸ ਦੇ ਆਲੇ ਦੁਆਲੇ ਦੇ ਸ਼ਹਿਰਾਂ ਵਿਚ ਰਹਿ ਰਹੇ ਹਨ, ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਪੈਦਾ ਕਰਨ ਤਾਂਕਿ ਪ੍ਰਿੰਸ ਰੂਪਰਟ ਗੁਡਵਿਲ ਗਰੁੱਪ ਬਾਰੇ ਜਾਣਕਾਰੀ ਦਿਤੀ ਜਾ ਸਕੇ ਅਤੇ ਮਨਾਈ ਜਾਣੀ ਵਾਲੀ ਸ਼ਾਮ ਨੂੰ ਹੋਰ ਵੀ ਖੂਬਸੂਰਤ ਬਣਾਇਆ ਜਾ ਸਕੇ।

ਸੰਤੋਖ ਸਿੰਘ
277-5621

ਜਗਤਾਰ ਸਿੰਘ ਸੰਧਾ 463-5571
ਹਰਚੰਦ ਸਿੰਘ ਉੱਪਲ 522-0171

# ਅਕਾਲ ਤਖਤ ਦੀ ਮੁੜ ਉਸਾਰੀ ਸ਼ੁਰੂ

ਅੰਮ੍ਰਿਤਸਰ — ਸ੍ਰੀ ਅਕਾਲ ਤਖਤ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 14 ਫਰਵਰੀ ਨੂੰ ਇਥੇ ਰੱਖਿਆ ਗਿਆ। 26 ਜਨਵਰੀ ਨੂੰ "ਸਰਬੱਤ ਖਾਲਸਾ ਇਕੱਠ" ਵਿਚ ਸ੍ਰੀ ਅਕਾਲ ਤਖਤ ਦੇ "ਜਥੇਦਾਰ" ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਨੂੰ ਸਾਰੇ ਪੰਥਕ, ਧਾਰਮਿਕ ਤੇ ਸਿਆਸੀ ਮਾਮਲਿਆਂ ਵਿਚ ਸਹਿਯੋਗ ਦੇਣ ਵਾਲੀ ਪੰਜ-ਮੈਂਬਰੀ ਕਮੇਟੀ ਨੇ ਇਹ ਐਲਾਨ ਇਥੇ ਕੀਤਾ।

ਗਿਆਨੀ ਕਿਰਪਾਲ ਸਿੰਘ ਵਲੋਂ 16 ਫਰਵਰੀ ਨੂੰ ਸੱਦੇ ਗਏ "ਸਰਬੱਤ ਖਾਲਸਾ ਇਕੱਠ" ਤੋਂ ਦੋ ਦਿਨ ਪਹਿਲਾਂ ਨੀਂਹ-ਪੱਥਰ ਰੱਖਣ ਦੇ ਫੈਸਲੇ ਬਾਰੇ ਸਿਆਸੀ ਦਰਸ਼ਕਾਂ ਦਾ ਕਹਿਣਾ ਹੈ ਕਿ ਇਸ ਤੋਂ ਸਿੱਧ ਹੁੰਦਾ ਹੈ ਕਿ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਕੰਪਲੈਕਸ ਵਿਚ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ ਹੈ। ਖਿਆਲ ਕੀਤਾ ਜਾਂਦਾ ਹੈ ਕਿ ਇਸ ਦਾ ਉਦੇਸ਼ ਅਕਾਲੀ ਸਰਕਾਰ ਤੇ ਸ਼ਰੋਮਣੀ ਕਮੇਟੀ ਨੂੰ ਮੂੰਹ ਤੋੜ ਉਤਰ ਦੇਣਾ ਵੀ ਹੈ। ਪੰਜ ਮੈਂਬਰੀ ਕਮੇਟੀ ਨੇ ਸਕੱਤਰੇਤ ਤਹੇ ਦੂਸਰੇ ਪ੍ਰਬੰਧਾਂ ਲਈ ਪੰਜ ਸਕੱਤਰਾਂ ਦੀ ਨਿਯੁਕਤੀ ਦਾ ਵੀ ਐਲਾਨ ਕੀਤਾ। ਇਹ ਸਕੱਤਰ ਭਾਈ ਮੋਹਕਮ ਸਿੰਘ, ਸ. ਹਰਿਦਰ ਸਿੰਘ ਕਾਹਲੋਂ, ਬੀਬੀ ਬਿਮਲ ਖਾਲਸਾ, ਭਾਈ ਗੁਰਦਰਸ਼ਨ ਸਿੰਘ ਅਤੇ ਭਾਈ ਅਜਾਇਬ ਸਿੰਘ ਹਨ। ਪੰਜਾਂ ਹੀ ਸਕੱਤਰਾਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਵੀ ਵੰਡ ਦਿਤੀਆਂ ਗਈਆਂ ਹਨ। ਇਹ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਕਬਜ਼ੇ ਵਾਲੇ ਅਕਾਲੀ ਦਲ ਦੇ ਦਫਤਰ ਵਿਚੋਂ ਕੰਮ ਕਰਨਗੇ।

ਭਾਈ ਮੋਹਕਮ ਸਿੰਘ ਪੰਥਕ ਮਾਮਲਿਆਂ ਦੇ ਸਕੱਤਰ ਹੋਣਗੇ ਜਦ ਕਿ ਸ. ਕਾਹਲੋਂ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਆਮ ਸਿਖ ਜਥੇਬੰਦੀਆਂ ਦੇ ਮਾਮਲਿਆਂ ਨੂੰ ਵੇਖਣਗੇ। ਬੀਬੀ ਬਿਮਲ ਕੌਰ ਖਾਲਸਾ ਮਹਿਲਾ ਵਿੰਗ ਦੀ ਇੰਚਾਰਜ ਹੋਵੇਗੀ ਜਦ ਕਿ ਸ. ਗੁਰਦਰਸ਼ਨ ਸਿੰਘ ਪੰਜ-ਮੈਂਬਰੀ ਹਾਈ ਕਮਾਂਡ ਕਮੇਟੀ ਦੇ ਸਕੱਤਰ ਹੋਣਗੇ। ਸ. ਅਜਾਇਬ ਸਿੰਘ ਨੂੰ "ਕਾਰ ਸੇਵਾ" ਦਾ ਭਾਰ ਸੌਂਪਿਆ ਗਿਆ ਹੈ। ਨੀਂਹ ਪੱਥਰ ਰੱਖਣ ਦਾ ਐਲਾਨ ਪੰਜ-ਮੈਂਬਰੀ ਕਮੇਟੀ ਦੀ ਹਦਾਇਤ 'ਤੇ ਸ: ਗੁਰਦਰਸ਼ਨ ਸਿੰਘ ਨੇ ਕੀਤਾ। ਅਸਲ ਵਿਚ "ਸਰਬੱਤ ਖਾਲਸਾ ਇਕੱਠ" ਵਿਚ ਜਥੇਦਾਰ ਤਲਵੰਡੀ ਨੂੰ ਹੁਕਮ ਦਿਤਾ ਸੀ ਕਿ ਉਹ ਇਸ ਇਮਾਰਤ ਨੂੰ ਪੰਜ-ਮੈਂਬਰੀ ਕਾਰ ਸੇਵਾ ਕਮੇਟੀ ਦੇ ਹਵਾਲੇ ਕਰ ਦੇਣ। ਨੀਂਹ-ਪੱਥਰ ਰੱਖਣ ਦੀ ਰਸਮ ਇੰਦਰਾ ਗਾਂਧੀ ਕਤਲ ਕਾਂਡ ਵਿਚ ਫੜੇ ਸਰਵਸ੍ਰੀ ਸਤਵੰਤ ਸਿੰਘ ਬਲਬੀਰ ਸਿੰਘ ਅਤੇ ਕੇਹਰ ਸਿੰਘ ਦੀ "ਚੜ੍ਹਦੀ ਕਲਾ" ਲਈ ਸ੍ਰੀ ਅਖੰਡ ਪਾਠ ਦੇ ਭੋਗ ਪਿਛੋਂ ਅਦਾ ਗਈ। ਇਨ੍ਹਾਂ ਤਿੰਨਾਂ ਨੂੰ ਹਾਲ ਹੀ ਵਿਚ ਇੰਦਰਾ ਗਾਂਧੀ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਵਿਚ ਸਜ਼ਾਏ ਮੌਤ ਸੁਣਾਈ ਗਈ ਸੀ।

ਭਾਈ ਗੁਰਦਰਸ਼ਨ ਸਿੰਘ ਨੇ ਪੰਜ-ਮੈਂਬਰੀ ਕਮੇਟੀ ਵਲੋਂ ਸਖਤ ਸ਼ਬਦਾਂ ਵਿਚ ਬਿਆਨ ਦਿੰਦੇ ਹੋਏ ਕਿਹਾ ਕਿ "ਕਾਰ ਸੇਵਾ" ਦੇ ਪ੍ਰਸ਼ਨ ਨੂੰ ਦਿੱਲੀ ਅਤੇ ਚੰਡੀਗੜ੍ਹ ਦੇ ਹਾਕਮਾਂ ਨੇ ਵਕਾਰ ਦਾ ਮਸਲਾ ਬਣਾ ਲਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਦੋਵੇਂ ਸਰਕਾਰਾਂ ਸਿੱਖਾਂ ਦੇ "ਧਾਰਮਿਕ ਮਾਮਲਿਆਂ" ਵਿਚ ਦਖਲਅੰਦਾਜ਼ੀ ਕਰ ਰਹੀਆਂ ਹਨ ਅਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਹਥਿਆਰਾਂ ਦਾ ਭੰਡਾਰ ਕੀਤੇ ਜਾਣ ਦਾ ਪਰਚਾਰ ਕਰ ਕੇ ਸਿੱਖਾਂ ਨੂੰ ਬਦਨਾਮ ਕਰਦੀਆਂ ਹਨ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਲ ਜਾਂਦੇ ਸ਼ਰਧਾਲੂਆਂ ਤੇ ਮੋਟਰ ਗੱਡੀਆਂ ਦੀ ਤਲਾਸ਼ੀ ਲਏ ਜਾਂਣ ਦਾ ਸਖਤ ਨੋਟਿਸ ਲਿਆ।



ਸ੍ਰੀ ਅਕਾਲ ਤਖਤ ਦੀ ਇਮਾਰਤ ਨੂੰ ਢਾਹੁਣ ਦਾ ਕੰਮ ਮੁਕੰਮਲ ਹੋ ਗਿਆ ਹੈ

# ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਮੁੜ ਯੂਥ ਵਿੰਗ ਅਕਾਲੀ ਦਲ ਦੇ ਪ੍ਰਧਾਨ

ਪਟਿਆਲਾ — ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਫੌਰਨ ਕਰਵਾਏ। ਉਹ ਇਥੇ ਯੂਥ ਵਿੰਗ ਅਕਾਲੀ ਦਲ ਦੇ ਦੂਜੇ ਅਜਲਾਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਉਤੇ ਕੀਤਾ ਗਿਆ ਕਬਜ਼ਾ ਕਿਸੇ ਤਰ੍ਹਾਂ ਠੀਕ ਨਹੀਂ ਅਤੇ ਇਹ ਸਿਖ ਮਰਿਆਦਾ ਦੇ ਖਿਲਾਫ ਹੈ। ਜੇਕਰ ਸਿਖ ਪੰਥ ਵਿਚ ਕਿਸੇ ਕਿਸਮ ਦਾ ਮਤਭੇਦ ਹੋਵੇ ਤਾਂ ਉਸਨੂੰ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਹੈ, ਨਾ ਕਿ ਧੱਕੇ ਨਾਲ, ਜਿਵੇਂ ਕਿ ਦਮਦਮੀ ਟਕਸਾਲ ਤੇ ਸਰਬ ਹਿੰਦੀ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਕੀਤਾ ਹੈ। ਸ੍ਰੀ ਟੌਹੜਾ ਮੁਤਾਬਕ ਇਹ ਸਾਰੀ ਕਾਰਵਾਈ ਕੇਂਦਰ ਸਰਕਾਰ ਕਰਵਾ ਰਹੀ ਹੈ ਕਿਉਂਕਿ ਉਹ ਲਗਾਤਾਰ ਅਕਾਲੀ ਦਲ ਦੀ ਹਸਤੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀ ਆ ਰਹੀ ਹੈ। ਚੰਡੀਗੜ੍ਹ ਮਿਥੇ ਸਮੇਂ ਮੁਤਾਬਕ ਪੰਜਾਬ ਨੂੰ ਨਾ ਦੇਣ ਦੀ ਨਿੰਦਾ ਕਰਦੇ ਹੋਏ ਉਨ੍ਹਾਂ ਪਾਣੀਆਂ ਦੀ ਵੰਡ ਲਈ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਹੇਠ ਟ੍ਰਿਬਿਊਨਲ ਕਾਇਮ ਕੀਤੇ ਜਾਣ ਦੀ ਮੰਗ ਕੀਤੀ।

ਵਿੱਤ ਮੰਤਰੀ ਬਲਵੰਤ ਸਿੰਘ ਨੇ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਜ਼ਿਕਰ ਕਰਦੇ ਹੋਏ ਨੌਜਵਾਨਾਂ ਨੂੰ ਮਿਨੀ ਬੱਸਾਂ ਦੇ ਪਰਮਿਟ ਦੇਣ, ਦੋ ਲੱਖ ਤਕ ਦੇ ਕਰਜ਼ੇ ਦੇਣ, ਪੀੜਤ ਪਰਵਾਰਾਂ ਲਈ ਅਗਲੀ ਪਲਾਨ ਦੌਰਾਨ ਦਸ ਕਰੋੜ ਰੁਪਏ ਰੱਖਣ ਦਾ ਜ਼ਿਕਰ ਕੀਤਾ। ਦਲ ਦੇ ਜਨਰਲ ਸਕੱਤਰ ਮਨਜੀਤ ਸਿੰਘ ਖਹਿਰਾ ਨੇ ਵੀ ਅਜਲਾਸ ਨੂੰ ਸੰਬੋਧਨ ਕੀਤਾ। ਅਜਲਾਸ ਵਿਚ, ਜਿਸ ਵਿਚ 250 ਦੇ ਕਰੀਬ ਡੈਲੀਗੇਟ ਸ਼ਾਮਲ ਹੋਏ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੂੰ ਮੁੜ ਯੂਥ ਵਿੰਗ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਬਾਕੀ ਦੇ ਅਹੁਦੇਦਾਰ ਚੁਣਨ ਦਾ ਅਧਿਕਾਰ ਵੀ ਉਨ੍ਹਾਂ ਨੂੰ ਦਿੱਤਾ ਗਿਆ।

ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਵੀ ਇਸ ਅਜਲਾਸ ਵਿਚ ਸ਼ਾਮਲ ਹੋਣਾ ਸੀ ਪਰ ਉਹ ਅੰਮ੍ਰਿਤਸਰ ਜਾਣ ਕਾਰਨ ਇਥੇ ਨਹੀਂ ਆ ਸਕੇ।

# ਅਮਰੀਕੀ ਪੰਜਾਬੀ ਨੇ ਸਕੂਲ ਲਈ 25 ਲੱਖ ਰੁ: ਦਿਤੇ

ਰੱਖੜਾ — ਗਰਾਮ ਸਭਾ ਰੱਖੜਾ ਨੇ ਇਥੇ ਆਪਣੀ ਮੀਟਿੰਗ ਵਿਚ ਰੱਖੜਾ ਵਿਚ ਪਬਲਿਕ ਸਕੂਲ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਪੰਚਾਇਤ ਸਕੂਲ ਦੀ ਬਿਲਡਿੰਗ ਬਨਾਉਣ ਲਈ 25 ਕਰੋੜ ਸ਼ਾਮਲਾਤ ਜ਼ਮੀਨ ਦੇਵੇਗੀ।

ਸ. ਦਰਸ਼ਨ ਸਿੰਘ ਧਾਲੀਵਾਲ ਜੋ ਅੱਜ ਕੱਲ੍ਹ ਅਮਰੀਕਾ 'ਚ ਹਨ ਅਤੇ ਜਿਨ੍ਹਾਂ ਨੇ ਵਪਾਰਕ ਖੇਤਰ ਵਿਚ ਬੜੀ ਸ਼ੁਹਰਤ ਹਾਸਲ ਕੀਤੀ ਹੈ ਤੇ ਸਕੂਲ ਲਈ 25 ਲੱਖ ਰੁਪਿਆ ਦਿਤਾ ਹੈ। ਪੰਜਾਬੀਅਤ ਦਾ ਸ਼ੈਦਾਈ ਸ. ਧਾਲੀਵਾਲ ਅਮਰੀਕਾ ਵਿਚ ਮਿਲਵਾਕੀ ਵਿਖੇ 80 ਪੈਟਰੋਲ ਪੰਪਾਂ ਦਾ ਮਾਲਕ ਹੈ। ਉਸ ਦਾ ਜਨਮ ਇਥੇ ਇਕ ਕਿਸਾਨ ਘਰਾਣੇ ਵਿਚ ਹੋਇਆ। ਸ੍ਰੀ ਧਾਲੀਵਾਲ ਦਾ ਕਹਿਣਾ ਹੈ ਕਿ ਉਸ ਨੇ ਸਕੂਲ ਦਾ ਪ੍ਰਾਜੈਕਟ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲ ਦੀ ਟੀਮ ਦੇ ਕੁਝ ਮੈਂਬਰਾਂ ਨਾਲ ਵਿਚਾਰ ਲਿਆ ਹੈ, ਉਸ ਨੂੰ ਵਿਸ਼ਵਾਸ਼ ਹੈ ਕਿ ਸਰਕਾਰ ਇਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਪੂਰੀ ਸਹਾਇਤਾ ਦੇਵੇਗੀ। ਸ. ਧਾਲੀਵਾਲ ਅਨੁਸਾਰ ਰੱਖੜਾ ਪਿੰਡ ਦੇ ਬੱਚਿਆਂ ਨੂੰ ਸਕੂਲ ਵਿਚ ਦਾਖਲਾ ਦੇਣ ਵਾਸਤੇ ਪਹਿਲ ਦਿਤੀ ਜਾਵੇਗੀ। ਉਨ੍ਹਾਂ ਤੋਂ ਫੀਸ ਵੀ ਨਾਮਾਤਰ ਹੀ ਲਈ ਜਾਵੇਗੀ। ਸ੍ਰੀ ਧਾਲੀਵਾਲ ਨੇ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ, ਜੋ ਅਗਾਂਹਵਧੂ ਕਿਸਾਨ ਹੈ, ਇਹ ਪ੍ਰਾਜੈਕਟ ਸ਼ੁਰੂ ਕਰਨ ਲਈ ਕਿਹਾ ਹੈ। ਧਾਲੀਵਾਲ ਨੇ ਪਿਛਲੇ ਸਾਲ ਮਿਲਵਾਕੀ f ਵਿਖੇ ਪੰਜਾਬੀ ਕਾਨਫਰੰਸ ਕਰਨ ਲਈ ਸੱਦਾ ਦਿਤਾ ਸੀ। ਪਰ ਗੜਬੜ ਕਾਰਨ ਇਹ ਮੁਲਤਵੀ ਕਰਨੀ ਪਈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਾਨਫਰੰਸ ਇਸ ਸਾਲ ਦੇ ਅੰਤ ਤਕ ਕੀਤੀ ਜਾਏਗੀ।

# ਰਾਜ ਨਾਰਾਇਣ ਵਲੋਂ ਫਿਲਮ ਸ਼ੂਟਿੰਗ ਸ਼ੁਰੂ

ਨਵੀਂ ਦਿੱਲੀ — ਮਸ਼ਹੂਰ ਸਿਆਸਤਦਾਨ ਰਾਜ ਨਾਰਾਇਣ ਇਕ ਹਿੰਦੀ ਫਿਲਮ 'ਮਨੂ' ਵਿਚ ਇਕ ਸੰਤ ਦੀ ਭੂਮਿਕਾ ਨਿਭਾ ਰਹੇ ਹਨ ਜਿਹੜਾ ਇਹ ਪ੍ਰਚਾਰ ਕਰਦਾ ਹੈ ਕਿ ਮਨੁੱਖ ਦੀ ਹੋਣੀ ਦਾ ਨਿਰਣਾ ਉਸ ਦੇ ਕੰਮਾਂ ਕਾਰਨ ਹੁੰਦਾ ਹੈ। ਫਿਲਮ ਦਾ ਨਿਰਮਾਣ ਮਨੂ ਨਾਰੰਗ ਕਰ ਰਿਹਾ ਹੈ ਅਤੇ ਹੋਰ ਕਲਾਕਾਰਾਂ ਵਿਚ ਰਾਜ ਕਿਰਨ, ਕੋਮਲ ਮਹੂਆਵਰਕਰ, ਭਾਰਤ ਕਪੂਰ, ਮੁਕਰੀ, ਟੀ. ਪੀ. ਜੈਨ, ਸੁਰੇਂਦਰਪਾਲ ਅਤੇ ਦਿਨੇਸ਼ ਹਿੰਗੂ ਹਨ। ਫਿਲਮ ਦੀ ਸ਼ੂਟਿੰਗ ਗਾਜ਼ੀਆਬਾਦ ਦੇ ਇਕ ਸਨਅਤਕਾਰ ਦੀ ਵਿਸ਼ਾਲ ਐਸਟੇਟ ਵਿਚ ਹੋ ਰਹੀ ਹੈ।

# ਪੰਜਾਬ ਵਿਚ ਦੋ ਕਤਲ ਹੋਰ

ਚੰਡੀਗੜ੍ਹ — ਪਿਛਲੇ ਦਿਨ ਪੰਜਾਬ ਵਿਚ ਦੋ ਕਤਲ ਹੋਰ ਹੋਏ ਹਨ। ਜੰਡਿਆਲਾ ਗੁਰੂ ਦਾ ਇਕ ਦੁਕਾਨਦਾਰ ਕਤਲ ਕਰ ਦਿਤਾ ਗਿਆ ਹੈ।

ਤਰਨਤਾਰਨ ਵਿਚ ਗਿਆਨ ਚੰਦ ਨਾਂ ਦਾ ਇਕ ਕਾਂਗਰਸੀ ਵੀ ਗੋਲੀਆਂ ਮਾਰ ਕੇ ਹਲਾਕ ਕਰ ਦਿਤਾ ਗਿਆ।

# ਪਾਕਿਸਤਾਨੀ ਜੇਲ੍ਹਾਂ — ਅਤਿਵਾਦ ਦੀ ਟਕਸਾਲ

ਨਵੀਂ ਦਿੱਲੀ — ਪਾਕਿਸਤਾਨ ਵਿਚ ਸਿਖਲਾਈ ਅਤੇ ਹਥਿਆਰ ਹਾਸਲ ਕਰਨ ਗਏ ਕਈ ਸਿੱਖ ਯੁਵਕਾਂ ਵਿਚ ਨਿਰਾਸ਼ਾ ਫੈਲ ਗਈ ਹੈ ਕਿ ਉਂਕਿ ਉਨ੍ਹਾਂ ਨੂੰ ਉਥੇ ਜੇਲ੍ਹਾਂ ਵਿਚ ਰੱਖਿਆ ਜਾ ਰਿਹਾ ਹੈ। ਇਹ ਗੱਲ ਉਸ ਕਥਿਤ ਦ ਹਿਸ਼ਤਪਸੰਦ ਨੇ ਦੱਸੀ ਹੈ ਜਿਸ ਨੂੰ ਪਾਕਿਸਤਾਨ ਤੋਂ ਭਾਰਤ ਵਿਚ ਦਾਖਲ ਹੁੰਦੇ ਸਮੇਂ ਬੀ. ਐਸ. ਐਫ. ਦੇ ਇਕ ਗਸ਼ਤੀ ਦਲ ਨੇ ਕਾਬੂ ਕਰ ਲਿਆ ਸੀ।

ਉਸ ਅਨੁਸਾਰ ਪਾਕਿਸਤਾਨੀ ਜੇਲ੍ਹਾਂ ਵਿਚ ਲੰਬੇ ਸਮੇਂ ਤੱਕ ਬੰਦ ਰੱਖਣ ਅਤੇ ਘਰ ਦੀ ਯਾਦ ਆਉਣ ਕਾਰਨ ਯੁਵਕਾਂ ਵਿਚ ਨਿਰਾਸ਼ਾ ਪੈਦਾ ਹੁੰਦੀ ਹੈ। ਉਸ ਕਿਹਾ ਕਿ ਉਨ੍ਹਾਂ ਨੂੰ ਜੇਲ੍ਹਾਂ ਵਿਚ ਚੰਗਾ ਖਾਣਾ ਨਹੀਂ ਦਿਤਾ ਜਾਂਦਾ ਪਰ ਜਦੋਂ ਉਹ ਭਾਰਤ ਵਿਚ ਭੰਨਤੋੜ ਦੀਆਂ ਸਰਗਰਮੀਆਂ ਕਰਨ ਲੱਗ ਜਾਂਦੇ ਹਨ ਤਾਂ ਉਨ੍ਹਾਂ ਨੂੰ ਰੈਸਟ ਹਾਊਸ ਵਿਚ ਲਿਜਾ ਕੇ ਚੰਗੀ ਦੇਖਭਾਲ ਕੀਤੀ ਜਾਂਦੀ ਹੈ। ਉਸ ਦੱਸਿਆ ਕਿ ਬਹੁਤ ਸਾਰੇ ਸਿੱਖ ਯੁਵਕਾਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਰੱਖਿਆ ਜਾਂਦਾ ਹੈ ਅਤੇ ਕਾਫੀ ਸਮੇਂ ਮਗਰੋਂ ਉਨ੍ਹਾਂ ਨੂੰ ਸਰਹੱਦ ਲਾਗਲੇ 'ਸੁਰਖਿਅਤ ਘਰਾਂ' ਵਿਚ ਲਿਜਾਇਆ ਜਾਂਦਾ ਹੈ। ਇਸ ਤੋਂ ਬਾਅਦ ਇਥੋਂ ਹੀ ਉਨ੍ਹਾਂ ਨੂੰ ਭਾਰਤ ਦੇ ਖੇਤਰ ਵਿਚ ਦਾਖਲ ਕਰਵਾਇਆ ਜਾਂਦਾ ਹੈ।

ਉਸ ਤੋਂ ਪੁੱਛਗਿਛ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ, ਬੱਬਰ ਖਾਲਸਾ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਕਈ ਨੇਤਾ ਇਨ੍ਹਾਂ 'ਸੁਰਖਿਅਤ ਘਰਾਂ' ਵਿਚ ਰਹਿ ਰਹੇ ਹਨ। ਇਹ ਨੇਤਾ ਅਕਸਰ ਜੇਲ੍ਹਾਂ ਵਿਚ ਜਾ ਕੇ ਸਿੱਖ ਯੁਵਕਾਂ ਨਾਲ ਮੇਲ ਮਿਲਾਪ ਕਰਦੇ ਅਤੇ ਉਨ੍ਹਾਂ ਨੂੰ ਅਤਿਵਾਦੀ ਗਰੁੱਪਾਂ ਵਿਚ ਸ਼ਾਮਲ ਹੋਣ ਲਈ ਪ੍ਰੇਰਦੇ ਹਨ। ਉਸ ਦੱਸਿਆ ਕਿ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਅਤਿੰਦਰਪਾਲ ਸਿੰਘ ਖਾਸ ਕਰਕੇ ਬਹੁਤਾ ਸਰਗਰਮ ਹੈ। ਇਹ ਵੀ ਇੰਕਸ਼ਾਫ ਕੀਤਾ ਕਿ ਪਾਕਿਸਤਾਨ ਜਾਣ ਵਾਲੇ ਸਿੱਖ ਯੁਵਕਾਂ ਦੇ ਮਨ ਅੰਦਰ ਅਤਿਵਾਦੀ ਜਜ਼ਬਾ ਭਰਨ ਮਗਰੋਂ ਉਨ੍ਹਾਂ ਨੂੰ ਭਾਰਤ ਅੰਦਰ ਭੰਨਤੋੜ ਲਈ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਵਿਚੋਂ ਤਕੜੇ ਨੌਜਵਾਨਾਂ ਨੂੰ ਗੁਰੀਲਾ ਦਾਅਪੇਚ ਸਿਖਾਏ ਜਾਂਦੇ ਹਨ। ਅਕਾਲ ਫੈਡਰੇਸ਼ਨ ਦੇ ਨੇਤਾ ਵੀ ਅਕਸਰ ਪਾਕਿਸਤਾਨੀ ਜੇਲ੍ਹਾਂ ਵਿਚ ਜਾਂਦੇ ਹਨ।

ਫੜੇ ਗਏ ਅਤਿਵਾਦੀ ਨੇ ਦੱਸਿਆ ਕਿ ਜੇਲ੍ਹਾਂ ਵਿਚ ਬੰਦ ਰੱਖਣ ਸਮੇਂ ਉਨ੍ਹਾਂ ਨੂੰ ਕਥਿਤ ਸਿਖ ਨੇਤਾਵਾਂ ਤੋਂ ਬਿਨਾਂ ਹੋਰ ਕਿਸੇ ਨੂੰ ਮਿਲਣ ਨਹੀਂ ਦਿਤਾ ਜਾਂਦਾ। ਉਸ ਨੂੰ ਪਾਕਿਸਤਾਨੀ ਫੌਜ ਦੇ ਇਕ ਅਧਿਕਾਰੀ ਨੇ ਭਾਰਤ ਦਾਖਲ ਹੋਣ ਸਮੇਂ ਕਿਹਾ ਸੀ ਕਿ ਜੇਕਰ ਉਹ ਵਾਪਸ ਆਉਣਾ ਚਾਹੇ ਤਾਂ ਉਸ ਦਾ ਨਾਂ ਲੈ ਦੇਵੇ। ਪਾਕਿਸਤਾਨੀ ਰੇਂਜਰ ਉਸ ਦਾ ਸਵਾਗਤ ਕਰਨਗੇ।


# S. & S. INSURANCE

**6658 Main St. Vancouver**

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੋਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan

RENEW EARLY INSURANCE

* FINANCING AVAILABLE
* SAFE DRIVING DISCOUNT (if eligible)

**Ph. 324-5711**



ਹਰਦੇਵ ਸਿੰਘ ਗਿੱਲ

324-5711

# ਸਾਹਿਤ ਦਰਪਣ

ਕਹਾਣੀ:

## ਧੁੰਦ ਅਤੇ ਸੂਰਜ

ਗੁਰਬਚਨ ਸਿੰਘ ਭੁੱਲਰ

ਚਾਚੀ ਦਾਨ ਕੌਰ ਨੇ ਘਰ ਦੇ ਅੰਦਰ ਪੈਰ ਰਖਿਆ, ਤਾਂ ਮਲਕੀਤ ਸਿੰਘ ਅਸਲੋਂ ਹੀ ਨਿੱਘਰ ਗਿਆ! ਉਹਨੇ ਆਪਣੇ ਖੇਸ ਦੀ ਬੁੱਕਲ ਖੋਲ੍ਹੀ ਅਤੇ ਦੁਬਾਰਾ ਕਸ ਕੇ ਮਾਰ ਲਈ।

ਰੁੱਤ ਬਦਲ ਗਈ ਸੀ, ਪਰ ਠੰਢ ਅਜੇ ਬਹੁਤੀ ਨਹੀਂ ਸੀ ਉੱਤਰੀ। ਲੋਕ ਅਜੇ ਕਮੀਜ਼ਾਂ ਵਿਚ ਹੀ ਫਿਰਦੇ ਸਨ। ਪਰ ਉਹਨੂੰ ਆਉਂਦੇ-ਜਾਂਦੇ ਲੋਕਾਂ ਦੀਆਂ ਗੱਲਾਂ ਸੁਣ-ਸੁਣ ਕੇ ਸਿਰ ਤੋਂ ਪੈਰਾਂ ਤੱਕ ਨਿਮੋਝੂਣਤਾ ਅਤੇ ਨਮੋਸ਼ੀ ਦਾ ਸੀਤ ਜਿਹਾ ਚੜ੍ਹ ਰਿਹਾ ਸੀ।

ਜਦੋਂ ਦਾ ਉਹ ਆਇਆ ਸੀ, ਲੋਕਾਂ ਦੀਆਂ ਇਕੋ ਜਿਹੀਆਂ ਗੱਲਾਂ ਤੋਂ ਉਹ ਅੱਕ ਗਿਆ ਸੀ।

ਕੋਈ-ਕੋਈ ਬੰਦਾ, ਜੋ ਸਿਆਣਾ ਹੁੰਦਾ, ਜਾਂ ਸ਼ਾਇਦ ਇਸ ਉਲਝਣ ਵਿਚ ਹੁੰਦਾ ਕਿ ਉਹਦੇ ਨਾਲ ਕੀ ਗੱਲ ਕਰੇ, ਹੱਥ ਮਿਲਾ ਕੇ, ਸੁੱਖ-ਸਾਂਦ ਪੁੱਛ ਕੇ ਮੁੜ ਜਾਂਦਾ। ਪਰ ਬਹੁਤੇ ਬੰਦੇ ਉਹਦੇ ਨਾਲ ਗੱਲ ਹੀ ਉਹੋ ਛੇੜਦੇ। ਉਹ ਸ਼ਾਇਦ ਆਪਣੀ-ਆਪਣੀ ਸਮਝ ਅਨੁਸਾਰ ਉਹਨੂੰ ਦਿਲਾਸਾ ਦੇਣ ਦੀ ਸੋਚਦੇ ਸਨ, ਪਰ ਆਪਣੀ ਸਿਆਣਪ ਦਾ ਸਿੱਕਾ ਜਮਾਉਂਦੇ-ਜਮਾਉਂਦੇ ਉਹਦੇ ਮਨ ਦਾ ਭਾਰ ਹੋਰ ਵਧਾ ਜਾਂਦੇ ਸਨ। ਉਹ ਪਰੇਸ਼ਾਨ ਸੀ ਕਿ ਇਹ ਸਿਆਣੇ-ਬਿਆਣੇ ਆਦਮੀ ਉਹਦਾ ਪੱਖ ਸਮਝ ਕਿਉਂ ਨਹੀਂ ਸਨ ਰਹੇ। ਕਿਸ ਮਾਨਸਿਕ ਹਾਲਤ ਨੂੰ ਪੁੱਜ ਕੇ ਉਹਨੇ ਇਹ ਸਭ ਕੁੱਝ ਕੀਤਾ ਸੀ। ਜਾਂ ਸਗੋਂ ਉਹਤੋਂ ਇਹ ਸਭ ਕੁਝ ਹੋ ਗਿਆ ਸੀ। ਜਾਂ ਸ਼ਾਇਦ ਇਹ ਲੋਕ ਦੋਵੇਂ ਪਾਸੇ ਰੱਖਣ ਲਈ ਸੱਚ ਦਾ ਸਾਹਮਣਾ ਕਰਨੋਂ ਤੇ ਸੱਚ ਆਖਣੋਂ ਡਰਦੇ ਸਨ ਅਤੇ ਐਵੇਂ ਇਧਰ-ਉਧਰ ਦੀਆਂ ਮਾਰਦੇ ਸਨ।

ਤੇ ਹੁਣ ਚਾਚੀ ਦਾਨਕੁਰ ਆਉਂਦੀ ਦਿਖਾਈ ਦਿੱਤੀ ਤਾਂ ਉਹਨੇ ਖੇਸ ਦੀ ਬੁੱਕਲ ਹੋਰ ਵੀ ਘੁੱਟ ਕੇ ਮਾਰ ਲਈ। ਉਹਨੂੰ ਲਗਿਆ ਜਿਵੇਂ ਹੁਣ ਤਾਂ ਠੰਢ ਉਹਦੇ ਲਹੂ ਨੂੰ ਨਾੜਾਂ ਵਿਚ ਹੀ ਜਮਾ ਕੇ ਰੱਖ ਦੇਵੇਗੀ।

* * *

ਵਿਆਹ ਵਾਲਾ ਘਰ ਸੀ। ਲੋਕ ਆ-ਜਾ ਰਹੇ ਸਨ। ਬਹੁਤੇ ਲੋਕ ਇਸ ਘਰ ਨਾਲ ਨੇੜਤਾ ਅਨੁਸਾਰ ਬਾਲਟੀ, ਡੋਲੂ ਜਾਂ ਗੜਵੇ ਵਿਚ ਪਾ ਕੇ ਦੁੱਧ ਦੇਣ ਆਉਂਦੇ ਸਨ ਅਤੇ ਫੇਰ ਉਹਨੂੰ ਮਿਲਣਾ ਆਪਣਾ ਫਰਜ਼ ਸਮਝਦੇ ਸਨ। ਲਾੜੀ ਲਿਆਉਣ ਲਈ ਜਿਹੜੀ ਕਾਰ ਜੰਨ ਵਾਲੀ ਬੱਸ ਨਾਲ ਕਿਰਾਏ ਉਤੇ ਕੀਤੀ ਗਈ ਸੀ, ਉਹ ਇਕ ਦਿਨ ਪਹਿਲਾਂ ਹੀ ਮੰਗਵਾ ਲਈ ਗਈ ਸੀ। ਸ਼ਹਿਰ ਤੋਂ ਉਹਨੂੰ ਉਸੇ ਵਿਚ ਸਿੱਧਾ ਘਰੇ ਲਿਆਂਦਾ ਗਿਆ ਸੀ। ਘਰੇ ਆ ਕੇ ਉਹ ਸਭ ਨੂੰ ਬੜੇ ਚਾਅ ਨਾਲ ਮਿਲਿਆ ਸੀ ਅਤੇ ਬਰਾਂਡੇ ਵਿਚ ਪਏ ਮੂਹੜੇ ਉਤੇ ਬੈਠ ਗਿਆ ਸੀ।

ਸਾਰਾ ਪਰਿਵਾਰ ਘਰੇ ਸੀ। ਹਰਬੰਸ ਵੀ ਵਿਆਹ ਸਦਕਾ ਘਰ ਨੂੰ ਤਾਲਾ ਲਾ ਕੇ ਬੱਚਿਆਂ ਸਮੇਤ ਇਧਰੇ ਹੀ ਆਈ ਹੋਈ ਸੀ। ਇਕਾ-ਦੁੱਕਾ ਰਿਸ਼ਤੇਦਾਰ ਵੀ ਆ ਗਏ ਸਨ, ਬਾਕੀਆਂ ਨੇ ਆਥਣ ਤੱਕ ਆ ਜਾਣਾ ਸੀ। ਵਿਆਹ ਦੇ ਕੰਮ ਵਿਚ ਹੱਥ ਵਟਾਉਣ ਆਏ ਕੁਝ ਗੁਆਂਢੀ ਅਤੇ ਸ਼ਰੀਕੇ-ਕਬੀਲੇ ਵਾਲੇ ਸਨ। ਰਸੋਈ ਵਿਚ ਸਭ ਕੰਮਾਂ ਦੇ ਵਿਚਾਲੇ ਬੈਠੀ ਸਰੂਪੋ ਨਾਇਣ ਸੀ। ਵਿਹੜੇ ਵਿਚ ਚੂਰ ਪੁੱਟ ਰਿਹਾ ਜੇਲੂ ਮਜ਼ਬੀ ਸੀ। ਉਹ ਆਪਣੇ-ਬੇਗਾਨੇ ਸਭਨਾਂ ਦੇ ਵਿਚਕਾਰ ਸਾਧਾਰਨ ਰਉਂ ਵਿਚ ਰਹਿਣ ਦਾ, ਸਗੋਂ ਖ਼ੁਸ਼ ਦਿਖਾਈ ਦੇਣ ਦਾ ਜਤਨ ਕਰ ਰਿਹਾ ਸੀ — ਜਿਵੇਂ ਬਾਹਰੋਂ, ਨੌਕਰੀ ਤੋਂ ਛੁੱਟੀ ਆਇਆ ਬੰਦਾ ਕਰਦਾ ਹੋਵੇ।

ਅਜੇ ਉਹਨੇ ਘਰ ਦੇ ਨਿੱਘੇ ਮਾਹੌਲ ਵਿਚ ਗਰਮ ਚਾਹ ਦੀ ਪਹਿਲੀ ਘੁੱਟ ਹੀ ਭਰੀ ਸੀ ਕਿ ਬਿਸ਼ਨ ਸਿੰਘ ਕਿਲ੍ਹੇ-ਤੋੜ ਦੁੱਧ ਦਾ ਡੋਲੂ ਲੈ ਕੇ ਆ ਗਿਆ। ਨੀਲੀ ਪੱਗ, ਘਰ ਦੇ ਖੱਦਰ ਦਾ ਕਮੀਜ਼-ਪਜਾਮਾ, ਖੇਸ ਵਰਗੇ ਡੱਬੇਦਾਰ ਖੱਦਰ ਦੀ ਵਾਸਕਟ ਅਤੇ ਖੱਬੇ ਬਾਸੇ ਵਾਸਕਟ ਦੇ ਹੇਠਾਂ ਦੀ ਦਿਸਦੀ ਗਤਰੇ ਪਾਈ ਹੋਈ ਕਿਰਪਾਨ ਦੀ ਨੋਕ। ਉਹਨੇ ਸਾਰੀ ਉਮਰ ਕੰਮ ਘੱਟ ਕੀਤਾ ਸੀ, ਗੱਲਾਂ ਬਹੁਤੀਆਂ ਮਾਰੀਆਂ ਸਨ। ਗੱਲੀਂਬਾਤੀਂ ਮੋਰਚੇ ਫਤਿਹ ਕਰਨ ਵਾਲਾ ਹੋਣ ਕਰਕੇ ਪਿੰਡ ਦੇ ਟਿੱਚਰੀ ਲੋਕਾਂ ਨੇ ਉਹਦਾ ਨਾਂ ਕਿਲ੍ਹੇ-ਤੋੜ ਰੱਖ ਦਿੱਤਾ ਸੀ।

"ਬੱਲੇ, ਬੱਲੇ, ਮਾਸਟਰ ਜੀ ਬੈਠੇ ਨੇ", ਉਹ ਸਰੂਪੋ ਨਾਇਣ ਨੂੰ, ਜੋ ਮੂੰਹ ਉਤੇ ਪੋਣਾ ਬੰਨ੍ਹੇ ਹੋਏ ਦੁੱਧ ਵਾਲੇ ਟੋਕਣੇ ਕੋਲ ਬੈਠੀ ਕੰਮ ਕਰ ਰਹੀ ਸੀ, ਡੋਲੂ ਫੜਾਉਂਦਿਆਂ ਅਗੇ ਵਧਿਆ।

ਮਲਕੀਤ ਸਿੰਘ ਨੇ ਹੱਥ ਮਿਲਾਇਆ। ਚਾਹ ਪੀਂਦਾ ਕਿਲ੍ਹੇ-ਤੋੜ ਆਪਣਾ ਗਿਆਨ ਘੋਟਨ ਲੱਗ ਪਿਆ, "ਮਾਸਟਰ ਜੀ, ਤੁਸੀਂ ਤਾਂ ਆਪ ਵਿੱਦਮਾਨ ਹੋਂ, ਗਿਆਨੀ ਪੁਰਸ਼ ਹੋਂ। ਜਾਣੋਂ ਇਹ ਤਾਂ ਸਾਰਾ ਓਸੇ ਦਾ ਖੇਲ੍ਹ ਐ। ਕਰੇ ਕਰਾਵੇ ਆਪ, ਮਾਨਸ ਕੇ ਨਹੀਂ ਹਾਥ। ਜਾਣੋ ਜਿਸ ਟੈਮ ਜੋ ਬਾਤ ਹੋਣੀ ਹੋਵੇ, ਉਹ ਟੈਮ ਖੁੰਝ ਨਹੀਂ ਸਕਦਾ।"

ਮਲਕੀਤ ਕਦੀ-ਕਦੀ ਐਵੇਂ ਬੇ-ਉਤਸ਼ਾਹਾ ਜਿਹਾ ਹੁੰਗਾਰਾ ਭਰ ਛਡਦਾ ਸੀ। ਤੇ ਫੇਰ ਕਿਲ੍ਹੇ-ਤੋੜ ਆਪੇ ਹੀ ਆਪਣੀ ਪਹਿਲੀ ਗੱਲ ਤੋਂ ਉਲਟਾ ਤੁਰ ਪਿਆ, "ਜਾਣੋਂ ਕਿਸੇ ਘੜੀ ਦੀ ਹੀ ਬਾਤ ਹੁੰਦੀ ਐ। ਏਕ ਘੜੀ ਨਾ ਮਿਲਤੇ ਤਾਂ ਕਲਜੁਗ ਹੋਤਾ। ਜੇ ਬੰਦਾ ਸਮਝਦਾਰੀ ਨਾਲ ਨਾ ਚੱਲੇ, ਇਕ ਘੜੀ ਵਿਚ ਹੀ ਕਲਜੁਗ ਆ ਜਾਂਦਾ ਐ। ਉਹ ਘੜੀ ਟਲ ਜਾਵੇ, ਬਾਤ ਕਿਤੇ ਦੀ ਕਿਤੇ ਜਾ ਪੈਂਦੀ ਐ। ਜਾਣੋਂ, ਗੱਲ ਕਹਿੰਦੀ ਐ—ਤੂੰ ਮੈਨੂੰ ਇਕ ਘੜੀ ਟਾਲ, ਮੈਂ ਕਈ ਕੋਹ ਦੂਰ ਗਈ ਸਮਝ। ਓਸ ਘੜੀ ਤੁਸੀਂ ਹੀ ਸਮਾਈ ਕਰ ਜਾਂਦੇ,ਹੋਣੀ ਟਲ ਜਾਂਦੀ। ਮਹਾਰਾਜ ਕਹਿ ਗਏ ਐ, ਮੂਰਖ ਨਾਲ ਨਾ ਲੁੱਝੀਏ। ਜਾਣੋਂ, ਮੂਰਖ ਨਾਲ ਮੂਰਖ ਨਹੀਂ ਬਣਨਾ ਚਾਹੀਏ।"

ਤੇ ਕਿਲ੍ਹੇ-ਤੋੜ ਹੋਰ ਪਤਾ ਨਹੀਂ ਕੀ-ਕੀ ਬੋਲਦਾ ਰਿਹਾ। ਜਦੋਂ ਉਹ ਗਿਆ, ਮਲਕੀਤ ਸਿੰਘ ਨੂੰ ਠੰਢੀ ਜਿਹੀ ਚੜ੍ਹਦੀ ਲੱਗੀ। ਉਹ ਅੰਦਰ ਸਬਾਤ ਵਿਚ ਖੇਸ ਲੈ ਕੇ ਮੰਜੇ ਉਤੇ ਲੰਮਾ ਪੈ ਗਿਆ। ਕਿਲ੍ਹੇ-ਤੋੜ ਵਰਗੇ ਬੰਦੇ ਦੇ ਗਿਆਨ ਦੀਆਂ ਗੱਲਾਂ ਦੱਸਣ ਉਤੇ ਉਹਨੂੰ ਗਿਲਾਨੀ ਜਿਹੀ ਆਈ। ਪਰ ਉਹ ਅਗੋਂ ਕਰ ਵੀ ਕੀ ਸਕਦਾ ਸੀ।

"ਆਹ ਦੁੱਧ ਫੜੋ ਭਾਈ", ਇਹ ਹੌਲਦਾਰ ਸੰਤਾ ਸਿੰਘ ਦੀ ਆਵਾਜ਼ ਸੀ। ਸਰੂਪੋ ਨਾਇਣ ਨੂੰ ਦੁੱਧ ਵਾਲਾ ਗੜਵਾ ਫੜਾ ਕੇ ਉਹਨੇ ਪੁੱਛਿਆ, "ਦਸਦੇ ਸੀ



ਮੋਹਨ ਸਿੰਘ ਰਾਹੀ, ਕੇ. ਐਲ. ਗਰਗ, ਕਵੀ ਤਾਰਾ ਸਿੰਘ, ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਅਤੇ ਗੁਰਦੇਵ ਰੁਪਾਣਾ ਕਹਾਣੀਕਾਰ ਦਿੱਲੀ ਵਿਚ

ਮਾਸਟਰ ਜੀ ਆਏ ਨੇ ?"

ਮਲਕੀਤ ਚੁੱਪ ਕਰਕੇ ਖੇਸ ਲਈਂ ਪਿਆ ਰਿਹਾ।

"ਬੈਠ ਹੌਲਦਾਰਾ, ਨਾਲੇ ਚਾਹ ਪੀ", ਮਲਕੀਤ ਸਿੰਘ ਦੀ ਮਾਂ ਬੋਲੀ, "ਬੁਲਾਉਣੀ ਹਾਂ ਕਾਕੇ ਨੂੰ।"

ਤੇ ਮਾਂ ਨੇ ਉਹਨੂੰ ਮੱਲੋਜ਼ੋਰੀ ਉਠਾ ਲਿਆ, "ਆਇਆ-ਗਿਆ ਹਰੇਕ ਤੇਰੇ ਬਾਰੇ ਪੁੱਛਦਾ ਐ। ਚੱਲ, ਬਾਹਰ ਚੱਲ, ਮੇਰਾ ਪੁੱਤ। ਦਿਲ ਕਰੜਾ ਰੱਖ, ਸਿਆਣਾ ਬਣ ਕੇ। ਮੁੰਡਿਆਂ ਵਿਚ ਬੈਠ। ਕਿਸੇ ਨਿੱਕੇ-ਮੋਟੇ ਕੰਮ ਨੂੰ ਹੱਥ ਪਾ ਤੇਰਾ ਮਨ ਪਰਚ ਜਾਵੇ।"

"ਕੰਮ ਕੀ ਕਰਾਂ ਮੈਂ ਕਮਾਂਦਰਾ !" ਉਹ ਖੜ੍ਹਾ ਹੁੰਦਿਆਂ ਰੁੱਖਾ ਹੋ ਕੇ ਬੋਲਿਆ ਅਤੇ ਫੇਰ ਬਰਾਂਡੇ ਵਿਚ ਉਸ ਮੂਹੜੇ ਉਤੇ ਆ ਬੈਠਾ। ਹੁਣ ਉਹ ਖੇਸ ਦੀ ਬੁੱਕਲ ਮਾਰ ਲਿਆਇਆ ਸੀ।

ਹੌਲਦਾਰ ਸੰਤਾ ਸਿੰਘ ਮੂਹੜੇ ਕੋਲ ਪਏ ਮੰਜੇ ਦੀ ਬਾਹੀ ਉਤੇ ਬੈਠ ਗਿਆ। ਖੱਦਰ ਦੇ ਪਰਨੇ ਦੇ ਲੜ ਨਾਲ ਫੜੇ ਪਿੱਤਲ ਦੇ ਗਲਾਸ ਵਿਚੋਂ ਤੱਤੀ-ਤੱਤੀ ਚਾਹ ਸੜ੍ਹਾਕਦਿਆਂ ਉਹ ਗੱਲਾਂ ਕਰਨ ਲੱਗ ਪਿਆ। ਆਸ ਅਨੁਸਾਰ ਉਹਨੇ ਗੱਲ "ਸਾਡਾ ਸਾਹਬ" ਆ ਕੇ ਹੀ ਸ਼ੁਰੂ ਕੀਤੀ। ਪਤਾ ਨਹੀਂ, ਫੌਜ ਵਿਚ ਉਹਦਾ ਇਹ ਸਾਹਿਬ ਕੌਣ ਸੀ, ਪਰ ਉਹ ਗੱਲ-ਗੱਲ ਵਿਚ ਉਹਦੇ ਹੀ ਹਵਾਲੇ ਦਿੰਦਾ। ਜਿਹੜੀ ਗੱਲ ਉਹਨੇ ਕਿਸੇ ਨੂੰ ਕਹਿਣੀ ਹੁੰਦੀ, ਉਹ ਆਪਣੇ ਮੂੰਹੋਂ ਕਹਿਣ ਦੀ ਥਾਂ ਸਾਹਿਬ ਦੇ ਮੂੰਹੋਂ ਕਹਾਉਂਦਾ। ਉਹ ਬੋਲਿਆ, "ਮਾਸਟਰ ਜੀ, ਸਾਡਾ ਸਾਹਬ ਕਹਿੰਦਾ ਹੁੰਦਾ ਸੀ, ਹਥਿਆਰ ਬੱਸ ਸਪਾਹੀ ਦੇ ਹੱਥੋਂ ਹੀ ਫਰੰਟ ਨੂੰ ਚਲਦਾ ਐ। ਹੋਰਾਂ ਦੇ ਹੱਥੋਂ ਇਹ ਫਰੰਟ ਨੂੰ ਵੀ ਮਾਰ ਕਰਦਾ ਐ ਤੇ ਬੈਕ ਨੂੰ ਵੀ। ਕੀ ਬੰਦੂਖ, ਕੀ ਤਲਵਾਰ, ਕੀ ਡੰਡਾ ਤੇ ਕੀ ਗੰਡਾਸਾ — ਚਲਾਉਣ ਵਾਲੇ ਨੂੰ ਵੀ ਬਰੋਬਰ ਦਾ ਰਗੜਾ ਲਾ ਦਿੰਦੇ ਐ। ਸਾਡਾ ਸਾਹਬ ਕਹਿੰਦਾ ਹੁੰਦਾ ਸੀ, ਹਥਿਆਰ ਕੋਈ ਵੀ ਹੋਵੇ, ਡਿਸਪਲੈਨ ਨਾਲ ਰੱਖਣਾ ਪੈਂਦਾ ਐ।"

ਮਲਕੀਤ ਸਿੰਘ ਅੰਦਰੇ-ਅੰਦਰ ਕੁੜ੍ਹ ਰਿਹਾ ਹੋਣ ਉਤੇ ਵੀ ਉਹਦੀ ਗੱਲ ਸੁਣਦਾ ਹੋਣ ਦਾ ਦਿਖਾਵਾ ਕਰ ਰਿਹਾ ਸੀ। ਤੇ ਫੇਰ ਹੌਲਦਾਰ ਸੰਤਾ ਸਿੰਘ ਨੇ ਗੱਲ ਦਾ ਤੋੜਾ ਝਾੜਿਆ, "ਊਂ ਵਾਖਰੂ ਨੇ ਬੰਦੇ ਦੀ ਜੋ ਸ਼ੀਟਰੌਲ ਲਿਖੀ ਹੋਵੇ, ਉਹ ਹੋ ਕੇ ਰਹਿੰਦੀ ਐ। ਪਰ ਇਹੋ ਜੇ ਟੈਮ ਬੰਦਾ ਸਿਆਣਪ ਵਰਤ ਕੇ ਟਾਲਾ ਕਰ ਜਾਵੇ, ਠੀਕ ਰਹਿੰਦਾ ਐ।"

ਚਾਹ ਦਾ ਆਖ਼ਰੀ ਸੜ੍ਹਾਕਾ ਮਾਰ ਕੇ ਗਲਾਸ ਮੰਜੇ ਦੇ ਪਾਵੇ ਨਾਲ ਰਖਦਿਆਂ ਹੌਲਦਾਰ ਤੁਰ ਗਿਆ।

ਮਲਕੀਤ ਸਿੰਘ ਖੇਸ ਦੀ ਬੁੱਕਲ ਠੀਕ ਕਰਕੇ ਅਜੇ ਸੰਭਲਿਆ ਹੀ ਸੀ ਕਿ ਜੱਗਰ ਸੂਮ ਆ ਗਿਆ। ਉਹ ਕੀੜੀ ਦੇ ਮੂੰਹ ਵੀ ਦਾਣਾ ਨਹੀਂ ਸੀ ਜਾਣ ਦਿੰਦਾ। ਘਰੇ ਤੀਵੀਆਂ ਨੂੰ ਉਹ ਦਾਲ ਦਲਣ ਵੀ ਨਾ ਦਿੰਦਾ। ਕਹਿੰਦਾ ਸੀ, ਛਿਲਕਾ ਐਵੇਂ ਫਜ਼ੂਲ ਕੂੜੇ ਵਿਚ ਚਲਿਆ ਜਾਵੇਗਾ। ਲੋਕ ਉਹਨੂੰ ਮੂੰਹ ਉਤੇ ਵੀ ਸੂਮ ਕਹਿ ਦਿੰਦੇ। ਉਹ ਇਸ ਗੱਲ ਦਾ ਬੁਰਾ ਨਹੀਂ ਸੀ ਮਨਾਉਂਦਾ, ਸਗੋਂ ਇਹਨੂੰ ਆਪਣੀ ਵਡਿਆਈ ਸਮਝਦਾ।

ਸਰੂਪੋ ਨਾਇਣ ਲੰਮਾ ਘੁੰਡ ਕੱਢ ਕੇ ਉਹਦੇ ਹੱਥੋਂ ਪਿੱਤਲ ਦੀ ਨਿੱਕੀ ਜਿਹੀ ਗੜਵੀ ਫੜ ਟੋਕਣੇ ਵਿਚ ਉਲਟਾਉਂਦਿਆਂ ਬੋਲੀ, "ਭਾਈ ਜੀ, ਇਹਤੋਂ ਛੋਟੀ ਗੜਵੀ ਨਹੀਂ ਸੀ ਕੋਈ ਘਰੇ ?"

ਨਾਇਣ ਦੀ ਟਿੱਚਰ ਸਮਝ ਕੇ ਵਿਹੜੇ ਵਿਚ ਬੈਠੇ-ਖੜ੍ਹੇ ਸਾਰਿਆਂ ਦਾ ਰੋਕਦਿਆਂ-ਰੋਕਦਿਆਂ ਵੀ ਹਾਸਾ ਨਿਕਲ ਗਿਆ। ਜੱਗਰ ਸੂਮ ਵੀ ਕੱਚਾ ਜਿਹਾ ਹੋ ਗਿਆ, "ਮੈਂਸ ਤਾਂ ਭੱਜ ਗਈ, ਰਾਣੀਏ, ਬੱਸ ਇਕ ਗਾਂ ਦੁੱਧ ਦਿੰਦੀ ਐ ਥੋੜ੍ਹਾ-ਬਹੁਤਾ।"

"ਇਹਦੀ ਤਾਂ ਲੂਤਰੋ ਚਲਦੀ ਰਹਿੰਦੀ ਐ, ਭਾਈ ਜੀ", ਮਲਕੀਤ ਦੀ ਮਾਂ ਜੱਗਰ ਸੂਮ ਨੂੰ ਚਾਹ ਦਾ ਗਲਾਸ ਫੜਾਉਂਦੀ ਹੋਈ ਬੋਲੀ, "ਭਰਾ-ਭਾਈ ਦੀ ਤਾਂ ਚੂਲੀ ਵੀ ਸਮੁੰਦਰ ਦੇ ਬਰਾਬਰ ਹੁੰਦੀ ਐ। ਇਹ ਤਾਂ ਮਾਣ-ਤਾਣ ਹੁੰਦਾ ਐ, ਘਾਟਾ ਕਿਸੇ ਨੂੰ ਕਿਸੇ ਚੀਜ਼ ਦਾ ਨਹੀਂ ਹੁੰਦਾ।"

"ਏਨਾਂ ਬੁੜ੍ਹਾ ਦੁੱਧ ਨੀਂ ਲਿਆਇਆ, ਜਿੰਨੀ ਤੂੰ ਚਾਹ ਫੜਾ ਦਿੱਤੀ", ਸਰੂਪੋ ਹੌਲੀ ਜਿਹੀ ਬੋਲੀ, ਪਰ ਏਨਾਂ ਹੌਲੀ ਨਹੀਂ ਕਿ ਨੇੜੇ-ਤੇੜੇ ਬੈਠੇ ਲੋਕਾਂ ਨੂੰ ਅਤੇ ਜੱਗਰ ਸੂਮ ਨੂੰ ਵੀ ਨਾ ਸੁਣੇ।

"ਚੁੱਪ ਕਰ ਨੀ ਕੁੱਤੀਏ !" ਮਲਕੀਤ ਦੀ ਮਾਂ ਨੇ ਹੱਸ ਕੇ ਘੂਰਦਿਆਂ ਉਹਦੇ ਸਿਰ ਵਿਚ ਪੋਲਾ ਜਿਹਾ ਲਫੇੜਾ ਮਾਰਿਆ।

ਪਤਲੇ ਕੰਨਾਂ ਵਾਲੇ ਜੱਗਰ ਸੂਮ ਨੇ ਨਾਇਣ ਦੀ ਗੱਲ ਸੁਣ ਤਾਂ ਲਈ, ਪਰ ਅਣਸੁਣੀ ਕਰ ਛੱਡੀ। ਉਹਨੂੰ ਤਾਂ ਲੋਕ ਕੁਝ-ਨਾ-ਕੁਝ ਕਹਿੰਦੇ ਹੀ ਰਹਿੰਦੇ ਸਨ। ਉਹ ਮਲਕੀਤ ਨਾਲ ਗੱਲੀਂ ਲੱਗ ਗਿਆ, "ਉਇ ਭਾਈ, ਬੰਦਾ ਜਦੋਂ ਇਹੋ ਜਿਹਾ ਕੁਛ ਕਰ ਬਹਿੰਦਾ ਐ, ਮਗਰੋਂ ਵੇਲਾ ਹੱਥ ਨ੍ਹੀਂ ਆਉਂਦਾ। ਮੇਰਾ ਬਾਪੂ ਕਹਿੰਦਾ ਹੁੰਦਾ ਸੀ, ਅਖੇ ਬੰਦੇ ਦਾ ਕਤਲ ਇੱਕੀ ਹਜ਼ਾਰ ਰੁਪਈਏ ਵਿਚ ਪੈਂਦਾ ਐ। ਪੁਲਸੀਏ ਤੇ ਵਕੀਲ ਲੁੱਟ ਕੇ ਖਾ ਜਾਂਦੇ ਐ। ਮੁਕੱਦਮੇ ਉਤੇ ਅੰਨ੍ਹੇ ਪੈਸੇ ਲਗਦੇ ਐ। ਮਗਰੋਂ ਘਰ ਦਾ, ਫਸਲ ਦਾ ਨੁਕਸਾਨ ਹੁੰਦਾ ਐ। ਸਾਰੀ ਤਾਣੀ ਉਲਝ ਜਾਂਦੀ ਐ।

ਗੁੱਸੇ ਦੇ ਬਾਵਜੂਦ ਮਲਕੀਤ ਦਾ ਦਿਲ ਹੱਸਣ ਨੂੰ ਕੀਤਾ। ਜੱਗਰ ਸੂਮ ਬੰਦੇ ਦੇ ਕਤਲ ਦਾ ਹਿਸਾਬ ਵੀ ਰੁਪਈਆਂ ਵਿਚ ਲਾ ਰਿਹਾ ਸੀ। ਚਾਹ ਦੀ ਆਖ਼ਰੀ ਘੁੱਟ ਭਰ ਕੇ ਉਹ ਜਾਣ ਲਈ ਖੜ੍ਹਾ ਹੋਇਆ, ਤਾਂ ਬੋਲਿਆ, "ਉਇ ਮਾਸਟਰ ਜੀ, ਕਿਹੜਾ ਇੱਕੀ ਹਜ਼ਾਰ। ਹੁਣ ਤਾਂ ਭਾਅ ਬਹੁਤ ਮਹਿੰਗੇ ਹੋ ਗਏ। ਹੁਣ ਤਾਂ ਕਤਲ, ਜੇ ਸਾਰਾ ਹਿਸਾਬ ਲਾਈਏ, ਲੱਖ ਰੁਪਈਏ ਵਿਚ ਪੈਂਦਾ ਹੋਊ। ਬੱਲੇ, ਬੱਲੇ ਚੱਕਿਆ ਗਿਆ ਬਈ ਕੰਮ ਮਹਿੰਗਾਈ ਦਾ !"

ਛੋਟੇ ਭਰਾ ਦੇ ਵਿਆਹ ਕਾਰਨ ਮਲਕੀਤ ਸਿੰਘ "ਛੁੱਟੀ" ਆਇਆ ਹੋਇਆ ਸੀ। ਪੰਜ ਦਿਨ ਮਸਾਂ ਮਿਲੇ ਸਨ। ਉਹ ਇਹ ਪੰਜੇ ਦਿਨ ਪਰਿਵਾਰ ਨਾਲ ਮਿਲ ਕੇ ਗੁਜ਼ਾਰਦਿਆਂ ਮੁੜ ਜਾਣਾ ਚਾਹੁੰਦਾ ਸੀ। ਪਰ ਘਰੇ ਤਾਂ ਅਜੇ ਕਿਸੇ ਨਾਲ ਠੀਕ ਤਰ੍ਹਾਂ ਕੋਈ ਗੱਲ ਵੀ ਨਹੀਂ ਸੀ ਹੋਈ। ਅਜੇ ਹਰਬੰਸ ਵੀ ਇਕੱਠ ਕਾਰਨ ਉਹਨੂੰ ਇਕੱਲੀ ਨਹੀਂ ਸੀ ਮਿਲ ਸਕੀ। ਬੱਚੇ ਇਕ ਵਾਰ ਪਿਆਰ ਲੈ ਕੇ ਚਾਚੇ ਦੇ ਵਿਆਹ ਦੇ ਚਾਅ ਵਿਚ ਫੇਰ ਇਧਰ-ਉਧਰ ਭੱਜ ਗਏ ਸਨ। ਦੂਜਾ ਹਰ ਕੋਈ ਉਹਦੇ ਨਾਲ ਬੱਸ ਗੱਲ ਹੀ ਉਹੋ ਛੇੜਦਾ ਸੀ। ਤੇ ਉਹਦੇ ਅੱਖਾਂ ਅੱਗੇ ਫੇਰ ਉਹੋ ਅਚਾਨਕ ਵਾਪਰੀ ਘਟਨਾ ਫਿਰਨ ਲਗਦੀ ਸੀ।

* * * * *

ਉਸ ਦਿਨ ਹਰਬੰਸ ਦੀ ਮਾਂ ਅਤੇ ਭੈਣ ਆਈਆਂ ਹੋਈਆਂ ਸਨ। ਰੋਟੀ-ਟੁੱਕ ਦਾ ਕੰਮ ਨਿਬੇੜ ਕੇ ਉਹ ਸਾਰੇ ਬੈਠੇ ਗੱਲਾਂ ਕਰ ਰਹੇ ਸਨ—ਉਹ, ਉਹਦੀ ਘਰਵਾਲੀ, ਹਰਬੰਸ, ਉਹਦੇ ਦੋਵੇਂ ਬੱਚੇ ਅਤੇ ਉਹਦੀ ਸੱਸ ਤੇ ਸਾਲੀ।

"ਉਇ ਹੋ ਕੇ ਸ਼ਰਾਬੀ ਜਾਣਾ ... ਉਇ ....", ਗਲੀ ਵਿਚੋਂ ਅਚਾਨਕ ਆਵਾਜ਼ ਆਈ। ਮਲਕੀਤ ਅਤੇ ਹਰਬੰਸ ਕੌਰ ਨੇ ਪਰੇਸ਼ਾਨ ਹੋ ਕੇ ਇਕ ਦੂਜੇ ਵੱਲ ਦੇਖਿਆ।

"ਰੜਕਾਂ ਕੱਢ ਦੇਊਂ ਸਾਰੀਆਂ ... ਉਇ...", ਲਲਕਾਰਾ ਐਨ ਉਹਨਾਂ ਦੇ ਘਰ ਦੇ ਅੱਗੇ ਉਚਾ ਹੋਇਆ।

"ਆਹ ਕੌਣ ਰੌਲਾ ਪਾਉਂਦਾ ਐ ?" ਸੱਸ ਨੇ ਪੁੱਛਿਆ।

"ਐਵੇਂ ਹੈ ਗਾ ਇਕ ਲਗਾੜਾ। ਦਮਾਗ ਹੱਲਿਆ ਹੋਇਆ ਐ। ਗਲੀਆਂ ਵਿਚ ਅਵਾ-ਤਵਾ ਬੋਲਦਾ ਫਿਰਦਾ ਰਹਿੰਦਾ ਐ!" ਹਰਬੰਸ ਕੌਰ ਨੇ ਗੱਲ ਟਾਲਣ ਲਈ ਮਾਂ ਨੂੰ ਕਿਹਾ।

ਜਦੋਂ ਮਾਸਟਰ ਮਲਕੀਤ ਸਿੰਘ ਪਰਿਵਾਰ ਨਾਲੋਂ ਅੱਡ ਹੋਇਆ ਸੀ, ਤਾਂ ਉਹਨੇ ਵਿਰਕ ਪੱਤੀ ਦੇ ਨਾਲ ਫਿਰਨੀ ਉਤੇ ਇਹ ਥਾਂ ਮੁੱਲ ਲੈ ਕੇ ਨਵਾਂ ਘਰ ਪਾਇਆ ਸੀ। ਜੱਦੀ ਘਰ ਵਿਚੋਂ ਉਹਨੂੰ ਆਉਂਦਾ ਹਿੱਸਾ ਬਹੁਤ ਛੋਟਾ ਸੀ। ਉਹਨੇ ਉਹਦੇ ਬਦਲੇ ਨਕਦ ਰਕਮ ਲੈ ਲਈ ਸੀ। ਦੂਜੇ ਅਗਵਾੜੋਂ ਆਇਆ ਹੋਣ ਕਰਕੇ ਅਤੇ ਦੂਜੇ ਗੋਤ ਦਾ ਹੋਣ ਕਰਕੇ ਜਲੌਰਾ ਉਹਦੇ ਨਾਲ ਖਾਰ ਖਾਂਦਾ ਸੀ। ਉਹਦਾ ਕੋਠੀ ਵਰਗਾ ਘਰ ਅਤੇ ਪਰਿਵਾਰ ਦੀ ਚੰਗੀ ਰਹਿਣੀ-ਬਹਿਣੀ ਦੇਖ ਕੇ ਵੀ ਉਹ ਈਰਖਾ ਨਾਲ ਮੱਚ ਕੇ ਕੋਲੇ ਹੋ ਜਾਂਦਾ। ਉਹ ਚਾਹੁੰਦਾ ਸੀ, ਇਸ ਪੱਤੀ ਵਿਚ ਉਹਦੇ ਪੈਰ ਲੱਗਣ ਤੋਂ ਪਹਿਲਾਂ ਹੀ ਉਹਦੇ ਉਤੇ ਦਬਦਬਾ ਪਾ ਲਵੇ। ਸਾਲਾ, ਬਰਾਬਰ ਦਾ ਸ਼ਰੀਕ, ਬਿਜਲੀ ਦੇ ਪੱਖਿਆਂ ਹੇਠਾਂ ਪੈਂਦਾ ਅਤੇ ਮੋਟਰ-ਸਾਈਕਲ ਉਤੇ ਚੜ੍ਹਦਾ ਸੀ!

ਤੇ ਫੇਰ ਇਕ ਸ਼ਾਮ ਠੇਕੇ ਤੋਂ ਦਾਰੂ ਪੀ ਕੇ ਆਏ ਜਲੌਰੇ ਦਾ ਉਹਨਾਂ ਦੇ ਘਰ ਅੱਗੇ ਲਲਕਾਰਾ ਮਾਰਨ ਨੂੰ ਦਿਲ ਕਰ ਆਇਆ। ਤੇ ਉਹਨੇ ਲਲਕਾਰਾ ਮਾਰ ਦਿੱਤਾ। ਮਲਕੀਤ ਚੁੱਪ ਕਰ ਰਿਹਾ। ਪਸ਼ੂ ਨਾਲ ਬੰਦੇ ਤੋਂ ਐਵੇਂ ਪਸ਼ੂ ਥੋੜ੍ਹਾ ਹੋਇਆ ਜਾਂਦਾ ਹੈ। ਕੁਝ ਦਿਨ ਮਗਰੋਂ ਸ਼ਰਾਬੀ ਹੋਏ ਜਲੌਰੇ ਨੇ ਫੇਰ ਲਲਕਾਰਾ ਮਾਰਿਆ। ਮਲਕੀਤ ਦੀ ਚੁੱਪ ਦੇਖ ਕੇ ਉਹ ਚਾਂਭਲ ਗਿਆ ਸੀ। ਅਗਲੀ ਸਵੇਰ ਮਲਕੀਤ ਨੇ ਬਾਪੂ ਨੂੰ ਆਖ ਕੇ ਪੰਚਾਇਤ ਬੁਲਾ ਲਈ। ਪਹਿਲਾਂ ਤਾਂ ਜਲੌਰਾ ਆਕੜਿਆ, "ਹੁਣ ਇਹਨੇ ਸਾਡਾ ਰਾਹ ਲੰਘਣਾ ਵੀ ਬੰਦ ਕਰਨਾ ਐ ?" ਪਰ ਹਵਾ ਦਾ ਰੁਖ ਆਪਣੇ ਉਲਟ ਜਾਂਦਾ ਦੇਖ ਕੇ ਉਹ ਜਈਂ ਜਈਂ ਕਰਨ ਲੱਗ ਪਿਆ। ਉਹਨੂੰ ਤਾੜਨਾ ਕਰਕੇ ਪੰਚਾਇਤ ਖਿੰਡ ਗਈ। ਪਰ ਉਹਦੇ ਉਤੇ ਅਸਰ ਕੋਈ ਨਹੀਂ ਸੀ ਹੋਇਆ।

ਜਦੋਂ ਵੀ ਦਾਰੂ ਪੀਂਦਾ ਅਤੇ ਉਧਰੋਂ ਦੀ ਲੰਘਦਾ, ਉਹ ਮਲਕੀਤ ਦੇ ਘਰ ਅੱਗੇ ਜ਼ਰੂਰ ਕੁਝ ਨਾ ਕੁਝ ਬੋਲ ਕੇ ਜਾਂਦਾ। ਪੰਚਾਇਤ ਜੁੜਦੀ, ਲਾਅਨਤਾਂ ਪੈਂਦੀਆਂ, ਆਖਰ ਲੋਕ ਮਲਕੀਤ ਨੂੰ ਕਹਿ ਦਿੰਦੇ, "ਇਹ ਤਾਂ ਸਾਲਾ ਮੂਰਖ ਐ। ਨਾ ਅਕਲ, ਨਾ ਮੱਤ। ਆਬਦੀ ਜ਼ਬਾਨ ਗੰਦੀ ਕਰਦਾ ਐ। ਤੂੰ ਹੀ ਠਰ੍ਹੰਮਾ ਰੱਖ ਭਾਈ। ਤੂੰ ਪੜ੍ਹਿਆ-ਲਿਖਿਆ ਐਂ, ਮਾਸਟਰ ਐਂ।"

ਅਜਿਹੇ ਮੌਕੇ ਮਲਕੀਤ ਸਿੰਘ ਨੂੰ ਗੁੱਸਾ ਤਾਂ ਚੜ੍ਹਦਾ, ਤਾਂ ਵੀ ਉਹ ਵਿਚੇ-ਵਿਚ ਵਿਹੁ ਘੋਲ ਕੇ ਸਬਰ ਕਰ ਲੈਂਦਾ। ਘਰ, ਪਰਿਵਾਰ, ਨੌਕਰੀ ਅਤੇ ਇੱਜ਼ਤ ਵੱਲ ਦੇਖ ਕੇ ਉਹ ਲੰਮੀ ਸੋਚ ਜਾਂਦਾ।

ਪਰ ਅੱਜ ਸੱਸ ਅਤੇ ਸਾਲੀ ਸਾਹਮਣੇ ਉਹਨੂੰ ਜਲੌਰੇ ਦੇ ਲਲਕਾਰੇ ਦੀ ਬੜੀ ਸ਼ਰਮ ਆ ਰਹੀ ਸੀ। ਉਹ ਉਠ ਕੇ ਖੜ੍ਹਾ ਹੋ ਗਿਆ। ਹਰਬੰਸ ਨੇ ਉਹਨੂੰ ਟੋਕਿਆ, "ਕਿਥੇ ਜਾਨੋਂ ਓਂ ਤੁਸੀਂ ? ਕੀ ਲੈਣਾ ਐ ਤੁਸੀਂ ਉਹਦੇ ਮੂੰਹ ਲਗ ਕੇ ?"

"ਆਪਾਂ ਕੀ ਲੜਾਈ ਕਰਨੀ ਐ। ਬਾਰ ਖੋਲ੍ਹਦਾ ਦੇਖ ਕੇ ਆਪੇ ਤੁਰ ਜਾਊ", ਮਲਕੀਤ ਨੇ ਸ਼ਾਂਤੀ ਨਾਲ ਜਵਾਬ ਦਿੱਤਾ।

"ਛਡੋ ਪਰ੍ਹੇ ਆਪਾਂ ਨ੍ਹੀਂ ਖੋਲ੍ਹਣਾ ਦਰਵਾਜ਼ਾ", ਹਰਬੰਸ ਨੇ ਖੜ੍ਹੀ ਹੋ ਕੇ ਉਹਦਾ ਰਾਹ ਰੋਕਣ ਵਾਂਗ ਰਿਹਾ।

"ਹੈ ਕਮਲੀ ਨਾ ਸਿਆਣੀ", ਮਲਕੀਤ ਉਹਦਾ ਹੱਥ ਹੌਲੀ ਜਿਹੇ ਲਾਂਭੇ ਹਟਾ ਕੇ ਹੱਸਿਆ।

"ਚਲੋ ਛੱਡੋ ਜੀਜਾ ਜੀ, ਆਪਾਂ ਬੈਠੇ ਆਬਦੀਆਂ ਗੱਲਾਂ ਕਰਦੇ ਆਂ",

(ਬਾਕੀ ਪੰਨਾ 12 ਤੇ)

# ਸਾ ਹਿ ਤ ਦ ਰ ਪ ਣ

## ਗੁਰਚਰਨ ਰਾਮਪੁਰੀ ਦਾ ਨਵਾਂ ਕਾਵਿ-ਸੰਗ੍ਰਹਿ

## ਕਤਲਗਾਹ

ਕੋਈ ਕਲਾ-ਕ੍ਰਿਤ ਓਨਾ ਚਿਰ ਮਹਾਨ ਨਹੀਂ ਹੋ ਸਕਦੀ ਜਦ ਤੱਕ ਉਹ ਵਿਅਕਤੀਗਤ ਅਨੁਭਵ ਉਤੇ ਆਧਾਰਤ ਨਹੀਂ। ਫਿਰ ਵੀ ਮਹਾਨ ਕਲਾਕਾਰ ਉਹ ਹੀ ਹੋ ਸਕਦਾ ਹੈ ਜੋ ਨਿੱਜੀ ਅਨੁਭਵ ਨੂੰ ਆਪਣੇ ਤੱਕ ਸੀਮਤ ਨਾ ਕਰੇ ਸਗੋਂ ਸਾਰੀ ਮਨੁੱਖਤਾ ਦੇ ਮਨੋਭਾਵਾਂ ਦੀ ਤਰਜਮਾਨੀ ਕਰੇ। ਇਸ ਲਈ ਸਾਹਿਤ ਦਾ ਕਰਤੱਵ ਇਹ ਹੋ ਜਾਂਦਾ ਹੈ ਕਿ ਮਨੁੱਖ ਨੂੰ ਪ੍ਰਾਪਤੀ ਲਈ ਪ੍ਰੇਰਨਾ ਤੇ ਸ਼ਕਤੀ ਦੇਵੇ। ਗੁਰਚਰਨ ਰਾਮਪੁਰੀ ਦੀ ਪੁਸਤਕ 'ਕਤਲਗਾਹ' ਆਪਣੀ ਕਵਿਤਾ ਰਾਹੀਂ 'ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ" ਦੀ ਪ੍ਰਾਪਤੀ ਦੀ ਪ੍ਰੇਰਨਾ ਵੀ ਦਿੰਦੀ ਹੈ ਅਤੇ ਸ਼ਕਤੀ ਵੀ। ਰਾਮਪੁਰੀ-ਕਾਵਿ ਦੀ ਸਮਰੱਥਤਾ ਇਸੇ ਵਿਚ ਹੈ ਕਿ ਉਹ ਕੁਲ ਲੋਕਾਈ ਦਾ ਕਵੀ ਹੈ ਜਿਥੇ 'ਸਭੇ ਏਕੈ ਜੋਤ ਜਾਨਬੋ' ਦੇ ਲਖਸ਼ ਦੀ ਪੂਰਤੀ ਹੈ।

'ਕਤਲਗਾਹ' ਰਾਮਪੁਰੀ ਦਾ ਛੇਵਾਂ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਕਣਕਾਂ ਦੀ ਖੁਸ਼ਬੋ (1953) ਕੌਲ ਕਰਾਰ (1960) ਕਿਰਨਾਂ ਦਾ ਆਲ੍ਹਣਾ (1963) ਅੰਨ੍ਹੀ ਗਲੀ (1972) ਕੰਚਨੀ (1980) ਪੰਜਾਬੀ ਕਾਵਿ ਨੂੰ ਭੇਟ ਕਰ ਚੁਕਾ ਹੈ। 1985 ਵਿਚ ਪ੍ਰਕਾਸ਼ਤ ਉਸਦਾ ਨਵਾਂ ਕਾਵਿ-ਸੰਗ੍ਰਹਿ 'ਕਤਲਗਾਹ' ਫਿਰਕੂ ਅਤੇ ਤੰਗ-ਨਜ਼ਰੀ ਦਾ ਸ਼ਿਕਾਰ ਲੋਕਾਂ ਦੇ ਵਖੀਏ ਹੀ ਨਹੀਂ ਉਧੇੜਦਾ ਸਗੋਂ ਅਜਿਹੀ ਸ਼ਕਤੀਸ਼ਾਲੀ ਆਵਾਜ਼ ਵੀ ਬਣਦਾ ਹੈ :

'ਕਲਮ ਦੀ ਗਰਦਨ ਤੇ ਰੱਖੀ ਹੈ ਜਿਨ੍ਹੇ ਕਾਇਰ ਕਟਾਰ,
ਓਸ ਦਾ ਕੀ ਵਾਸਤਾ ਦਸ਼ਮੇਸ਼ ਜਾਂ ਨਾਨਕ ਦੇ ਨਾਲ !'

ਮਨੁੱਖਤਾ ਕੇਵਲ ਪੰਜਾਬ ਤੱਕ ਸੀਮਤ ਨਹੀਂ। ਨਾ ਇਕੱਲਾ ਪੰਜਾਬ ਹੀ ਦਹਿਸ਼ਤਗਰਦੀ ਦਾ ਸ਼ਿਕਾਰ ਹੈ। ਅੱਜ ਕੀ ਈਰਾਨ, ਕੀ ਇਰਾਕ, ਕੀ ਲੈਬੇਨਾਨ, ਕੀ ਦੱਖਣੀ ਅਫਰੀਕਾ—ਸਮੁੱਚੀ ਦੁਨੀਆਂ ਅਜਿਹੀ ਅੱਗ ਦੀ ਲਪੇਟ ਵਿਚ ਹੈ ਜਿਸ ਨੂੰ ਸਾਮਰਾਜੀ ਤਾਕਤਾਂ ਅਤੇ ਉਨ੍ਹਾਂ ਦੇ ਦੁੰਮ ਛੱਲੇ ਹੋਰ ਭੜਕਾਉਣ ਲਈ ਤੇਲ ਛਿੜਕ ਰਹੇ ਹਨ। ਇਸੇ ਲਈ ਗੁਰਚਰਨ ਰਾਮਪੁਰੀ ਵਰਗਾ ਸੂਖਮ ਭਾਵਾਂ ਦਾ ਕਵੀ ਕਹਿ ਉਠਦਾ ਹੈ :

"ਕੱਲ੍ਹ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖਾਤਰ ਸੀ ਰੋਇਆ,
ਅੱਜ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖਾਤਰ ਵੀ ਰੋਇਆ
ਕੱਲ੍ਹ ਵੀ ਮਾਨੁੱਖ ਮੋਇਆ,
ਅੱਜ ਵੀ ਮਾਨੁੱਖ ਮੋਇਆ।"

ਸੂਖਮ-ਭਾਵੀ ਕਵੀ ਅਜਿਹੇ ਦਰਦਨਾਕ ਹਾਦਸਿਆਂ ਸਮੇਂ ਸਮੁੱਚੀ ਮਨੁੱਖਤਾ ਦੀ ਖਾਤਰ ਖਲੋਂਦਾ ਹੈ। ਮਜ਼੍ਹਬ ਦੇ ਨਾਂ ਤੇ ਲੜਾਈਆਂ ਸਮੁੱਚੀ ਮਨੁੱਖਤਾ ਦਾ ਘਾਣ ਕਰਨ ਤੇ ਤੁਲੀਆਂ ਹੋਈਆਂ ਹਨ। ਮਜ਼੍ਹਬ ਵਰਗੀ ਸ਼ਕਤੀ ਨੂੰ ਸਰਕਾਰਾਂ ਆਪਣੇ ਮਤਲਬ ਲਈ ਵਰਤਦੀਆਂ ਹਨ - ਇਸੇ ਕਾਰਨ ਗੁਰਚਰਨ ਰਾਮਪੁਰੀ ਕਹਿੰਦਾ ਹੈ :

"ਮੌਜ ਲਈ ਮਾਇਆ ਦੇ ਲੋਭੀ
ਹਊਮੈ ਲਈ ਸੱਤਾ ਨੂੰ ਪੂਜਣ
ਗੱਦੀ ਹੀ ਇਨ੍ਹਾਂ ਦਾ ਰੱਬ ਹੈ !"

ਇਸੇ ਲਈ ਅਜਿਹੇ ਗੱਦੀਆਂ ਦੇ ਲਾਲਚੀ ਚਿਹਰੇ ਜਦੋਂ ਮਜ਼੍ਹਬ ਦੀ ਨਿਕਾਬ ਪਾ ਕੇ ਦੁਨੀਆਂ ਦੇ ਸਾਹਮਣੇ ਆਉਂਦੇ ਹਨ ਤਾਂ ਉਹ ਲੋਕਾਂ ਦੀ ਜੀਭ ਨੂੰ ਜੰਦਰੇ ਮਾਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ। ਦਹਿਸ਼ਤਗਰਦੀ ਫਾਸ਼ੀਵਾਦ ਦਾ ਹੀ ਦੂਜਾ ਰੂਪ ਹੈ ਜਿਸਨੇ ਸੰਸਾਰ ਨੂੰ ਦੋਵਾਂ ਵੱਡੀਆਂ ਜੰਗਾਂ ਵਿਚ ਧੱਕਿਆ ਸੀ।

ਮਨੁੱਖ ਦਹਿਸ਼ਤਗਰਦੀ ਦੀ ਅੱਗ ਵਿਚ ਝੁਲਸਿਆ ਜਾ ਰਿਹਾ — ਕਰਾਹ ਰਿਹਾ ਹੈ। ਗੁਰਚਰਨ ਰਾਮਪੁਰੀ ਦਹਿਸ਼ਤਗਰਦੀ ਦੇ ਕਾਰਨਾਂ ਨੂੰ ਪੜਤਾਲਦਾ ਹੈ, ਉਨ੍ਹਾਂ ਪਿਛੇ ਲੁਕੇ ਚਿਹਰਿਆਂ ਨੂੰ ਨੰਗੇ ਕਰਦਾ ਹੈ ਤੇ ਅੰਤ ਇਸ ਸਿੱਟੇ ਉਤੇ ਪੁਜਦਾ ਹੈ ਕਿ :

"ਲੱਗਦਾ ਹੈ ਮੈਂ ਇਕੱਲਾ ਤੇ ਸ਼ਿਕਾਰੀ ਬਹੁਤ ਸਾਰੇ
ਪਰ ਮਿਰੇ ਇਕੋ ਹੀ ਵੈਰੀ ਦੇ ਮੁਖੌਟੇ ਅਣਗਿਣਤ ਹਨ
ਧਰਮ, ਬੋਲੀ, ਫਲਸਫੇ ਜਾਂ ਕੌਮ ਦੇ ਨਾਅਰੇ ਦੇ ਓਹਲੇ
ਅਸਲ ਵਿਚ ਗੱਦੀ ਲੁਕੀ ਹੈ।"

ਗੁਰਚਰਨ ਰਾਮਪੁਰੀ ਦੀ ਕਾਵਿ-ਕਲਾ ਦਾ ਇਹ ਵਿਸ਼ੇਸ਼ ਲੱਛਣ ਹੈ ਕਿ ਉਹ ਆਪਣੇ ਭਾਵਾਂ ਨੂੰ ਸ਼ਬਦ-ਜਾਲ ਵਿਚ ਨਹੀਂ ਉਲਝਾਉਂਦਾ। ਜਦੋਂ ਕਿ 'ਕਲਾ ਕਲਾ ਲਈ' ਦੇ ਪੁਜਾਰੀ ਸ਼ਬਦਾਂ ਦੇ ਮੋਹ-ਜਾਲ ਵਿਚ ਅਜਿਹੇ ਫਸਦੇ ਹਨ ਕਿ ਉਹ ਆਪਣੇ ਕਾਵਿ-ਮੰਡਲ ਉਤੇ ਸ਼ਬਦਾਂ ਦੀ ਧੁੰਦ ਪਸਾਰ ਬੈਠਦੇ ਹਨ। ਰਾਮਪੁਰੀ-ਕਾਵਿ ਦੀ ਵਿਸ਼ੇਸ਼ਤਾ ਇਸ ਵਿਚ ਹੈ ਕਿ ਉਹ ਸਹੀ ਵਿਸ਼ਲੇਸ਼ਣ ਕਰਕੇ ਸਾਦਗੀ ਅਪਣਾਉਂਦਾ ਹੈ ਤੇ ਜ਼ਿੰਦਗੀ ਵਿਚ ਪਸਰੇ ਕੂੜ ਅਤੇ ਹਨੇਰੇ ਨੂੰ ਆਪਣੀ ਕਾਵਿ-ਸਾਧਨਾ ਰਾਹੀਂ ਨਿਵਾਰਣ ਦੀ ਕੋਸ਼ਿਸ਼ ਕਰਦਾ ਹੈ :

"ਓ ਮੇਰੇ ਦੋਸਤੋ !
ਵਕਤ ਜਾਂਦਾ ਪਿਆ
ਕੁਝ ਚਾਰਾ ਕਰੋ।
ਕੁਟਲ ਨੀਤੀ ਪਛਾਣੋ ਤੇ ਚਾਰਾ ਕਰੋ
ਪੀੜ ਦੀ ਸਾਂਝ ਜਾਣੋ ਤੇ ਚਾਰਾ ਕਰੋ !"

'ਕਤਲਗਾਹ' ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਉਸ ਲਹੂ ਦੀਆਂ ਕਵਿਤਾਵਾਂ ਹਨ ਜੋ ਸਾਂਝ ਦੀ ਪ੍ਰੇਰਨਾ ਦਿੰਦਾ ਹੈ — ਮਨੁੱਖ ਨੂੰ ਮਾਨੁੱਖ ਹੋਣ ਦਾ ਪ੍ਰਮਾਣ ਪੇਸ਼ ਕਰਦਾ ਹੈ। ਹਰ ਟੀਰੀ ਅੱਖ ਨੂੰ ਇਨ੍ਹਾਂ ਵਿਚੋਂ ਅਜਿਹਾ ਕੁਝ ਲੱਭੇਗਾ ਜੋ ਉਨ੍ਹਾਂ ਦੇ ਟੀਰ ਨੂੰ ਸ਼ਰਮਸਾਰ ਕਰਦਾ ਨਜ਼ਰੀਂ ਆਵੇਗਾ। ਇਨ੍ਹਾਂ ਨੂੰ ਰਾਜਸੀ ਕਵਿਤਾਵਾਂ ਦਾ ਨਾਂ ਦੇਣਾ ਵੀ ਉਚਿਤ ਨਹੀਂ ਹੋਵੇਗਾ ਕਿਉਂਕਿ ਸੱਚ ਸੱਚ ਹੁੰਦਾ ਹੈ ਪਰ ਰਾਮਪੁਰੀ ਦੇ ਕਹਿਣ ਵਾਂਗ 'ਸੱਚ ਕੋਈ ਵੀ ਨਹੀਂ ਹੈ ਆਖਰੀ'। ਸੱਚ ਸਮੇਂ ਦਾ ਹੁੰਦਾ ਹੈ। ਤੇ ਰਾਮਪੁਰੀ ਦੇ ਸ਼ਬਦਾਂ ਵਿਚ ਹੀ :

"ਸੱਚ ਤਾਂ ਰਾਹ ਹੈ ਕੋਈ ਮੰਜ਼ਿਲ ਨਹੀਂ
ਤੇਰੀ ਮੰਜ਼ਿਲ ਤਾਂ ਹੈ ਰੌਸ਼ਨ ਜ਼ਿੰਦਗੀ।"

ਇਸ ਲਈ 'ਕਤਲਗਾਹ' ਦੀਆਂ ਨਜ਼ਮਾਂ ਨਾਲ ਰਾਮਪੁਰੀ ਦੀ ਕਵਿਤਾ ਇਕ ਹੋਰ ਪੜਾਅ ਤਹਿ ਕਰਦੀ ਹੈ।

ਦਰਸ਼ਨ ਗਿੱਲ

## ਗੁਰਚਰਨ ਰਾਮਪੁਰੀ ਦੀਆਂ ਨਜ਼ਮਾਂ



### ਰਸਮ ਉਹਲੇ ਰੋਸ਼ਨੀ ਮੁੜ ਮਰ ਗਈ

ਸ਼ਹਿਰ ਵਿਚ ਪਹਿਲਾਂ ਵੀ ਜੰਗਲ ਸੀ
ਹੈ ਜੰਗਲ ਅਜੇ ਵੀ।

ਬੱਸ ! ਖਿੜੇ ਸਨ ਕੁੱਝ ਗੁਲਾਬ,
ਕੁੱਝ ਦਿਨਾਂ ਖਾਤਰ ਜਿਨ੍ਹਾਂ ਤੇ
ਕਹਿਰ ਦਾ ਆਇਆ ਸ਼ਬਾਬ,
ਕਈ ਨੈਣਾਂ ਵਿਚ ਜਾਗੇ
ਮਹਿਕਦੇ ਜੁੱਗਾਂ ਦੇ ਖ਼ਾਬ।

ਮਾਲੀਆਂ ਨੇ ਰੱਤ ਅਪਣੀ
ਨਾਲ ਸਿੰਜੀ ਹਰ ਕਿਆਰੀ,
ਹਰ ਖੁਸ਼ੀ ਅਪਣੀ
ਭਵਿੱਖ ਦੀ ਮੁਸਕਣੀ ਤੋਂ ਹੱਸ ਵਾਰੀ,
ਗੀਤ ਗੁਲ ਤਲਵਾਰ ਸਰਗਮ
ਗਤੀ ਦੇ ਰਾਹ ਤੋਰ ਕੇ ਹੀ ਆਪ ਸੁੱਤੇ।

ਗੀਤ ਪਰ ਗੱਦੀ ਨੇ ਮੁੜ ਕੇ ਦਾਸ ਕੀਤਾ,
ਜ਼ੁਲਮ ਦੀ ਵੈਰੀ ਕਟਾਰ
ਜਬਰ ਦੇ ਹੱਥੇ ਚੜ੍ਹੀ।
ਰਸਮ ਉਹਲੇ ਰੋਸ਼ਨੀ ਮੁੜ ਮਰ ਗਈ,
ਕਲਮ ਦੇ ਸਿਰ ਫੇਰ ਖੰਜਰ ਲਟਕਦੀ;
ਸ਼ਹਿਰ ਵਿਚ ਸੁਰ ਮਾਤਮੀ।

ਸੜਕ ਹੁਣ ਮਹਿਬੂਬ ਦੇ ਘਰ ਤੀਕ ਪਹੁੰਚਾਉਂਦੀ ਨਹੀਂ
ਪੈਰ ਮੇਰੇ ਬੇਗੁਨਾਹਾਂ ਦੇ ਲਹੂ ਤੇ ਆ ਰੁਕੇ,
ਲਹੂ ਜੋ ਰਸਤੇ ਚੋਂ ਹਟਦਾ ਹੀ ਨਹੀਂ
ਸ਼ਹਿਰ ਦੇ ਵਿਚ ਫੇਰ ਜੰਗਲ ਉੱਗਿਆ ਹੈ।

### ਇਸ ਲਹੂ ਦਾ ਧਰਮ ਕੀ ਹੈ

ਪਹੇ ਦੀ ਹਿੱਕ ਤੇ ਜੰਮਿਆਂ ਇਹ ਲਹੂ ਕਿਸਦਾ ਹੈ ?
ਸਿਵੇ ਦੀ ਲਾਟ ਦੇ ਵਾਂਗੂੰ ਇਹ ਦਾਗ਼ ਬਲਦੇ ਨੇ।

ਪਹਿਰ ਕੁ ਪਹਿਲਾਂ ਸੀ ਟੱਬਰ ਮੁਹੱਬਤਾਂ ਭਰਿਆ,
ਫਿਰ ਆਇਆ ਅਕਲ-ਹੀਣ ਇਕ ਨਫ਼ਰਤੀ ਝੱਖੜ,
ਹਰੇਕ ਨੂਰ ਵੰਡੌਂਦੇ ਚਿਰਾਗ਼ ਦੇ ਸੀਨੇ
ਹਨ੍ਹੇਰ ਮਾਰਿਆ ਤੋਲਾ ਬਰੂਦ ਦਾ ਜੀਹਨੇ;
ਤੜਪ ਕੇ ਰਹਿ ਗਏ ਦਿਲ ਤੇ ਹੁਸੀਨ ਮੁਸਕਾਣਾਂ,
ਉਹ ਸਿਰਜਣਾ ਦੇ ਕ੍ਰਿਸ਼ਮੇਂ, ਘੜੀ ਸਰਾਪੀ ਨੂੰ,
ਕਰੂਪ ਲਾਸ਼ਾਂ ਦੀ ਬੇਅਰਥ ਬਣ ਗਏ ਗਿਣਤੀ।

ਪਛਾਣ ਸਕਦੇ ਹੋ ਇਸ ਲਹੂ ਦਾ ਧਰਮ ਕੀ ਹੈ ?
ਕੀ ਨਸਲ, ਜਾਤ, ਗਿਰਾਂ, ਲਿੰਗ ਜਾਂ ਉਮਰ ਕੀ ਹੈ ?
ਇਦ੍ਹਾ ਧਰਮ ਤਾਂ ਜਿਉਂਦੀ ਰਗਾਂ 'ਚ ਵਗਣਾ ਸੀ,
ਅਣੂ ਅਣੂ ਨੂੰ ਪ੍ਰਾਣਾਂ ਦਾ ਦਾਨ ਦੇਣਾ ਸੀ;
ਜਦੋਂ ਇਹ ਜ਼ਿੰਦਗੀ-ਦਾਤਾ ਹੈ ਧੂੜ ਵਿਚ ਮਰਿਆ
ਹਰੇਕ ਬੂੰਦ 'ਚ ਇਸਦੀ ਹੈ ਸਿਰਜਣਾ ਹਾਰੀ,
ਹਰੇਕ ਬੂੰਦ 'ਚ ਇਸਦੀ ਹੈ ਰੱਬਤਾ ਹਾਰੀ।

ਇਹ ਕਿਹੜੇ ਰੱਬ ਨੂੰ ਰਾਜ਼ੀ ਕਰਨ ਤੁਰੇ ਹੋ ਤੁਸੀਂ !
'ਸਿਆਣੇ' ਗ਼ਾਜ਼ੀਓ ! ਹਠ ਧਰਮੀਓ ! ਰੁਕੋ ! ਸੋਚੋ !!
ਖਲਿਕ ਨੂੰ ਮਾਰ ਕੇ ਖਾਲਿਕ ਨੂੰ ਖੁਸ਼ ਕਰੋਗੇ ਕਿਵੇਂ ?
ਜਦੋਂ ਜ਼ਹੂਰ ਉਦ੍ਹਾ ਸਿਰਫ਼ ਉਹਦੀ ਖਲਕਤ ਹੈ।

### ਪਾਗਲ ਦੀ ਉੱਮਤ

ਪਾਗਲ ਦੇ ਪਿੱਛੇ ਨਾ ਲੱਗੋ,
ਪਤਾ ਨਹੀਂ ਕਦ ਆਗੂ ਤੋਂ ਵੈਰੀ ਬਣ ਜਾਵੇ,
ਅੱਖਾਂ ਬਦਲੇ, ਪਿੱਛੇ ਮੁੜ ਕੇ
ਮਿੱਤਰਾਂ ਨੂੰ ਹੀ ਪਾਰ ਬੁਲਾਵੇ।

ਪਾਗਲ ਦੇ ਅੱਗੇ ਨਾ ਲੱਗੋ,
ਖਬਰੇ ਓਸ ਤਿਓੜੀ ਵੱਟੀ ਜਾਂ ਮੁਸਕਾਵੇ,
ਮੇਹਰਬਾਨ ਤੋਂ ਕਹਿਰਵਾਨ ਹੋ
ਤੁਹਾਡੀ ਅਲਖ ਮੁਕਾਵੇ।

ਪਾਗਲ ਦੇ ਨਾ ਤੁਰੋ ਬਰਾਬਰ
ਇਹ ਨਾ ਉਸਨੂੰ ਭਾਵੇ,
ਉਸਦੇ ਤੁਲ ਜੱਗ ਵਿਚ ਕੋਈ ਹੋਵੇ,
ਉਹ ਇਹ ਕਦੇ ਨਾ ਚਾਹਵੇ।

ਪਾਗਲ ਦੇ ਨੇੜੇ ਨਾ ਢੁੱਕੋ,
ਉਹਦੇ ਗਿਰਾਂ ਨਾ ਜਾਓ,
ਬਚਣ ਲਈ ਉਸਦੀ ਛਾਂ ਤੋਂ ਵੀ
ਚਾਹੇ ਵਾਟ ਵਧਾਓ।

ਅੱਜ ਦੇ ਜੁੱਗ 'ਚ ਉਸਦੀ ਉੱਮਤ
ਬੈਠੀ ਗੱਦੀ ਉੱਤੇ
ਮੇਹਨਤੀਆਂ ਦੇ ਭਾਗ ਅਜੇ ਤੱਕ
ਤਾਹੀਓਂ ਤਾਂ ਨੇ ਸੁੱਤੇ।

### ਜਦੋਂ ਕਲ.ਗੀ ਸਜ ਗਈ

ਤੁਸੀਂ ਤਾਂ ਗੱਦੀਓਂ ਉਰ੍ਹਾਂ ਹੀ ਜਬਰ ਦੇ ਰਾਹ ਪੈ ਗਏ ਹੋ
ਜਦੋਂ ਕਲਗੀ ਸਜ ਗਈ ਤਾਂ ਕੀ ਕਰੋਗੇ !
ਤੁਸੀਂ ਜਿਸ ਬੂਟੇ ਦੀ ਛਾਵੇਂ ਬੈਠਣਾ ਹੈ
ਉਸੇ ਨੂੰ ਕੱਟਦੇ ਪਏ ਹੋ।

ਤੁਸੀਂ ਜੋ ਬਾਰੂਦ ਜਾਬਰ ਲਈ ਸੁਕਾ ਕੇ ਰੱਖਣਾ ਸੀ
ਉਹ ਬਿਦੋਸੇ ਖੂਨ ਵਿਚ ਭਿੱਜਦਾ ਪਿਆ ਹੈ,
ਇਹੀ ਤਾਂ ਬਾਬਰ ਅਜੋਕਾ ਭਾਲਦਾ ਹੈ।

ਜੇ ਕਦੇ ਇਤਿਹਾਸ ਦੇ ਨਾਦਰ ਨੂੰ ਉਲਟਾ ਕਰ ਕੇ ਦੇਖੋ,
ਅੱਜ ਦਾ ਹਾਕਮ ਬਣੇਗਾ।

ਮੰਨਿਆਂ ਜੱਥੇ 'ਚ ਨੇ ਸਿਰਲੱਥ ਤੇ ਬਲਵਾਨ ਹਾਥੀ,
ਜੇ ਇਨ੍ਹਾਂ ਨੂੰ ਸਿਰਫ਼ ਅੰਨ੍ਹੀ-ਮਦ ਪਿਲਾ ਕੇ ਜੰਗ ਵਿਚ ਘੱਲਦੇ ਰਹੋਗੇ,
ਫੇਰ ਦਿੱਲੀ ਦੇ ਤਖਤ ਤੇ ਸਿਰਫ਼ ਬਾਬਰ ਹੀ ਬਹੇਗਾ।

ਮੇਰੇ ਮਿੱਤਰੋ !
ਤੀਰ ਚਿੱਲੇ ਚਾੜ੍ਹਨੋਂ ਪਹਿਲਾਂ ਵਿਚਾਰੋ
ਕੀ ਨਿਸ਼ਾਨਾ ਹੈ ਤੁਹਾਡਾ ?
ਨਹੀਂ ਤਾਂ, ਦੁਸ਼ਮਣ ਦੀ ਥਾਂ ਤੇ, ਸਿਰਫ਼ ਵਾ ਨੂੰ ਹੀ ਤੁਸੀਂ ਫੱਟੜ ਕਰੋਗੇ।
ਕਿਸੇ ਵੀ ਤਰਕਸ਼ ਦੇ ਵਿਚੋਂ ਤੀਰ ਆਖਰ ਮੁੱਕ ਜਾਂਦੇ,
ਤੀਰ ਕੇਵਲ ਇੱਕ ਹੋਵੇਗਾ ਤੁਹਾਡੇ ਐਨ ਨੇੜੇ
ਪਰ ਤੁਹਾਨੂੰ ਨਾ ਦਿਸੇਗਾ ਨੈਣ ਖੁਲ੍ਹੇ ਹੁੰਦਿਆਂ ਵੀ।

ਓਸ ਨੂੰ ਸੀਨੇ ਲਗਾ ਕੇ
ਤੁਸੀਂ ਤੇ ਲਲਕਾਰ ਦੋਵੇਂ ਸਦਾ ਖਾਤਰ ਸੌਂ ਰਹੋਗੇ,
ਚੁੱਪ, ਗਾੜ੍ਹੀ ਧੁੰਦ ਵਾਂਗੂੰ, ਸ਼ਹਿਰ ਨੂੰ
ਅਪਣੇ ਕਲਾਵੇ ਲੈ ਲਵੇਗੀ।

### ਆਨੰਦਪੁਰੀ ਤੋਂ ਕਤਲਗਾਹ

ਇਹ ਜਹਾਜ਼ ਪਹਿਲੋਂ ਵੀ ਕਿੰਨੀ ਵਾਰੀ ਅਗਵਾ ਹੋਇਆ,
ਸੁਪਨੇ ਜਹੇ ਸ਼ਹਿਰ ਦੀ ਥਾਂ ਮਾਰੂ-ਥਲ ਆਣ ਖਲੋਇਆ।

ਮੰਜ਼ਿਲ ਦੇ ਚਾਅ ਵਿਚ ਮੁਸਾਫਿਰ ਸਨ ਮੁਸਕਾਉਂਦੇ,
ਜੀਵਨ-ਦਾਤੀ ਵਾ 'ਤੇ ਉੱਡਦੇ, ਗੀਤ ਇਲਾਹੀ ਗਾਉਂਦੇ।

ਪੱਥਰ ਦੇ ਨਿਰਜਿੰਦ ਬੁੱਤਾਂ ਤੋਂ ਗੱਲ ਸ਼ਬਦ 'ਤੇ ਆਈ
ਅੰਨ੍ਹੀਂ ਸ਼ਰਧਾ ਨ੍ਹੇਰੇ ਚਮਕੀ ਚਿੰਤਨ ਦੀ ਰੁਸ਼ਨਾਈ।

ਚਹੁੰ ਕੂੰਟਾਂ ਤੋਂ ਚਾਨਣ ਆਇਆ, ਚਾਰੇ ਦਰ ਜਾ ਖੁੱਲੇ,
ਸੱਚ ਦੀ ਸੁਰ ਦਾ ਅੰਮ੍ਰਿਤ ਪੀ ਕੇ ਚੜ੍ਹੇ ਹਵਾ ਦੇ ਬੁੱਲੇ।

ਦੋਖੀ ਨੇ ਖੰਜਰ ਲਿਸ਼ਕਾਈ, ਚਾਲਕ ਸਿਰ ਲਟਕਾਈ
ਜ਼ੁਲਮੀ ਅਗਨੀ ਕੁੰਦਨ ਬਣਿਆ ਸੱਚ, ਸੁਰ ਦਾ ਸ਼ੈਦਾਈ।

ਤੱਤੀ ਲੋਹ 'ਤੇ ਦੇਗ਼ ਉਬਲਦੀ, ਸਿਰ ਤੇ ਰੇਤਾ ਤੱਤਾ
ਇਕ ਪਾਸੇ ਨੂਰੀ ਸਿਰ ਸੂਰਾ, ਦੂਜੇ ਪਾਸੇ ਸੱਤਾ।

ਸਿਦਕ ਅਟੰਕ, ਅਡੋਲ ਖਲੋਤਾ, ਹੋਇਆ ਜਬਰ ਸ਼ੁਦਾਈ
ਮਹਾਂ-ਕਵੀ ਨੇ ਜੀਵਨ ਕਵਿਤਾ, ਰਾਵੀ ਪਹੁੰਚ ਮੁਕਾਈ,
ਸਭੇ ਮੁਸਾਫਿਰ ਗ਼ਮ ਵਿੱਚ ਡੁੱਬੇ, ਪੈ ਗਈ ਰਾਮ-ਦੁਹਾਈ।

ਇਹ ਜਹਾਜ਼ ਆਨੰਦਪੁਰੀ ਤੋਂ ਕਤਲਗਾਹ ਮੁੜ ਮੁੜ ਕੇ ਪੁੱਜਿਆ,
ਬ੍ਰਹਮ-ਸ਼ਬਦ ਤੇ ਸੁਰ ਦਾ ਅੰਮ੍ਰਿਤ ਰੱਤ 'ਚ ਰਲਿਆ,
ਫੇਰ ਕਿਸੇ ਨੇ ਕਪਟ ਕਮਾਇਆ, ਦਰਬਾਰੀਂ ਜਾ ਵੜਿਆ,
ਪੰਛੀ ਨੂੰ ਡੇਰੇ, ਰੰਗ-ਮਹਿਲੀਂ, ਕਦੇ ਹਵੇਲੀ ਖੜਿਆ।

ਕਈ ਮਸੰਦ ਗੁਰੂ ਨੇ ਫੂਕੇ, ਪਰ ਇਹ ਕਦੇ ਨਾ ਮੁੱਕਦੇ
ਡੁੱਲ੍ਹੀ ਰੱਤ ਉੱਤੋਂ ਲੰਘ ਚੋਰੀ, ਜਾਬਰ ਦੇ ਦਰ ਝੁਕਦੇ।

ਤਿਰਛੀ ਨਜ਼ਰ ਲੁਕਾਈ ਖਾਤਰ, ਹਾਕਮ ਦੇ ਵੱਲ ਸਿੱਧੀ
ਹੋਰਾਂ ਦੇ ਦੁੱਖਾਂ ਦੀ ਪੌੜੀ, ਚੜ੍ਹ ਕੇ ਮੱਲਦੇ ਗੱਦੀ।

(ਪੰਨਾ 10 ਦੀ ਬਾਕੀ)

ਉਹਦੀ ਸਾਲੀ ਨੇ ਵਰਜਿਆ।

"ਬਈ ਕਿਤੇ ਨ੍ਹੀਂ ਚੱਲਿਆ ਮੈਂ ! ਐਵੇਂ ਹੀ ਰੌਲਾ ਪਾਉਣ ਲਗ ਪਈਆਂ ਸਾਰੀਆਂ", ਮਲਕੀਤ ਬੋਲਿਆ।

"ਵੇ ਪੁੱਤ, ਕੀ ਲੈਣਾ ਐ ਆਪਾਂ ਕਿਸੇ ਨੂੰ ਛੇੜ ਕੇ। ਛੱਡ ਪਰੇ। ਪਿਆ ਆਬਦੀ ਜ਼ਬਾਨ ਗੰਦੀ ਕਰਦਾ ਐ। ਆਪੇ ਤੁਰ ਜਾਊ ਭਕਾਈ ਮਾਰ ਕੇ ਕੁੱਤੇ ਵਾਂਗੂੰ", ਸੱਸ ਨੇ ਵੀ ਗੱਲ ਉਤੇ ਮਿੱਟੀ ਪਾਉਣ ਲਈ ਕਿਹਾ।

"ਉਥੇ ਕੀ ਤੋਪਾਂ ਚਲਦੀਆਂ ਨੇ ਬੇਜੀ", ਮਲਕੀਤ ਗੱਲ ਨੂੰ ਬਹੁਤ ਹੀ ਸਰਸਰੀ ਬਣਾ ਰਿਹਾ ਸੀ।

ਕੁੰਡਾ ਖੋਲ੍ਹਣ ਤੋਂ ਪਹਿਲਾਂ ਉਹਨੇ ਐਵੇਂ ਆਪਣੇ ਬਚਾਉ ਲਈ ਡਿਉਢੀ ਵਿਚ ਪਿਆ ਗੰਡਾਸਾ ਚੁੱਕ ਲਿਆ। ਜਲੌਰੇ ਨੂੰ ਉਥੋਂ ਤੋਰਨ ਲਈ ਉਹ ਸਾਧਾਰਨ ਆਵਾਜ਼ ਵਿਚ ਬੋਲਿਆ, "ਕਿਹੜਾ ਐ ਬਈ ?"

"ਕਿਉਂ, ਹੁਣ ਭਣੋਈਏ ਨੂੰ ਵੀ ਭੁੱਲ ਗਿਆ ?" ਜਲੌਰਾ ਉਹਨੂੰ ਬਾਹਰ ਆਇਆ ਦੇਖ ਕੇ ਇਕਦਮ ਭੂਸਰ ਗਿਆ।

ਮਲਕੀਤ ਨੂੰ ਅਜਿਹੇ ਜਵਾਬ ਦੀ ਉਕਾ ਹੀ ਕੋਈ ਆਸ ਨਹੀਂ ਸੀ। ਪਹਿਲਾਂ ਉਹ ਡੌਰ-ਭੌਰ ਜਿਹਾ ਹੋਇਆ, ਪਰ ਝੱਟ ਹੀ ਉਹਨੂੰ ਜਿਵੇਂ ਅੱਗ ਲੱਗ ਗਈ। ਸਰੀਰ ਦਾ ਸਾਰਾ ਲਹੂ ਇਕੱਠਾ ਹੋ ਕੇ ਉਹਨੂੰ ਦਿਮਾਗ ਵਿਚ ਚੜ੍ਹਦਾ ਜਾਪਿਆ। ਤੇ ਉਹਨੇ "ਖੜ੍ਹ ਜਾ ਫੇਰ, ਤੇਰੀ ਵਡੇ ਭਣੋਈਏ ਦੀ ..." ਆਖ ਕੇ ਗੰਡਾਸਾ ਪੂਰੇ ਜ਼ੋਰ ਨਾਲ ਜਲੌਰੇ ਦੇ ਸਿਰ ਵੱਲ ਵਾਹ ਦਿੱਤਾ। ਇਕ ਲੇਰ ਮਾਰ ਕੇ ਉਹ ਥਾਂਏਂ ਢੇਰੀ ਹੋ ਗਿਆ। ਉਹਦਾ ਸਿਰ ਮਤੀਰੇ ਵਾਂਗ ਦੋ ਟੋਟੇ ਹੋ ਗਿਆ ਸੀ। .....

*    *    *    *    *

.... ਤੇ ਹੁਣ ਜੋ ਕੋਈ ਵੀ ਆਉਂਦਾ ਸੀ, ਮਲਕੀਤ ਨਾਲ ਗੱਲ ਸ਼ੁਰੂ ਕਰਕੇ ਮੱਤਾਂ ਦੇਣ ਲੱਗ ਪੈਂਦਾ ਸੀ। ਉਹਨੂੰ ਨਮੋਸ਼ੀ ਵੀ ਆਉਂਦੀ ਅਤੇ ਖਿਝ ਵੀ ਚੜ੍ਹਦੀ

ਪਹਿਲਾਂ-ਪਹਿਲਾਂ ਸੀਖਾਂ ਪਿੱਛੇ ਬੈਠਾ ਉਹ ਕੁਝ ਚਿਰ ਆਪ ਵੀ ਬਹੁਤ ਪਰੇਸ਼ਾਨ ਰਿਹਾ ਸੀ। ਉਹਨੂੰ ਘਰ ਯਾਦ ਆਉਂਦਾ। ਉਹਨੂੰ ਪਰਿਵਾਰ ਯਾਦ ਆਉਂਦਾ। ਉਹ ਆਪਣੇ ਭਵਿੱਖ ਬਾਰੇ ਸੋਚਦਾ। ਉਹ ਹਰਬੰਸ ਅਤੇ ਬੱਚਿਆਂ ਦੇ ਭਵਿੱਖ ਬਾਰੇ ਸੋਚਦਾ। ਪਰ ਫੇਰ ਉਹਨੇ ਇਹ ਸਭ ਸੋਚਾਂ ਦਿਮਾਗ ਤੋਂ ਲਾਹ ਮਾਰੀਆਂ ਸਨ। ਹਰਬੰਸ ਅਤੇ ਬੱਚਿਆਂ ਦੇ ਸਿਰ ਉਤੇ ਹੱਥ ਰੱਖਣ ਲਈ ਸਾਰਾ ਪਰਿਵਾਰ ਸੀ। ਜੋ ਹੋ ਗਿਆ, ਸੋ ਹੋ ਗਿਆ। ਹੁਣ ਉਹ ਉਧੇੜਿਆ ਤਾਂ ਜਾ ਹੀ ਨਹੀਂ ਸੀ ਸਕਦਾ। ਚੰਗਾ ਹੋਇਆ ਜਾਂ ਮੰਦਾ, ਬੱਸ ਹੋ ਗਿਆ। ਤੇ ਇਹ ਲੋਕ ਅੱਜ ਵਾਰ-ਵਾਰ ਉਹੋ ਗੱਲ ਛੇੜ ਕੇ ਉਹਨੂੰ ਉਹ ਚੰਦਰੀ ਘਟਨਾ ਯਾਦ ਕਿਉਂ ਕਰਵਾ ਰਹੇ ਸਨ !

ਤੇ ਹੁਣ ਚਾਚੀ ਦਾਨਕੁਰ ਆ ਰਹੀ ਸੀ, ਲੋਕ ਜੀਹਨੂੰ ਨੌਂ ਸੌ ਚੂਹੇ ਖਾਣ ਵਾਲੀ ਬਿੱਲੀ ਆਖਦੇ ਸਨ। ਹੁਣ ਇਹ ਡਾਨਣੀ ਹੱਜ ਨੂੰ ਮੱਤਾਂ ਦੇਵੇਗੀ। ਹੱਥ ਵਿਚ ਦੁੱਧ ਦੀ ਨੱਕੋ-ਨੱਕ ਭਰੀ ਹੋਈ ਅਤੇ ਚਿੱਟੇ-ਸਫੈਦ ਪੋਣੇ ਨਾਲ ਢਕੀ ਹੋਈ ਪਿੱਤਲ ਦੀ ਬਾਲਟੀ। ਅਸਮਾਨੀ ਟੈਰੀਕਾਟ ਦੀ ਕੁੜਤੀ ਅਤੇ ਉਹਦੀ ਜੇਬ ਵਿਚ ਦੂਹਰੇ ਕਰਕੇ ਪਾਏ ਹੋਏ ਨੋਟ। ਕੰਨਾਂ ਵਿਚ ਬਾਲੀਆਂ, ਗਲ ਵਿਚ ਜ਼ੰਜੀਰੀ ਅਤੇ ਦੋਵਾਂ ਬਾਹਾਂ ਵਿਚ ਸੋਨੇ ਦੀਆਂ ਹੀ ਮੋਟੀਆਂ ਚੂੜੀਆਂ। ਪੰਤਾਲੀਆਂ ਸਾਲਾਂ ਤੋਂ ਲੰਘ ਕੇ ਵੀ ਦਮਕਦਾ ਹੋਇਆ ਚਿਹਰਾ ਅਤੇ ਕਸਿਆ ਹੋਇਆ ਸਰੀਰ।

ਸੁਭਾਅ ਦੀ ਚਾਚੀ ਦਾਨਕੁਰ ਬੇਝਿਜਕ ਸੀ। ਬੋਲਣ ਵਿਚ ਮੂੰਹ-ਫੱਟ। ਕਿਸੇ ਦੀ ਢਕੀ-ਧਰੀ ਨਹੀਂ ਸੀ ਰਹਿਣ ਦਿੰਦੀ। ਜਿਹੜੀ ਗੱਲ ਉਹਦੀ ਜ਼ਬਾਨ ਉਤੇ ਆ ਜਾਂਦੀ, ਉਹ ਬਾਹਰ ਕੱਢ ਕੇ ਹੀ ਹਟਦੀ, ਭਾਵੇਂ ਕਿਸੇ ਨੂੰ ਉਹ ਚੰਗੀ ਲੱਗੇ, ਭਾਵੇਂ ਮੰਦੀ। "ਸਿਆਣੇ" ਲੋਕ ਦੂਜੇ ਦੇ ਬੁਰਾ ਮਨਾਉਣ ਦੇ ਡਰੋਂ ਜਿਹੜੀ ਗੱਲ ਆਪਣੇ ਅੰਦਰ ਹੀ ਦੱਬ ਜਾਂਦੇ, ਦਾਨਕੁਰ ਅਗਲੇ ਦੇ ਮੂੰਹ ਉਤੇ ਆਖ ਦਿੰਦੀ। ਪਿੰਡ ਦੇ ਲੋਕ ਉਹਦੇ ਇਸ ਗੁਣ ਦੀ ਤਾਰੀਫ ਕਰਕੇ ਆਪਣੇ ਆਪ ਨੂੰ ਬੇਗੁਣੇ ਤਾਂ ਕਹਿ ਹੀ ਨਹੀਂ ਸਨ ਸਕਦੇ, ਉਹ ਦਾਨਕੁਰ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਕਰਦੇ ਅਤੇ ਹਸਦੇ, "ਜੇ ਕਿਸੇ ਨੇ ਨਾਂ ਭਾਲ ਕੇ ਐਨਾਂ ਜਚਦਾ ਰੱਖਿਆ ਹੈ, ਤਾਂ ਬੱਸ ਇਹਦੀ ਮਾਂ ਨੇ — ਦਾਨਕੁਰ !"

ਕਈ ਸਾਲ ਪਹਿਲਾਂ ਇਕ ਦਿਨ ਉਹਨੇ ਹਰਬੰਸ ਦੇ ਪਤਲੇ ਸੂਟ ਹੇਠੋਂ ਝਾਕਦੀ ਅੰਗੀ ਵੱਲ ਇਸ਼ਾਰਾ ਕਰਕੇ ਕਿਹਾ ਸੀ, "ਬਹੂ, ਥੋਡੇ ਪੜ੍ਹੀਆਂ ਹੋਈਆਂ ਦੇ ਸਰੀਰਾਂ ਨੂੰ ਪਤਾ ਨ੍ਹੀਂ ਕੀ ਹੋ ਜਾਂਦਾ ਐ ਇਸੇ ਉਮਰ ਵਿਚ ! ਨਾ ਅਜੇ ਜੁਆਕ ਜੰਮਿਆ, ਨਾ ਦੁੱਧ ਚੁੰਘਾਇਆ, ਤੇ ਚੜ੍ਹਾ ਲਿਆ ਬੱਕਰੀ ਵਾਂਗੂੰ ਥਣਾਂ ਉਤੇ ਗੁਥਲਾ। ਮੈਨੂੰ ਦੇਖ, ਤੈਥੋਂ ਦੁਗਣੀ ਉਮਰ ਹੋਊ ਮੇਰੀ। ਤੇਰੇ ਜਿੱਡਾ ਤਾਂ ਮੇਰਾ ਮੁੰਡਾ ਹੈ ਸੁੱਖ ਨਾਲ !"

ਤੇ ਸੰਗਦੀ ਹੋਈ ਹਰਬੰਸ ਨੇ ਨੀਵੀਂ ਪਾ ਕੇ ਚੋਰ-ਅੱਖ ਨਾਲ ਦੇਖਿਆ ਤਾਂ ਚਾਚੀ ਦਾਨਕੁਰ ਦੀ ਮਲਮਲ ਦੀ ਕੁੜਤੀ ਵਿਚੋਂ ਉਹਦਾ ਸਰੀਰ ਪਤਲੀ-ਪਤਲੀ ਧੁੰਦ ਪਿੱਛੇ ਲਿਸ਼ਕਦੇ ਸੂਰਜ ਵਾਂਗ ਦਗ ਰਿਹਾ ਸੀ। ਰਾਤ ਨੂੰ ਜਦੋਂ ਹਰਬੰਸ ਨੇ ਇਹ ਗੱਲ ਮਲਕੀਤ ਨੂੰ ਦੱਸੀ ਸੀ, ਉਹ ਦੋਵੇਂ ਕਿੰਨਾ ਹੀ ਚਿਰ ਹਸਦੇ ਰਹੇ ਸਨ।

ਚਾਚੀ ਦਾਨਕੁਰ ਦਾ ਸਰੀਰ ਅਜੇ ਵੀ ਉਸੇ ਤਰ੍ਹਾਂ ਪਿਆ ਸੀ — ਦਮਕਦਾ, ਦਗਦਾ ਅਤੇ ਕੱਸਿਆ ਹੋਇਆ !

ਪਿੰਡ ਦੀਆਂ ਤੀਵੀਆਂ ਉੱਫਨੇ ਹੋਏ ਆਟੇ ਵਰਗੇ ਆਪਣੇ ਸਰੀਰਾਂ ਨੂੰ ਸੱਜਰੇ ਗੁੰਨ੍ਹੇ ਹੋਏ ਮੈਦੇ ਵਰਗੇ ਉਹਦੇ ਸਰੀਰ ਨਾਲ ਮੇਲ ਕੇ ਦੇਖਦੀਆਂ ਤਾਂ ਸਾੜੇ ਨਾਲ ਭੁੱਜ ਕੇ ਆਖਦੀਆਂ, "ਇਕ ਜੁਆਕ ਜੰਮ ਕੇ ਕੀ ਵਿਗੜਨਾ ਸੀ ਇਹਦਾ, ਢੱਟੀ ਦਾ ? ਦੇਖ ਲੈ, ਕੰਵਾਰੀਆਂ ਵਾਂਗੂੰ ਫਿਰਦੀ ਐ ਟਬੂਸੀਆਂ ਮਾਰਦੀ, ਬੇਲਗਾਮੀ ਵਛੇਰੀ !"

ਦਾਨਕੁਰ ਦਾ ਇਹ ਇਕੋ ਮੁੰਡਾ ਅਜੇ ਸਵਾ ਸਾਲ ਦਾ ਵੀ ਨਹੀਂ ਸੀ ਹੋਇਆ, ਜਦੋਂ ਉਹਦਾ ਜੀਅ ਫੇਰ ਕੱਚੀਆਂ ਕੰਧਾਂ ਵਿਚੋਂ ਰੋੜ ਕੱਢ-ਕੱਢ ਕੇ ਖਾਣ ਨੂੰ ਕਰਨ ਲਗ ਪਿਆ ਸੀ। ਸ਼ਾਮੋ ਦਾਈ ਨੇ ਏਨੀਂ ਛੇਤੀ ਗਲ ਪਏ ਹੋਏ ਝੰਜਟ ਤੋਂ ਉਹਨੂੰ ਛੁਟਕਾਰਾ ਤਾਂ ਦੁਆ ਦਿਤਾ, ਪਰ ਮਗਰੋਂ ਜਾ ਕੇ ਉਹਨੂੰ ਪਤਾ ਲਗਿਆ ਕਿ ਉਹਨੂੰ ਤਾਂ ਪੱਕਾ ਹੀ ਛੁਟਕਾਰਾ ਮਿਲ ਗਿਆ ਸੀ। ਉਹਦੇ ਅੰਦਰ ਕੋਈ ਅਜਿਹੀ ਢਾਹ-ਭੰਨ ਹੋ ਗਈ ਸੀ ਕਿ ਫੇਰ ਕਦੀ ਉਹਦਾ ਪੈਰ ਭਾਰੀ ਨਾ ਹੋਇਆ। ਤਾਂ ਵੀ ਉਹਨੂੰ ਇਹਦਾ ਕੋਈ ਝੋਰਾ ਨਹੀਂ ਸੀ। ਉਹ ਆਖਦੀ, "ਮੈਂਸ ਚੁੰਘ-ਚੁੰਘ ਕੇ ਹੋਇਆ ਮੇਰਾ ਪੁੱਤ ਜੁਆਨ। ਮੈਂ ਹੁਣ ਹੋਰ ਜੁਆਕ ਜੰਮ ਕੇ ਕੀ ਲੈਣਾ ਐ। ਕਿਉਂ ਐਵੇਂ ਦੇਹ ਗਾਲਾਂ ਆਬਦੀ। ਜਿਉਂਦਾ ਰਹੇ ਸੁੱਖ ਨਾਲ ਮੇਰਾ ਇਕੋ ਸ਼ੇਰ। ਹੁਣ ਤਾਂ ਇਹਦਾ ਵਿਆਹ ਕਰਕੇ ਪੋਤੇ-ਪੋਤੀਆਂ ਹੀ ਖਿਡਾਊਂ।"

ਮੁੰਡਾ ਕੁਝ ਸਾਲ ਸਕੂਲ ਦੇ ਗੇੜੇ ਮਾਰਦਾ ਰਿਹਾ। ਫੇਰ ਪੜ੍ਹਾਈ ਵਿਚਾਲੇ ਛੱਡ ਕੇ ਪਿਉ ਨਾਲ ਖੇਤੀ ਦਾ ਮਾੜਾ-ਮੋਟਾ ਕੰਮ ਕਰਵਾਉਂਦਾ ਰਿਹਾ। ਤੇ ਅੰਤ ਨੂੰ ਉਹ ਇਕ ਦਿਨ ਫੌਜ ਵਿਚ ਭਰਤੀ ਹੋ ਗਿਆ।

ਮੂੰਹ ਉਤੇ ਲੋਕ ਆਖਦੇ, "ਪਾੜ੍ਹਿਆਂ ਤੋਂ ਵਾਹੀਆਂ ਕਾਹਨੂੰ ਹੁੰਦੀਆਂ ਨੇ। ਜੱਟ ਦੀ ਫਕੀਰੀ ਔਖੀ ਐ। ਚਲੋ ਚੰਗਾ, ਫੌਜ ਵਿਚ ਮੌਜ ਕਰੂ !"

ਪਰ ਪਿੱਠ-ਪਿੱਛੇ ਉਹੋ ਲੋਕ ਹੀ ਆਖਦੇ, "ਦਾਨਕੁਰ ਨੇ ਤਾਂ ਰਾਮ-ਗਊਆਂ ਵਾਂਗ ਕਈ ਖੇਤ ਚਰਨੇ ਹੋਏ। ਮੁੰਡਾ ਹੋ ਗਿਆ ਬਰਾਬਰ ਦਾ। ਨਮੋਸ਼ੀ ਮੰਨ ਕੇ ਭਰਤੀ ਜਾ ਹੋਇਆ। ਚਲੋ ਚੰਗਾ, ਅੱਖੋਂ ਓਹਲੇ, ਦਿਲੋਂ ਓਹਲੇ !"

ਲੋਕ ਆਖਦੇ, ਮੁੰਡਾ ਕੀ ਭਰਤੀ ਹੋਇਆ, ਦਾਨਕੁਰ ਨਿਸਚਿੰਤ ਹੋ ਗਈ। ਉਹਦਾ ਘਰ-ਵਾਲਾ ਸੁੱਖੂ ਤਾਂ ਸੀ ਹੀ ਖੇਤ ਜੋਗਾ। ਇਕ ਸੀਰੀ ਨੂੰ ਨਾਲ ਲਾ ਕੇ ਉਹ ਹਾੜ੍ਹੀਆਂ-ਸਾਉਣੀਆਂ ਦੇ ਚੱਕਰ ਵਿਚ ਹੀ ਪਿਆ ਰਹਿੰਦਾ। ਦਾਨਕੁਰ ਦਾ ਦਿਲ ਕਰਦਾ ਤਾਂ ਟੋਕਰੇ ਵਿਚ ਭੱਤਾ ਰਖਦੀ ਅਤੇ ਨ੍ਹਾ-ਧੋ ਕੇ, ਕੰਘੀ-ਪੱਟੀ ਕਰਕੇ ਤੇ ਕੱਪੜੇ ਬਦਲ ਕੇ ਖੇਤ ਫੜਾ ਆਉਂਦੀ। ਜੇ ਦਿਲ ਨਾ ਕਰਦਾ, ਉਹ ਰੋਟੀਆਂ ਵੀ ਡੰਗਰ ਚਾਰਨ ਜਾ ਰਹੇ ਪਾਲੀ ਹੱਥ ਹੀ ਭੇਜ ਦਿੰਦੀ।

ਦਿਨ ਤਾਂ ਦਿਨ, ਸੁੱਖੂ ਦੀ ਤਾਂ ਰਾਤ ਵੀ ਅੱਧੀ ਖੇਤਾਂ ਵਿਚ ਹੀ ਲੰਘ ਜਾਂਦੀ ਉਹ ਗਰਮੀਆਂ ਵਿਚ ਚੋਰਾਂ ਤੋਂ ਕਪਾਹ-ਨਰਮੇ ਦੀ ਰਾਖੀ ਕਰਦਾ ਅਤੇ ਸਿਆਲਾਂ ਵਿਚ ਅਵਾਰਾ ਡੰਗਰਾਂ ਤੋਂ ਕਣਕ ਦੀ ਰਾਖੀ ਕਰਦਾ। ਸੀਰੀ ਆਥਣ ਦਾ ਰੋਟੀ-ਟੁੱਕ ਖਾ ਕੇ, ਕੱਖਾਂ ਦਾ ਕੁਤਰਾ ਕਰਕੇ, ਡੰਗਰ-ਪਸ਼ੂ ਖੋਲ੍ਹ-ਬੰਨ੍ਹ ਕੇ ਅਤੇ ਆਪਣੇ ਘਰ ਗੇੜਾ ਮਾਰ ਕੇ ਖੇਤ ਪੁਜਦਾ, ਤਾਂ ਕਿਤੇ ਸੁੱਖੂ ਘਰ ਆਉਂਦਾ। ਉਹਦੇ ਆਉਂਦੇ ਨੂੰ ਦਾਨਕੁਰ ਆਮ ਕਰਕੇ ਸੁੱਤੀ ਪਈ ਹੁੰਦੀ।

ਸੁੱਖੂ ਕੰਧ ਵਿਚਲੀ ਇਕ ਝੀਥ ਵਿਚੋਂ ਇਕ ਟੁੱਟੀ ਹੋਈ ਦਾਤੀ ਕਢਦਾ ਅਤੇ ਤਖਤੇ ਦੀ ਵਿਰਲ ਵਿਚੋਂ ਦੀ ਅੰਦਰ ਲੰਘਾ ਕੇ ਲੱਕੜ ਦਾ ਅੜ੍ਹੌਕਨ ਖੋਲ੍ਹ ਲੈਂਦਾ ਇਉਂ ਟਿਕੀ ਹੋਈ ਰਾਤ ਵਿਚ ਉਹਨੂੰ ਦਰਵਾਜ਼ਾ ਖੁਲ੍ਹਵਾਉਣ ਲਈ ਹਾਕਾਂ ਨਹੀਂ ਸਨ ਮਾਰਨੀਆਂ ਪੈਂਦੀਆਂ। ਇਸ ਜੁਗਤ ਦਾ ਜਾਂ ਤਾਂ ਦਾਨਕੁਰ ਅਤੇ ਸੁੱਖੂ ਨੂੰ ਪਤਾ ਸੀ ਜਾਂ ਉਹਨਾਂ ਦੇ ਸੀਰੀ ਅਤੇ ਪਾਲੀ ਨੂੰ। ਪਰ ਪਿੰਡ ਦੇ ਲੋਕ ਆਖਦੇ ਸਨ, ਇਸ ਜੁਗਤ ਦਾ ਪਿੰਡ ਦੇ ਇਕ ਦੋ ਗੱਭਰੂਆਂ ਨੂੰ ਵੀ ਪਤਾ ਸੀ। ਕਦੀ ਕਿਸੇ ਨੇ ਉਹਦੇ ਘਰ ਇਉਂ ਵੜਦਾ ਤਾਂ ਕੋਈ ਨਹੀਂ ਸੀ ਦੇਖਿਆ, ਪਰ ਬੂਹਾ ਇਉਂ ਖੁਲ੍ਹਾ ਰਹਿੰਦਾ ਸੀ ਤਾਂ ਆਖਰ ਕੋਈ ਗੱਲ ਤਾਂ ਹੋਵੇਗੀ ਹੀ। ਉਹ ਆਖਦੇ ਸਨ ਬੂਹਾ ਖੋਲ੍ਹਣ ਦੀ ਇਸ ਜੁਗਤ ਤੋਂ ਜਾਣੂ ਕਦੇ ਕੋਈ ਅਤੇ ਕਦੇ ਕੋਈ ਵੇਲੇ-ਕੁਵੇਲੇ ਚਾਚੀ ਦਾਨਕੁਰ ਦੀ ਸੁੱਖ-ਸਾਂਦ ਪੁੱਛਣ ਪਹੁੰਚ ਜਾਂਦਾ ਸੀ।

ਆਪ ਵੀ ਉਹ ਸਾਰੇ ਪਿੰਡ ਦੇ ਦੁੱਖ-ਸੁਖ ਦੀ ਭਾਈਵਾਲ ਸੀ। ਕਿਸੇ ਦੇ ਗਮੀ ਹੁੰਦੀ ਅਤੇ ਚੁਲ੍ਹਾ ਨਾ ਤਪਦਾ, ਉਹ ਘਰੋਂ ਚਾਹ ਦਾ ਡੋਲ੍ਹ ਭਰ ਕੇ ਲੈ ਜਾਂਦੀ। ਕਿਸੇ ਦੀ ਸ਼ਾਦੀ ਹੁੰਦੀ, ਉਹ ਪੂਰੀ ਮੱਝ ਚੋਅ ਕੇ ਸ਼ਹਿਦ ਵਰਗਾ ਦੁੱਧ ਅਗਲੇ ਦੇ ਭਾਂਡੇ ਵਿਚ ਪਾ ਆਉਂਦੀ। ਕਿਸੇ ਦੇ ਖੁਸਰੇ ਨਚਦੇ, ਸਭ ਤੋਂ ਪਹਿਲਾਂ ਨੋਟ ਉਹ ਵਾਰਦੀ।

ਮਲਕੀਤ ਨੂੰ ਚਾਚੀ ਦਾਨਕੁਰ ਦਾ ਇਹ ਸੁਭਾਅ ਤਾਂ ਚੰਗਾ ਲੱਗਦਾ ਸੀ, ਪਰ ਅੱਜ ਤਾਂ ਉਹਨੂੰ ਉਹਦੀਆਂ ਮੱਤਾਂ ਵੀ ਸੁਣਨੀਆਂ ਪੈਣਗੀਆਂ।

ਉਹ ਦੁੱਧ ਵਾਲੀ ਬਾਲਟੀ ਸਰੂਪੋ ਨਾਇਣ ਨੂੰ ਫੜਾ ਕੇ ਅੱਗੇ ਵਧੀ। ਉਹਨੇ ਮਲਕੀਤ ਦਾ ਮੋਢਾ ਪਲੋਸਿਆ, "ਲੈ, ਸੁੱਖ ਨਾਲ ਮੁੰਡਾ ਆਇਆ ਬੈਠਾ ਐ। ਕੀ ਹਾਲ ਐ ਪੁੱਤ ਮਲਕੀਤ ਸਿਆਂ ?"

"ਠੀਕ ਐ ਚਾਚੀ", ਮਲਕੀਤ ਨੇ ਖੰਘੂਰ ਮਾਰ ਕੇ ਸੰਘ ਸਾਫ ਕੀਤਾ ਅਤੇ ਫੇਰ ਐਵੇਂ ਰਸਮੋ-ਰਸਮੀ ਉਹਨੂੰ ਪੁੱਛਿਆ, "ਤੂੰ ਦੱਸ ਚਾਚੀ ਆਬਦਾ ਹਾਲ। ਤਕੜੀ ਐਂ ਤੂੰ ?"

"ਆਪਾਂ ਤਾਂ ਭਾਈ ਟਾਹਲੀ ਵਰਗੇ ਆਂ ਮੁੰਡਿਆ ਤੇਰੇ ਸਾਹਮਣੇ", ਉਹ ਹੱਸੀ। "ਆਪਾਂ ਨ੍ਹੀਂ ਪੁੱਤ ਕਦੇ ਵਾਧੂ ਦੇ ਰੋਗ ਦੇਹੀ ਨੂੰ ਚੰਬੇੜੇ।"

ਸਰੂਪੋ ਬਾਲਟੀ ਖਾਲੀ ਕਰਕੇ ਉਹਦੇ ਕੋਲ ਰਖਦਿਆਂ ਬੋਲੀ, "ਮੈਂ ਸਭ ਵਿਆਹ-ਸ਼ਾਦੀਆਂ ਵਿਚ ਦੇਖਦੀ ਆਂ, ਦੁੱਧ ਆਉਂਦਾ ਦਾਨਕੁਰ ਦਾ, ਪੂਰੇ ਦਾ ਪੂਰਾ ਚੋਆ, ਖੋਏ ਵਰਗਾ, ਬਿਨਾਂ ਪਾਣੀ ਦੀ ਚੂਲੀ ਤੋਂ।"

"ਪਾਣੀ ਪਾ ਕੇ ਦੁੱਧ ਦਿਤਾ, ਫਿੱਟੇ-ਮੂੰਹ ਇਹੋ ਜਿਹਾ ਦੇਣ ਦੇ", ਦਾਨਕੁਰ ਬੋਲੀ। "ਕੋਈ ਚੱਟੀ ਥੋੜ੍ਹੇ ਲੱਗੀ ਹੁੰਦੀ ਐ। ਭੈਣ-ਭਾਈ ਨੂੰ ਚੀਜ਼ ਆਬਦੀ ਮਰਜੀ ਨਾਲ ਦੇਣੀ ਹੁੰਦੀ ਐ। ਦੇਣ ਵਾਲੀ ਚੀਜ ਦਿਉ ਤਾਂ ਦਿਲੋਂ-ਮਨੋਂ, ਨਹੀਂ ਤਾਂ ਨਾ ਦਿਉ !"

ਹਲਵਾਈ ਨਾਲ ਸਬਜ਼ੀ-ਭਾਜੀ ਦੀ ਤਿਆਰੀ ਵਿਚ ਲੱਗੇ ਹੋਏ ਮੁੰਡਿਆਂ ਨੇ ਇਕ ਦੂਜੇ ਨਾਲ ਸ਼ਰਾਰਤੀ ਨਜ਼ਰਾਂ ਮਿਲਾਈਆਂ ਅਤੇ ਬੋਲੇ, "ਆਹ ਗੱਲ ਚਾਚੀ ਦੀ ਲੱਖ ਰੁਪਈਏ ਦੀ ਐ।"

"ਲੈ ਚਾਹ ਪੀ ਦਾਨਕੁਰੇ", ਮਲਕੀਤ ਦੀ ਮਾਂ ਨੇ ਗਲਾਸ ਉਹਦੇ ਕੋਲ ਧਰਦਿਆਂ ਕਿਹਾ। ਮਲਕੀਤ ਵਿਚੇ-ਵਿਚ ਕੁੜ੍ਹਿਆ, "ਬੇਬੇ ਨੇ ਅੱਡ ਲੰਗਰ ਲਾ ਛੱਡਿਆ ਚਾਹ ਦਾ। ਜਾਂਦੀ ਪਰ੍ਹੇ ਇਹੋ। ਹੁਣ ਚਾਹ ਪੀਂਦੀ ਦਸ ਮਿੰਟ ਹੋਰ ਲਾਊ।"

"ਨਾ ਭੈਣੇ, ਸਹੁੰ ਗੁਰੂ ਦੀ, ਮੈਂ ਨ੍ਹੀਂ ਪੀਣੀ ਚਾਹ। ਮੈਂ ਤਾਂ ਹੁਣੇ ਪੀ ਕੇ ਆਈ ਹਾਂ।" ਦਾਨਕੁਰ ਨੇ ਗਲਾਸ ਮੱਲੋਜ਼ੋਰੀ ਮੋੜ ਦਿਤਾ। "ਤੇਰੇ ਦਿਉਰ ਨੂੰ ਖੇਤ ਤੋਰ ਕੇ, ਮੈਂਸ ਚੋ ਕੇ, ਦੁੱਧ ਵਿਚ ਪੱਤੀ, ਪੱਕਾ ਮਿੱਠਾ ਤੇ ਲੌਂਗ-ਲੈਂਚੀਆਂ ਪਾ ਕੇ, ਪੀ ਕੇ ਫੇਰ ਐਧਰ ਆਈ ਆਂ। ਮੈਂ ਕਿਹਾ ਪਹਿਲਾਂ ਦੁੱਧ ਫੜਾ ਆਵਾਂ, ਫੇਰ ਕੋਈ ਹੋਰ ਕੰਮ ਕਰੂੰ।"

"ਕੁੜੇ ਦਾਨਕੁਰੇ, ਸਾਡੇ ਦਿਉਰ ਨੂੰ ਖੇਤ ਭੇਜ ਕੇ ਚੋਹਲਾ ਕਰਦੀ ਐਂ, ਕਦੇ ਮਹੀਨੇ-ਵੀਹ ਦਿਨੀਂ ਉਹਨੂੰ ਵਿਚਾਰੇ ਨੂੰ ਵੀ ਲੈਚੀ ਵਾਲੀ ਚਾਹ ਪਿਆ ਦਿਆ ਕਰ !" ਸਰੂਪੋ ਨਾਇਣ ਨੇ ਗੁੱਝੀ ਟਿੱਚਰ ਕੀਤੀ। ਉਹਦੀ ਸ਼ੈਤਾਨੀ ਉਤੇ ਸਭ ਦਾ ਹਾਸਾ ਨਿਕਲ ਗਿਆ। ਇਕ ਵਾਰ ਵਿਆਹ ਦੀ ਕੜਾਹੀ ਚੜ੍ਹ ਜਾਵੇ, ਛੋਟੇ-ਵੱਡੇ ਦੀ, ਇਸਤਰੀ-ਪੁਰਸ਼ ਦੀ, ਬੁੱਢੇ-ਬੱਚੇ ਦੀ ਹਾਜ਼ਰੀ ਵਿਚ ਕੀਤੇ ਜਾ ਸਕਣ ਵਾਲੇ ਹਾਸੇ-ਠੱਠੇ ਦੀ ਹੱਦ ਸਭ ਲਈ ਆਮ ਦਿਨਾਂ ਨਾਲੋਂ ਬਹੁਤ ਵੱਧ ਮੋਕਲੀ ਹੋ ਜਾਂਦੀ ਹੈ

"ਲੈ ਉਹਨੂੰ ਚਾਹ ਪਿਆ ਕੇ ਲੌਂਗ-ਲੈਚੀਆਂ ਦੀ ਕਦਰ ਘਟਾਉਣੀ ਐ! ਜੱਟ ਕੀ ਜਾਣੇ ਲੌਂਗਾਂ ਦਾ ਭਾਅ !" ਚਾਚੀ ਦਾਨਕੁਰ ਨੇ ਨਖਰੇ ਨਾਲ ਨੱਕ ਵੱਟਿਆ। "ਉਹ ਤਾਂ ਗੁੜ ਦਾ ਕਾਹੜਾ ਪੀਣ ਗਿੱਝਿਆ ਐ। ਲੈਚੀਆਂ ਦੀ ਵਾਸ਼ਣਾ ਨੂੰ ਤਾਂ ਉਹ ਮੁਸ਼ਕ ਦਸਦਾ ਐ।" ਫੇਰ ਉਹਨੇ ਸਰੂਪੋ ਵੱਲ ਮੂੰਹ ਕਰਕੇ ਨਹਿਲੇ ਉਤੇ ਦਹਿਲਾ ਮਾਰਿਆ, "ਕਦੇ ਤੂੰ ਪਿਆ ਦਿਆ ਕਰ ਚਾਹ ਉਹਨੂੰ, ਵੱਡੀ ਹਮਦਰਦਣ। ਤੇਰਾ ਵੀ ਤਾਂ ਦਿਉਰ ਐ ਵਿਚਾਰਾ !"

ਹਾਸਾ ਠੱਠਾ ਹੋਇਆ ਤਾਂ ਦਾਨਕੁਰ ਨੇ ਪੁੱਛਿਆ, "ਕਿਵੇਂ ਮਲਕੀਤ ਸਿਆਂ, ਕੁਛ ਚਿੱਤ ਢਿੱਲਾ ਐ, ਪੁੱਤ ? ਅਜੇ ਤਾਂ ਭਾਈ ਕੋਈ ਠੰਢ ਨਹੀਂ ਹੋਈ। ਤੂੰ ਹੁਣੇ ਖੇਸ ਦੀ ਬੁੱਕਲ ਮਾਰੀ ਬੈਠਾ ਐਂ !"

"ਨਹੀਂ ਚਾਚੀ, ਚਿੱਤ ਤਾਂ ਠੀਕ ਐ, ਬੱਸ ਉਂ ਈ", ਉਹਨੇ ਬੋਲ ਵਿਚ ਕਰਾਰ ਭਰਨ ਦਾ ਜਤਨ ਕੀਤਾ।

# ਪੰਜਾਬੀ ਲੇਖਕ ਮੰਚ

ਵੈਨਕੂਵਰ ਦੇ ਸਾਹਿਤਕ ਪਿਆਰਿਆਂ ਪੰਜਾਬੀ ਲੇਖਕ ਮੰਚ ਦੀਆਂ ਦੋ ਮੀਟਿੰਗਾਂ 18 ਜਨਵਰੀ ਤੇ ਫਰਵਰੀ 9, 1986 ਨੂੰ ਕਰਮਵਾਰ 3981 ਮੇਨ ਸਟਰੀਟ ਉਪਰ ਲਿਟਲ ਮਾਊਂਟੇਨ ਨੇਬਰਹੁੱਡ ਹਾਊਸ ਵਿਚ ਕਰਮਵਾਰ ਹੋਈਆਂ। ਉਨ੍ਹਾਂ ਵਿਚ ਅਜਮੇਰ ਰੋਡੇ, ਮਹਿੰਦਰ ਸੂਮਲ, ਅਮਰਜੀਤ ਚਾਹਲ, ਚਰਨ ਸਿੰਘ, ਗੁਰਚਰਨ ਟੱਲੇਵਾਲੀਆ ਅਤੇ ਗੁਰਚਰਨ ਰਾਮਪੁਰੀ ਸ਼ਾਮਲ ਹੋਏ।

ਅਜਮੇਰ ਰੋਡੇ ਨੇ ਗੁਰਚਰਨ ਰਾਮਪੁਰੀ ਦੀ ਨਵੀਂ ਛਪੀ ਕਿਤਾਬ 'ਕਤਲਗਾਹ' ਉਪਰ ਆਪਣਾ ਲਿਖਿਆ ਰੀਵੀਊ ਪੜ੍ਹਿਆ। ਮਹਿੰਦਰ ਸੂਮਲ, ਅਮਰਜੀਤ ਚਾਹਲ ਅਤੇ ਚਰਨ ਸਿੰਘ ਨੇ ਆਪਣੀਆਂ ਨਵੀਆਂ ਲਿਖੀਆਂ ਕਵਿਤਾਵਾਂ ਪੜ੍ਹੀਆਂ। ਗੁਰਚਰਨ ਟੱਲੇਵਾਲੀਏ ਨੇ ਆਪਣੀ ਨਵੀਂ ਲਿਖੀ ਬੋਲੀ ਸੁਣਾਈ। ਸਾਰੀਆਂ ਰਚਨਾਵਾਂ ਉਪਰ ਵਿਚਾਰ-ਚਰਚਾ ਹੋਈ।

ਮੀਟਿੰਗ ਵਿਚ 22 ਫਰਵਰੀ 1986 ਨੂੰ ਰੱਖੇ ਗਏ ਕਵੀ ਦਰਬਾਰ ਬਾਰੇ ਵਿਚਾਰ ਕਰਕੇ ਇਹ ਫੈਸਲਾ ਲਿਆ ਗਿਆ ਕਿ 22 ਫਰਵਰੀ 1986 ਨੂੰ ਕਵੀ ਦਰਬਾਰ ਮੌਬਰਲੀ ਪਾਰਕ ਵਿਚ ਜੋ ਕਿ ਪਰਿੰਸ ਅਲਬਰਟ ਅਤੇ 61 ਐਵੇਨਿਊ ਉਪਰ ਹੈ ਵਿਚ ਸ਼ਾਮ ਦੇ ਪੰਜ ਵਜੇ ਹੋਵੇਗਾ। ਸਾਰੇ ਸਾਹਿਤਕ ਪ੍ਰੇਮੀਆਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਜਾਂਦਾ ਹੈ।

ਪੰਜਾਬੀ ਲੇਖਕ ਮੰਚ ਦੀ ਦੂਜੀ ਮੀਟਿੰਗ 9 ਫਰਵਰੀ 1986 ਨੂੰ ਸ਼ਾਮ ਦੇ 4.30 ਵਜੇ ਹੋਈ। ਜਿਸ ਵਿਚ ਚਰਨ ਸਿੰਘ, ਮਨਜੀਤ ਮੀਤ ਅਤੇ ਅਮਰਜੀਤ ਚਾਹਲ ਨੇ ਹਿੱਸਾ ਲਿਆ। ਬਹੁਤ ਸਾਰੇ ਸਾਹਿਤਕ ਸਿਰਜਕਾਂ ਅਤੇ ਸਰੋਤਿਆਂ ਨੂੰ ਤਰੀਕ ਅਤੇ ਦਿਨ ਦੀ ਠੀਕ ਜਾਣਕਾਰੀ ਨਾ ਹੋਣ ਕਾਰਨ ਇਸ ਮੀਟਿੰਗ ਵਿਚ ਸ਼ਾਮਲ ਹੋਣ ਦਾ ਮੌਕਾ ਨਹੀਂ ਮਿਲ ਸਕਿਆ।

ਚਰਨ ਸਿੰਘ ਨੇ ਆਪਣੀ ਨਵੀਂ ਲਿਖੀ ਕਵਿਤਾ ਪੜ੍ਹੀ ਅਤੇ ਗੁਰਚਰਨ ਰਾਮਪੁਰੀ ਜੀ ਦੀ ਸਮੁੱਚੀ ਕਵਿਤਾ ਦਾ ਅਧਿਐਨ ਕਰਕੇ ਉਸ (ਕਵਿਤਾ) ਉਪਰ ਲਿਖਿਆ ਲੇਖ ਵੀ ਪੜ੍ਹਿਆ।

ਸੁਖਬੀਰ ਜੀ ਦਾ 'ਲੋਅ' ਦੇ ਜੁਲਾਈ ਅੰਕ ਵਿਚ ਛਪਿਆ ਲੇਖ 'ਖੁੱਲ੍ਹੀ ਕਵਿਤਾ-ਕੁਝ ਵਿਚਾਰ' ਵੀ ਪੜ੍ਹਿਆ ਗਿਆ।

ਸਾਰੀਆਂ ਰਚਨਾਵਾਂ ਉਪਰ ਵਿਚਾਰ-ਚਰਚਾ ਕੀਤਾ ਗਿਆ। ਸੁਖਬੀਰ ਜੀ ਦੇ ਬਾਕੀ ਦੇ ਲੇਖ, ਜੋ ਖੁੱਲ੍ਹੀ ਕਵਿਤਾ ਬਾਰੇ ਹੀ ਹਨ ਉਹ ਅਤੇ ਉਨ੍ਹਾਂ ਲੇਖਾਂ ਦੇ ਵਿਰੋਧ ਵਿਚ ਜੋ ਲਿਖਿਆ ਗਿਆ — ਉਨ੍ਹਾਂ ਨੂੰ ਆਉਣ ਵਾਲੀਆਂ ਮੀਟਿੰਗਾਂ ਵਿਚ ਪੜ੍ਹਨ ਦਾ ਸੁਝਾਅ ਵੀ ਰੱਖਿਆ ਗਿਆ।

ਇਸ ਸਾਲ ਵਿਚ ਹੋਣ ਵਾਲੀਆਂ ਮੀਟਿੰਗਾਂ ਬਾਰੇ ਅਜਮੇਰ ਰੋਡੇ ਨੇ ਪੰਜਾਬੀ ਲੇਖਕ ਮੰਚ ਦੇ ਮੈਂਬਰਾਂ ਦੀ ਸਲਾਹ ਨਾਲ ਜੋ ਕਲੰਡਰ ਤਿਆਰ ਕੀਤਾ ਹੈ ਵੰਡਿਆ ਗਿਆ। ਪੰਜਾਬੀ ਲੇਖਕ ਮੰਚ ਅਜਮੇਰ ਰੋਡੇ ਜੀ ਦਾ ਇਸ ਕਾਜ਼ ਲਈ ਧੰਨਵਾਦ ਕਰਦਾ ਹੈ। ਜਿਨ੍ਹਾਂ ਸਾਹਿਤਕ ਪ੍ਰੇਮੀਆਂ ਨੂੰ ਇਹ ਕਲੰਡਰ ਚਾਹੀਦਾ ਹੋਵੇ ਜਾਂ ਪੰਜਾਬੀ ਲੇਖਕ ਮੰਚ ਬਾਰੇ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਫੂਨ ਕਰ ਸਕਦੇ ਹਨ।

ਅਮਰਜੀਤ ਚਾਹਲ — 581-0406
ਗੁਰਚਰਨ ਟੱਲੇਵਾਲੀਆ — 291-3982

ਕਿਸ ਬੇ-ਕਿਰਕ ਦਾ ਖੰਜਰ ਕਦ ਕਦ ਕਿਸ ਕਿਸ ਦੇ ਸੀਨੇ
ਵਿਚ ਖੁਭਿਆ ?
ਅਰਸ਼ੋਂ ਖ਼ੂਨ ਪਿਆ ਰਿਸਦਾ ਹੈ ਦਿਸਹੱਦੇ ਤੋਂ......।

---

"ਕੋਈ ਗੱਲ ਨਹੀਂ ਭਾਈ, ਭੀੜਾਂ-ਸੰਘੀੜਾਂ ਬੰਦਿਆਂ ਉਤੇ ਹੀ ਪੈਂਦੀਆਂ ਹੁੰਦੀਆਂ ਨੇ। ਔਖ-ਸੌਖ ਆਉਂਦੀ ਵੀ ਐ ਤੇ ਜਾਂਦੀ ਦਾ ਵੀ ਪਤਾ ਨਹੀਂ ਲਗਦਾ ਦਾਨਕੁਰ ਜਾਣ ਲਈ ਖੜ੍ਹੀ ਹੁੰਦਿਆਂ ਬੋਲੀ।

ਉਹੋ ਗੱਲ ਹੋਈ। ਦਾਨਕੁਰ ਵੀ ਉਪਦੇਸ਼ਕ ਬਣ ਗਈ। ਐਵੇਂ ਹੁੰਗਾਰਾ ਭਰਨ ਲਈ ਮਲਕੀਤ ਸਿੰਘ ਬੋਲਿਆ, " ਇਹ ਤਾਂ ਹੈ ਈ ਚਾਚੀ, ਸਮੇਂ ਸਮੇਂ ਦੀ ਗੱਲ ਹੁੰਦੀ ਐ।"

ਦਾਨਕੁਰ ਤੁਰਦੀ-ਤੁਰਦੀ ਉਹਦੇ ਕੋਲ ਖਲੋ ਗਈ, "ਦੇਖ ਪੁੱਤ, ਦੁਨੀਆਂ ਐਵੇਂ ਮਾਰਦੀ ਐ ਭਕਾਈ। ਸਭ ਮੌਮੋਠਗਣੀਆਂ ਗੱਲਾਂ ਮਾਰਦੇ ਐ, ਸੱਚ ਆਖਣੋਂ ਡਰਦੇ ਐ। ਆਪਾਂ ਕਰਾਂਗੇ ਖਰੀ ਗੱਲ, ਚਾਲੀ ਸੇਰੀ, ਭਾਵੇਂ ਕਿਸੇ ਨੂੰ ਬੁਰੀ ਕਿਉਂ ਨਾ ਲੱਗੇ। ਮੈਨੂੰ ਸਭ ਪਤਾ ਐ ਭਾਈ, ਲੋਕ ਮੇਰੇ ਏਸੇ ਸੁਭਾਅ ਕਰਕੇ ਕੀ-ਕੀ ਕਿੱਸੇ ਜੋੜਦੇ ਐ। ਪਰ ਮੈਂ ਕੀ ਕਿਸੇ ਤੋਂ ਮੰਗ ਕੇ ਖਾਣਾ ਐ ? ਮੈਂ ਨ੍ਹੀਂ ਭਾਈ ਡਰਦੀ ਕਿਸੇ ਤੋਂ। ਜੋ ਮਰਜ਼ੀ ਭੌਂਕੀ ਜਾਣ ਲੋਕ !"

ਸਭ ਦੇ ਕੰਨ ਦਾਨਕੁਰ ਦੀਆਂ ਗੱਲਾਂ ਵੱਲ ਹੋ ਗਏ। ਉਹਨੇ ਨੇੜੇ ਹੋ ਕੇ ਮਲਕੀਤ ਦੇ ਮੋਢੇ ਉਤੇ ਹੱਥ ਧਰ ਲਿਆ, "ਬੰਦੇ ਵਿਚ ਬਹੁਤੀ ਸ਼ਰਾਫਤ ਵੀ ਭਾਈ ਚਾਹ ਵਿਚ ਬਹੁਤੀ ਖੰਡ ਵਾਂਗੂੰ ਬੇਸੁਆਦੀ ਹੁੰਦੀ ਐ। ਜਿਹੜਾ ਤਾਂ ਖਾਂਦਾ ਐ ਘਾਹ-ਫੂਸ, ਉਹਦੀ ਤਾਂ ਭਾਈ ਗੱਲ ਕੀ ਕਰਨੀ ਹੋਈ। ਤੇ ਜਿਹੜਾ ਖਾਂਦਾ ਐ ਅੰਨ, ਉਹਨੂੰ, ਸਾਊ, ਕਿਸੇ ਧੇਲੇ ਦੇ ਬੰਦੇ ਤੋਂ ਰੋਜ਼-ਰੋਜ਼ ਗਾਲ੍ਹਾਂ ਲੈਣੀਆਂ ਬਹੁਤ ਔਖੀਆਂ ਹੁੰਦੀਆਂ ਨੇ। ਕੀੜੀ ਨੂੰ ਛੇੜੋ, ਉਹ ਵੀ, ਪੁੱਤ, ਦੰਦੀ ਵੱਢਦੀ ਐ।"

ਤਨ ਦੀ ਕੈਦ ਤੋਂ ਇਲਾਵਾ ਲੋਕਾਂ ਦੀਆਂ ਗੱਲਾਂ ਨੇ ਅਤੇ ਉਹਦੀਆਂ ਆਪਣੀਆਂ ਸੋਚਾਂ ਨੇ ਇਕ ਕੈਦ ਮਲਕੀਤ ਸਿੰਘ ਦੇ ਮਨ ਵਿਚ ਉਸਾਰ ਛੱਡੀ ਸੀ। ਉਹਨੂੰ ਅਲੋਕਾਰ ਜਿਹਾ ਨਿੱਘ ਮਹਿਸੂਸ ਹੋਇਆ। ਚਾਚੀ ਦਾਨਕੁਰ ਨੇ ਆਪਣੀ ਗੱਲ ਹੋਰ ਵੀ ਉਚੀ ਆਵਾਜ਼ ਵਿਚ ਮੁਕਾਈ, "ਲੋਕਾਂ ਵਾਂਗੂੰ ਆਪਾਂ ਨ੍ਹੀਂ ਭਾਈ ਕਦੇ ਝਿਜਕੇ ਬਈ ਮੇਰੀ ਗੱਲ ਕੋਈ ਜਾ ਕੇ ਕਿਸੇ ਦੂਜੇ ਨੂੰ ਦੱਸ ਦੇਊ। ਸੌ ਵਾਰੀਂ ਦੱਸ ਦੇਵੇ। ਮੇਰੀ ਜਾਣੇ ਜੁੱਤੀ। ਤੂੰ ਮਰਦ ਨਿਕਲਿਆ ਪੁੱਤ, ਮਰਦ ਦੇ ਬੱਚੇ ਵਾਲੀ ਗੱਲ ਕਰ ਦਿਖਾਈ। ਸ਼ਾਬਾਸ਼ੇ ਤੇਰੇ ਮਾਂ ਦਾ ਦੁੱਧ ਚੁੰਘੇ ਦੇ ! ਤੂੰ ਸ਼ੇਰਨੀ ਦੇ ਦੁੱਧ ਦੀ ਲਾਜ ਰੱਖ ਦਿਖਾਈ। ਭੇਡ ਦਾ ਦੁੱਧ ਤਾਂ ਹਰ ਕੋਈ ਚੁੰਘਦਾ ਐ !"

ਚਾਚੀ ਦਾਨਕੁਰ ਦੀਆਂ ਗੱਲਾਂ ਸਨ ਕਿ ਪਤਲੀ-ਪਤਲੀ ਧੁੰਦ ਨੂੰ ਪਾੜ ਕੇ ਅਚਾਨਕ ਨਿਕਲਿਆ ਸੂਰਜ ਸੀ।

ਦਾਨਕੁਰ ਨੇ ਮਲਕੀਤ ਦਾ ਮੋਢਾ ਥਾਪੜਿਆ ਅਤੇ ਤੁਰ ਗਈ। ਮਲਕੀਤ ਸਿੰਘ ਨੇ ਹੁਲਾਸੀਆਂ ਨਜ਼ਰਾਂ ਨਾਲ ਉਹਦੀ ਜਾਂਦੀ ਦੀ ਪਿੱਠ ਦੇਖੀ। ਉਹ ਖੜ੍ਹਾ ਹੋ ਗਿਆ। ਖੇਸ ਲਾ ਕੇ ਉਹਨੇ ਮੂਹੜੇ ਉਤੇ ਸੁੱਟ ਦਿਤਾ, ਭਰਵੀਂ ਅੰਗੜਾਈ ਲੈ ਕੇ ਆਲਸ ਲਾਹੀ ਅਤੇ ਤਣ ਕੇ ਖਲੋਂਦਿਆਂ ਇਉਂ ਮੁਸਕਰਾਇਆ ਜਿਵੇਂ ਕਿ ਉਹ ਸਭਨਾਂ ਕੈਦਾਂ ਤੋਂ ਮੁਕਤ ਹੋ ਗਿਆ ਹੋਵੇ।

# ਆਪ੍ਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ

■ ਮਾਰਕ ਟੱਲੀ

ਪੰਜਾਬ ਵਿਚ ਰਾਸ਼ਟਰਪਤੀ ਰਾਜ ਦੇ ਨਾਕਾਮ ਹੋਣ ਅਤੇ ਵਿਰੋਧੀ ਧਿਰ ਤੇ ਪ੍ਰੈਸ ਦੇ ਬਾਰ ਬਾਰ ਇੰਦਰਾ ਗਾਂਧੀ ਨੂੰ ਟਿਚਕਰਾਂ ਕਰਨ 'ਤੇ ਇੰਦਰਾ ਗਾਂਧੀ ਨੇ ਜੋ ਕੁਝ ਕੀਤਾ ਉਹ ਸੀ ਕਾਲੇ ਕਾਨੂੰਨਾਂ ਦੁਆਰਾ ਹੋਰ ਜ਼ਿਆਦਾ ਸੱਤਾ ਪ੍ਰਾਪਤ ਕਰਨਾ। ਸਾਰੇ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਦਿਤਾ ਗਿਆ। ਪੁਲਿਸ ਨੂੰ ਗ੍ਰਿਫਤਾਰੀ ਦੇ ਖੁਲ੍ਹੇ ਹਕੂਕ ਦੇ ਦਿਤੇ ਗਏ। ਨੈਸ਼ਨਲ ਸਕਿਉਰਿਟੀ ਐਕਟ ਵਿਚ ਸੋਧ ਕਰ ਦਿਤੀ ਗਈ। ਹੁਣ ਪੁਲਿਸ ਕਿਸੇ ਨੂੰ ਵੀ ਅਦਾਲਤ ਵਿਚ ਪੇਸ਼ ਕੀਤੇ ਬਿਨਾਂ ਸਾਲ ਲਈ ਬੰਦ ਕਰ ਸਕਦੀ ਸੀ। ਪਰ ਸਮੱਸਿਆ ਹੋਰ ਵਧੇਰੇ ਅਧਿਕਾਰਾਂ ਦੀ ਨਹੀਂ ਸੀ। ਪੁਲਿਸ ਪਹਿਲਾਂ ਤੋਂ ਮਿਲੇ ਅਧਿਕਾਰਾਂ ਨੂੰ ਵੀ ਇਸਤੇਮਾਲ ਨਹੀਂ ਕਰ ਰਹੀ ਸੀ, ਸਰਕਾਰ ਨੂੰ ਪਤਾ ਹੀ ਨਹੀਂ ਸੀ ਕੀ ਕਰਨਾ ਹੈ ਤੇ ਕੀ ਨਹੀਂ।

ਇਕ ਵਾਰੀ ਫਿਰ, ਨਵੇਂ ਮਿਲੇ ਅਧਿਕਾਰਾਂ ਨਾਲ ਭਿੰਡਰਾਂਵਾਲਿਆਂ ਨੂੰ ਕੋਈ ਫਰਕ ਨਹੀਂ ਪਿਆ। ਉਧਰ ਪੁਲਿਸ ਲਈ ਵਧੇਰੇ ਹਕੂਕ ਦਾ ਐਲਾਨ ਹੋ ਰਿਹਾ ਸੀ ਅਤੇ ਦਿਨ ਦੀਵੀਂ ਦਿਲੀ ਦੇ ਐਨ ਦਰਮਿਆਨ ਦਿੱਲੀ ਦੇ ਇਕ ਕਾਂਗਰਸ ਨਵਾਜ਼ ਸਿਖ ਹਰਬੰਸ ਸਿੰਘ ਮਨਚੰਦਾ ਨੂੰ ਜੋ ਕਿ ਆਪਣੀ ਕਾਰ ਵਿਚ ਜਾ ਰਿਹਾ ਸੀ, ਗੋਲੀਆਂ ਨਾਲ ਛਾਨਣੀ ਕਰ ਦਿਤਾ ਗਿਆ। ਉਸ ਨੂੰ ਸਰਕਾਰ ਅਕਾਲੀ ਮੋਰਚੇ ਦੇ ਖਿਲਾਫ ਬਿਆਨ ਦੇਣ ਲਈ ਇਸਤੇਮਾਲ ਕਰਦੀ ਸੀ। ਜਿਸ ਦਿਨ ਨਵੇਂ ਅਧਿਕਾਰ ਪੁਲਸ ਨੂੰ ਮਿਲੇ ਉਸੇ ਦਿਨ ਹੀ ਅੰਮ੍ਰਿਤਸਰ ਵਿਚ ਇਕ ਸਿਆਸੀ ਨੇਤਾ ਹਰਬੰਸ ਲਾਲ ਖੰਨਾ ਨੂੰ ਕਤਲ ਕਰ ਦਿਤਾ ਗਿਆ। ਉਹ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਨੇਤਾ ਸੀ। ਅਗਲੇ ਦਿਨ ਹੀ ਇੰਦਰਾ ਗਾਂਧੀ ਦੇ ਹਮਾਇਤੀ ਪਾਰਲੀਮੈਂਟ ਦੇ ਮੈਂਬਰ ਵੀ. ਐਨ. ਤਿਵਾੜੀ ਨੂੰ ਜੋ ਕਿ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦਾ ਪ੍ਰੋਫੈਸਰ ਸੀ, ਹਲਾਕ ਕਰ ਦਿਤਾ ਗਿਆ। 30 ਅਪ੍ਰੈਲ ਨੂੰ ਪੁਲਿਸ ਦੇ ਇਕ ਰਿਟਾਇਰਡ ਡੀ. ਐਸ. ਪੀ. ਗਿਆਨੀ ਬਚਨ ਸਿੰਘ ਅੰਮ੍ਰਿਤਸਰ ਵਿਚ ਗੋਲੀ ਨਾਲ ਉਡਾ ਦਿਤਾ ਗਿਆ। ਉਸ ਦੇ ਗੰਨਮੈਨ ਦੀ ਸਟੇਨਗੰਨ ਵੀ ਕਾਤਲ ਨਾਲ ਹੀ ਲੈ ਗਏ। ਗਿਆਨੀ ਨੂੰ ਕਤਲ ਕਰਨ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਨੇ ਉਸਦੀ ਪਤਨੀ ਅਤੇ ਕੁੜੀ ਨੂੰ ਜਿਹੜੀਆਂ ਰਿਕਸ਼ਾ ਵਿਚ ਉਸਦੇ ਪਿਛੇ ਆ ਰਹੀਆਂ ਸਨ, ਵੀ ਕਤਲ ਕਰ ਦਿਤਾ। ਕਹਿੰਦੇ ਹਨ ਕਿ ਗਿਆਨੀ ਨੇ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ 'ਤੇ ਉਦੋਂ ਤਸ਼ੱਦਦ ਕੀਤਾ ਸੀ ਜਦੋਂ ਉਹ ਪੁਲਸ ਦੀ ਹਿਰਾਸਤ ਵਿਚ ਸੀ। ਇਹ ਵੀ ਕਿਹਾ ਜਾਦਾ ਹੈ ਕਿ ਭਿੰਡਰਾਂਵਾਲਿਆਂ ਨੇ ਪੁਲਿਸ ਨੂੰ ਇਹ ਚੈਲੰਜ ਕੀਤਾ ਸੀ ਕਿ ਉਹ ਗਿਆਨੀ ਨੂੰ ਬਚਾ ਕੇ ਦਿਖਾਵੇ। ਪੁਲਿਸ ਬੁਰੀ ਤਰ੍ਹਾਂ ਨਾਕਾਮ ਹੋਈ। ਬਚਨ ਸਿੰਘ ਦੇ ਕਤਲ ਨੇ ਪੁਲਿਸ ਦੇ ਹੌਸਲੇ ਪਸਤ ਕਰ ਦਿਤੇ। 2 ਮਈ ਨੂੰ ਪੰਜਾਬ ਕੇਸਰੀ, ਹਿੰਦੀ ਸਮਾਚਾਰ ਅਖਬਾਰਾਂ ਦੇ ਸੰਪਾਦਕ ਰਮੇਸ਼ ਚੰਦਰ ਦੇ ਕਤਲ ਨੇ ਸਾਬਤ ਕਰ ਦਿਤਾ ਕਿ ਸਪੈਸ਼ਲ ਹਕੂਕ ਪੁਲਿਸ ਜਾਂ ਸਰਕਾਰ ਦੀ ਕੋਈ ਮਦਦ ਨਹੀਂ ਕਰ ਸਕਦੇ ਤੇ ਸੰਤ ਭਿੰਡਰਾਂਵਾਲੇ ਕਾਨੂੰਨ ਤੋਂ ਉਪਰ ਹਨ ਇਸ ਕਤਲ ਤੋਂ ਤਿੰਨ ਸਾਲ ਪਹਿਲਾਂ ਸੰਤ ਭਿੰਡਰਾਂਵਾਲਿਆਂ ਨੂੰ ਰਮੇਸ਼ ਚੰਦਰ ਦੇ ਪਿਤਾ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਸਿਲਸਿਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਸਮੇਂ ਤੋਂ ਹੀ ਇਹ ਸਮਝਿਆ ਜਾ ਰਿਹਾ ਸੀ ਕਿ ਰਮੇਸ਼ ਚੰਦਰ ਸੁਰਖਿਅਤ ਨਹੀਂ। ਪਰ ਇਸ ਕਤਲ ਨੇ ਇਹ ਸਾਬਤ ਕਰ ਦਿਤਾ ਕਿ ਇੰਦਰਾ ਗਾਂਧੀ ਪੰਜਾਬ ਦੇ ਹਾਲਾਤ ਨੂੰ ਕੰਟਰੋਲ ਕਰਨ ਦੇ ਸਮਰੱਥ ਨਹੀਂ। 'ਟਾਈਮਜ਼ ਆਫ ਇੰਡੀਆ' ਨੇ ਆਪਣੇ ਇਕ ਸੰਪਾਦਕੀ ਨੋਟ ਵਿਚ ਲਿਖਿਆ ਹੈ ਕਿ ਭਿੰਡਰਾਂਵਾਲੇ ਆਜ਼ਾਦੀ ਨਾਲ ਆਪਣਾ ਅਗਲਾ ਨਿਸ਼ਾਨਾ ਚੁਣ ਸਕਦੇ ਹਨ

ਅਪ੍ਰੈਲ ਦੇ ਅਖੀਰ ਤੱਕ ਇਕ ਸੀਨੀਅਰ ਪੁਲਿਸ ਅਫਸਰ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ 'ਵਿਸ਼ੇਸ਼ ਹੱਕਾਂ' ਦੇ ਬਾਵਜੂਦ ਪੁਲਿਸ ਭਿੰਡਰਾਵਾਲਿਆਂ ਦੇ ਕੁਝ ਕੁ ਚੇਲਿਆਂ ਨੂੰ ਹੀ ਪਕੜਨ ਵਿਚ ਕਾਮਯਾਬ ਹੋਈ। ਇਸ ਅਧਿਕਾਰੀ ਦਾ ਖਿਆਲ ਸੀ ਕਿ ਇਸ ਤਰ੍ਹਾਂ ਦੇ ਕੱਟੜ ਚੇਲਿਆਂ ਦੀ ਗਿਣਤੀ 400 ਤੇ 500 ਦੇ ਦਰਮਿਆਨ ਹੈ।

10 ਮਾਰਚ ਨੂੰ ਮੈਂ ਦਰਬਾਰ ਸਾਹਿਬ ਗਿਆ। ਮਕਸਦ ਸੀ ਕਿ ਦੇਖਿਆ ਜਾਵੇ ਕਿ ਇਹਨਾਂ ਰਿਪੋਰਟਾਂ ਵਿਚ ਕਿੰਨੀ ਕੁ ਸਚਾਈ ਹੈ ਕਿ ਭਿੰਡਰਾਂਵਾਲਿਆਂ ਦੇ ਬੰਦਿਆਂ ਨੇ ਦਰਬਾਰ ਸਾਹਿਬ ਵਿਚ ਮੋਰਚੇਬੰਦੀ ਸ਼ੁਰੂ ਕਰ ਦਿੱਤੀ ਹੈ। ਜਦੋਂ ਮੈਂ ਮੁਖ ਦੁਆਰ ਕੋਲ ਪਹੁੰਚਿਆ ਤਾਂ ਕਲਾਕ ਟਾਵਰ ਦੇ ਦੋਹੀਂ ਪਾਸੀਂ ਰੇਤ ਦੀਆਂ ਬੋਰੀਆਂ ਵੇਖੀਆਂ। ਖੱਬੇ ਪਾਸੇ ਪਾਣੀ ਦੀ ਟੈਂਕੀ ਸੀ। ਮੈਂ ਵੇਖਿਆ ਕਿ ਕੁਝ ਨੌਜੁਆਨ ਸਿਖ ਆਟੋਮੈਟਿਕ ਰਾਇਫਲਾਂ ਲਈ ਇਸ ਉਪਰ ਮੋਰਚੇਬੰਦੀ ਕਰ ਰਹੇ ਹਨ। ਇਸ ਟੈਂਕੀ ਤੋਂ ਲਗਭਗ ਸਾਰੀਆਂ ਇਮਾਰਤਾਂ 'ਤੇ ਨਜ਼ਰ ਰੱਖੀ ਜਾ ਸਕਦੀ ਸੀ।



### ਭਿੰਡਰਾਂਵਾਲਿਆਂ ਨਾਲ ਮੁਲਾਕਾਤ

ਸੰਪਰਕ ਅਧਿਕਾਰੀ ਨੂੰ ਦੱਸਿਆ ਕਿ ਮੈਂ ਭਿੰਡਰਾਂਵਾਲਿਆਂ ਨਾਲ ਮੁਲਾਕਾਤ ਕਰਨਾ ਚਾਹੁੰਦਾ ਹਾਂ। ਉਸ ਨੇ ਸੰਤਾਂ ਨੂੰ ਫੋਨ ਕੀਤਾ ਤੇ ਇਕ ਨੌਜੁਆਨ ਸਿਖ ਮੈਨੂੰ ਸੰਤਾਂ ਕੋਲ ਲੈ ਜਾਣ ਲਈ ਆ ਗਿਆ। ਮੈਂ ਅਕਾਤ ਤਖਤ 'ਚ ਭਿੰਡਰਾਂਵਾਲਿਆਂ ਨੂੰ ਮਿਲਣ ਗਿਆ। ਮੈਂ ਖੁਲ੍ਹੇ ਹਾਲ ਵਿਚ ਪ੍ਰਵੇਸ਼ ਕੀਤਾ। ਗਰੰਥੀ ਸਿੰਘ ਪਾਠ ਕਰ ਰਹੇ ਸਨ, ਮੈਂ ਉਹਨਾਂ ਕੋਲੋਂ ਲੰਘ ਕੇ ਪਿਛਲੇ ਪਾਸੇ ਵਲ ਚਲਾ ਗਿਆ। ਉਥੇ ਕਾਫੀ ਅੰਨੇਰਾ ਸੀ। ਨੌਜੁਆਨ ਸਿਖ ਨੇ ਉਥੇ ਗਾਰਡ ਡਿਊਟੀ ਤੇ ਖੜੇ ਸਿਖਾਂ ਨੂੰ ਬੇਨਤੀ ਕੀਤੀ ਕਿ ਉਹ ਸਾਨੂੰ ਲੰਘਣ ਦੇਣ। ਅਸੀਂ ਕੁਝ ਕੁ ਪੌੜੀਆਂ ਚੜ੍ਹ ਕੇ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਪਹੁੰਚੇ। ਉਹ ਆਮ ਦੀ ਤਰ੍ਹਾਂ ਆਪਣੀਆਂ ਲਤਾਂ ਫੈਲਾ ਕੇ ਲੇਟੇ ਹੋਏ ਸਨ ਤੇ ਉਹਨਾਂ ਕੋਲ ਕੁਝ ਨੌਜੁਆਨ ਬੈਠੇ ਹੋਏ ਸਨ ਜਿਨ੍ਹਾਂ ਵਿਚ ਭਾਈ ਅਮਰੀਕ ਸਿੰਘ, ਹਰਮਿੰਦਰ ਸਿੰਘ ਤੇ ਰਛਪਾਲ ਸਿੰਘ ਵੀ ਸ਼ਾਮਲ ਸਨ। ਜਦੋਂ ਸੰਤਾਂ ਨੂੰ ਦੱਸਿਆ ਗਿਆ ਕਿ ਬੀ. ਬੀ. ਸੀ. ਵਾਲੇ ਆਏ ਹਨ ਤਾਂ ਉਹ ਮੁਸਕਰਾਏ ਅਤੇ ਮੈਨੂੰ ਆਪਣੇ ਕੋਲ ਸੱਦ ਲਿਆ। ਮੈਂ ਦੱਸਿਆ ਕਿ ਮੈਂ ਉਹਨਾਂ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਦੀ ਫਿਲਮ ਲੈਣਾ ਚਾਹੁੰਦਾ ਹਾਂ ਤੇ ਇੰਟਰਵੀਊ ਵੀ ਕਰਨਾ ਚਾਹੁੰਦਾ ਹਾਂ। ਭਿੰਡਰਾਂਵਾਲਿਆਂ ਨੇ ਮੇਰਾ ਵਿਚਾਰ ਪਸੰਦ ਕੀਤਾ ਅਤੇ ਅਗਲੇ ਦਿਨ ਦਾ ਸਮਾਂ ਦੇ ਦਿੱਤਾ। ਅਗਲੇ ਦਿਨ ਲੰਗਰ

(ਬਾਕੀ ਪੰਨਾ 14 ਤੇ)

## ਸੀ.ਪੀ.ਆਈ. ਦੀ ਸੂਬਾ ਕਾਨਫਰੰਸ 27 ਨੂੰ

ਮੰਡੀ ਗੋਬਿੰਦਗੜ੍ਹ, (ਪੱਤਰ ਪ੍ਰੇਰਕ) - ਭਾਰਤੀ ਕਮਿਊਨਿਸਟ ਪਾਰਟੀ ਦੀ ਤੇਰ੍ਹਵੀਂ ਸੂਬਾਈ ਕਾਨਫਰੰਸ 27 ਫਰਵਰੀ ਨੂੰ ਮੰਡੀ ਗੋਬਿੰਦਗੜ੍ਹ ਵਿਚ ਹੋ ਰਹੀ ਹੈ ਜਿਸ ਵਿਚ ਕਾਮਰੇਡ ਇੰਦਰਜੀਤ ਗੁਪਤਾ ਪਾਰਲੀਮਾਨੀ ਮੈਂਬਰ ਤੇ ਕਾਮਰੇਡ ਜਗਨ ਨਾਥ ਸਰਕਾਰ ਸਕੱਤਰ ਕੌਮੀ ਕੌਂਸਲ ਸੀ. ਪੀ. ਆਈ. ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ।

ਜ਼ਿਲਾ ਪਟਿਆਲਾ ਕਮਿਊਨਿਸਟ ਪਾਰਟੀ ਦੇ ਸਕੱਤਰ ਕਾਮਰੇਡ ਲਛਮਨ ਸਿੰਘ ਨੇ ਦੱਸਿਆ ਕਿ ਇਸ ਸਬੰਧ ਵਿਚ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਤੇ ਲੋੜੀਂਦੀਆਂ ਤਿਆਰੀਆਂ ਜਾਰੀ ਹਨ। ਪਾਰਟੀ ਦੇ ਬੁਲਾਰੇ ਨੇ ਇਹ ਵੀ ਦੱਸਿਆ ਹੈ ਕਿ ਨਗਰਪਾਲਿਕਾ ਮੰਡੀ ਗੋਬਿੰਦਗੜ੍ਹ ਦੇ ਆਊਟ ਡੋਰ ਸਟੇਡੀਅਮ ਵਿਚ ਦੁਪਹਿਰ ਇਕ ਵਜੇ ਵਿਸ਼ਾਲ ਰੈਲੀ ਹੋਏਗੀ। ਇਸ ਤੋਂ ਇਲਾਵਾ 28 ਫਰਵਰੀ ਤੋਂ ਲੈ ਕੇ 2 ਮਾਰਚ ਤਕ ਡੈਲੀਗੇਟ ਇਜਲਾਸ ਹੋਣਗੇ ਜਿਨ੍ਹਾਂ ਵਿਚ ਪੰਜਾਬ ਇਕਾਈ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।


**The $200,000 difference. An answer to the stress of RRSP investing.**

That's the difference between an Industrial Growth Fund RRSP and Guaranteed Investment Certificates over the past 18 years.

That's right. based on maximum annual RRSP contributions. your $78.000 investment in Industrial Growth Fund would have grown to $417.455 – $228.450 more than the same investment in an RRSP composed of 5-year GICs.

Small wonder. Industrial Growth Fund's long-term record is exceptional. (Average annual compound rates of return: *18 years – 18%. 10 years – 19.8%. 3 years – 21.3%. 1 year – 29.3%.)*

It's the direct result of the conservative. but growth-oriented money management philosophy of Mackenzie Financial Corporation. And it's the answer to reducing the stress – and increasing the returns – of your RRSP investing.

Call or write for details. Today!

**THE INDUSTRIAL GROWTH FUND RRSP**

For complete information:
Mail the Coupon or Phone

**Gurcharan Rampuri**
Great Pacific Management Co. Ltd.
1010 - 1200 Burrard Street Vancouver, B.C.

**Res: 986-2883 Bus: 669-1143**



*Looking both ways to manage your RRSP.*
☐ I'd like to reduce the stress and increase the rewards of my RRSP investing, please send me *The RRSP Answer Book.*

NAME
ADDRESS
CITY PROV POSTAL CODE
PHONE (Home) (Business)

*All figures to December 1 1985. Any offer made only by prospectus*

Dealer Info.



**Non-smokers pay less** for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

ਹਾਲ ਦੀ ਇਮਾਰਤ ਦੇ ਉਪਰ 300 ਦੇ ਕਰੀਬ ਇਕੱਠ ਸੀ । ਸੰਤਾਂ ਦੇ ਹਥਿਆਰਬੰਦ ਗਾਰਡ ਇਧਰ ਉਧਰ ਬਨੇਰਿਆਂ ਦੇ ਨਾਲ ਨਾਲ ਘੁੰਮ ਰਹੇ ਸਨ। ਭਿੰਡਰਾਂਵਾਲਿਆਂ ਦੇ ਕੋਲ ਇਕ ਵਡੇਰੀ ਉਮਰ ਦਾ ਸਿਖ ਬੈਠਾ ਸੀ ਜਿਸ ਦੀ ਦਾੜ੍ਹੀ ਲੰਬੀ ਤੇ ਚਿੱਟੀ ਸੀ । ਉਸਦੀ ਪਗੜੀ ਸੋਹਣੀ ਬੰਨ੍ਹੀ ਹੋਈ ਸੀ । ਉਸ ਦਾ ਚਿਹਰਾ ਪਤਲਾ ਤੇ ਦਨਾਅ ਸੀ । ਮੈਂ ਸਮਝਿਆ ਕਿ ਉਹ ਕੋਈ ਵਿਦਵਾਨ ਜਾਂ ਗਰੰਥੀ ਹੋਵੇਗਾ ਪਰ ਉਹ ਦਰਅਸਲ ਸੈਨਿਕ ਸੀ — ਉਹ ਸੀ ਮੇਜਰ ਜਨਰਲ ਸ਼ਾਹਬੇਗ ਸਿੰਘ । ਇਹੋ ਵਿਅਕਤੀ ਸੀ ਜਿਸ ਨੇ ਦਰਬਾਰ ਸਾਹਿਬ ਵਿਚ ਸਾਰੀ ਮੋਰਚੇਬੰਦੀ ਕੀਤੀ । ਇਹੋ ਜਨਰਲ ਸੀ ਜਿਸ ਨੇ 1971 ਵਿਚ ਬੰਗਲਾ ਦੇਸ਼ ਦੀ ਆਜ਼ਾਦੀ ਲੜਾਈ ਵਿਚ ਤਥਾ ਕਥਿਤ ਮੁਕਤੀ ਬਾਹਨੀ ਨੂੰ ਟਰੇਨਿੰਗ ਦਿਤੀ ਅਤੇ ਬੰਗਲਾ ਦੇਸ਼ ਵਿਚ ਛਾਪਾਮਾਰ ਲੜਾਈ ਦੀ ਅਗਵਾਈ ਕੀਤੀ ।

ਭਿੰਡਰਾਂਵਾਲੇ ਅਕਸਰ ਸਰਕਾਰ 'ਤੇ ਦੋਸ਼ ਲਾਉਂਦੇ ਸਨ ਕਿ ਉਹ ਉਹਨਾਂ ਵਿਰੁੱਧ ਭੰਡੀ ਪ੍ਰਚਾਰ ਕਰ ਰਹੀ ਹੈ । ਉਨ੍ਹਾਂ ਨੇ ਮੈਨੂੰ ਉਸ ਦਿਨ ਦਸਿਆ ਕਿ ਉਹ ਨਹੀਂ ਸਗੋਂ ਸਰਕਾਰ ਆਤੰਕਵਾਦ ਲਈ ਜ਼ਿੰਮੇਵਾਰ ਹੈ । ਸਿਖ,ਸਰਕਾਰ ਦੇ, ਹਿੰਦੂਆਂ ਦੇ ਗੁਲਾਮ ਹਨ। ਸਿੱਖਾਂ ਨੂੰ ਹਰਿਆਣੇ ਵਿਚੋਂ ਲੰਘ ਕੇ ਦਿੱਲੀ ਏਸ਼ੀਅਨ ਖੇਡਾਂ ਵੇਖਣ ਨਹੀਂ ਜਾਣ ਦਿਤਾ ਗਿਆ। ਜਦੋਂ ਮੈਂ ਸਿੱਖਾਂ ਦੀ ਆਜ਼ਾਦੀ ਬਾਰੇ ਪੁਛਿਆ ਤਾਂ ਉਨ੍ਹਾਂ ਜੁਆਬ ਦਿਤਾ 'ਨਾ ਮੈਂ ਆਜ਼ਾਦੀ ਦੇ ਹੱਕ ਵਿਚ ਹਾਂ ਨਾ ਇਸ ਦੇ ਖਿਲਾਫ । ਪਰ ਜੇ ਇਸਦੀ ਪੇਸ਼ਕਸ਼ ਮੈਨੂੰ ਕੀਤੀ ਗਈ ਤਾਂ ਮੈਂ ਨਾਂਹ ਨਹੀਂ ਕਰਾਂਗਾ ।'

ਭਿੰਡਰਾਂਵਾਲੇ ਇਸ ਤਰ੍ਹਾਂ ਦੇ ਇਕੱਠ ਵਿਚ ਲੋਕਾਂ ਦੀ ਫਰਿਆਦਾਂ ਵੀ ਸੁਣਦੇ ਸਨ। ਇਨ੍ਹਾਂ ਫਰਿਆਦਾਂ ਦੇ ਹਲ ਲਈ ਜਿਸ ਤਰ੍ਹਾਂ ਉਹ ਵਾਗਸ ਬੰਨ੍ਹਾਉਂਦੇ ਸਨ, ਉਸਤੋਂ ਪਤਾ ਲਗਦਾ ਹੈ ਕਿ ਪੰਜਾਬ ਦੀ ਹਕੂਮਤ ਅਤੇ ਪੁਲਿਸ ਵਿਚ ਉਨ੍ਹਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਸਨ। ਡਿਪਟੀ ਕਮਿਸ਼ਨਰ ਉਨ੍ਹਾਂ ਦਾ ਪਾਣੀ ਭਰਦੇ ਸਨ । ਯੂਨੀਵਰਸਿਟੀਆਂ ਤੇ ਮੈਡੀਕਲ ਕਾਲਜ ਦੇ ਪ੍ਰੋਫੈਸਰ ਹਾਜ਼ਰੀਆਂ ਭਰਦੇ ਸਨ। ਟੈਲੀਫੋਨ ਐਕਸਚੇਂਜ ਵੀ ਭਿੰਡਰਾਂਵਾਲਿਆਂ ਦੇ ਕੰਟਰੋਲ ਵਿਚ ਸੀ। ਜਦੋਂ ਫੌਜ ਨੇ ਪੰਜਾਬ ਦੀ ਸੁਰਖਿਆ ਦੀ ਜ਼ਿੰਮੇਵਾਰੀ ਲੈ ਲਈ ਤਾਂ ਇਕ ਫੌਜੀ ਜਰਨੈਲ ਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਕਿ ਭਿੰਡਰਾਂਵਾਲਿਆਂ ਦੀਆਂ ਕਾਲਾਂ ਪਹਿਲਾਂ ਲਾਈਆਂ ਜਾਂਦੀਆਂ ਸਨ। ਭਿੰਡਰਾਂਵਾਲਿਆਂ ਦਾ ਜਾਂ ਦਰਬਾਰ ਸਾਹਿਬ ਵਿਚ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਟੈਲੀਫੋਨ ਨਾ ਤਾਂ ਕਦੀ ਕਟੇ ਗਏ ਤੇ ਨਾ ਹੀ ਕਦੀ ਖਰਾਬ ਹੋਏ ।

ਭਿੰਡਰਾਂਵਾਲਿਆਂ ਦੇ ਨਾਂ ਦਾ ਦਬਦਬਾ ਇਸ ਹਦ ਤਕ ਕਾਇਮ ਹੋ ਚੁੱਕਾ ਸੀ ਕਿ ਕਈ ਹਿੰਦੂ ਕਾਰਖਾਨੇਦਾਰ ਜਾਂ ਤਾਂ ਪੰਜਾਬ ਛੱਡ ਚੁਕੇ ਸਨ ਜਾਂ ਜਾਣ ਦੀਆਂ ਸਕੀਮਾਂ ਬਣਾ ਰਹੇ ਸਨ । ਡਰ ਕਾਰਨ ਕਈ ਹਿੰਦੂ ਸਿਖਾਂ ਵਾਲੀ ਡਰੈਸ ਪਹਿਨਣ ਲਗ ਗਏ ਸਨ । ਅੰਮ੍ਰਿਤਸਰ ਵਿਚ ਇਕ ਰੀਟਾਇਰਡ ਸਕੂਲ ਅਧਿਆਪਕ ਨੇ ਮੈਨੂੰ ਦੱਸਿਆਕਿ ਜਦੋਂ ਉਹ ਸੈਰ ਕਰਨ ਲਈ ਜਾਂਦਾ ਹੈ ਤਾਂ ਸਿਰ ਤੇ ਪੱਗ ਬੰਨ੍ਹ ਲੈਂਦਾ ਹੈ। ਪੈਟਰੋਲ ਪੰਪਾਂ 'ਤੇ ਕੰਮ ਕਰਦੇ ਨੌਜੁਆਨ ਮੁੰਡਿਆਂ ਨੇ ਦਾੜ੍ਹੀਆਂ ਵਧਾ ਲਈਆਂ ਤੇ ਦਸਤਾਰਾਂ ਸਜਾਉਣ ਲਗ ਪਏ। ਰੋਜ਼ ਦਿਹਾੜੇ ਬਸਾਂ ਰੇਲਾਂ ਵਿਚ ਸਫਰ ਕਰਨ ਵਾਲੇ ਹਿੰਦੂਆਂ ਵਿਚੋਂ ਵੀ ਕਈ ਇਸੇ ਪਾਸੇ ਹੋ ਤੁਰੇ। ਇਸ ਸਭ ਕਾਸੇ ਨੇ ਧਰਮ ਯੁੱਧ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਇੰਦਰਾ ਗਾਂਧੀ ਦੇ ਹੱਥਾਂ ਵਿਚ ਜਾਣ ਤੇ ਮਜ਼ਬੂਰ ਕਰ ਦਿਤਾ। ਲੌਂਗੋਵਾਲ ਨੇ ਇੰਦਰਾ ਗਾਂਧੀ ਨੂੰ ਇਕ ਲੰਬਾ ਟੈਲੀਫੋਨ ਕੀਤਾ ਜਿਸ ਵਿਚ ਇਹ ਮੰਨਿਆ ਕਿ ਹਾਲਾਤ ਉਸਦੇ ਕੰਟਰੋਲ ਤੋਂ ਬਾਹਰ ਹਨ। ਸੰਤ ਲੌਂਗੋਵਾਲ ਨੇ ਇੰਦਰਾ ਗਾਂਧੀ ਨੂੰ ਕਿਹਾ ਕਿ ਜੇ ਕੁਝ ਰਿਆਇਤਾਂ ਦਾ ਐਲਾਨ ਕਰ ਦਿਤਾ ਜਾਵੇ ਤਾਂ ਸੰਤ ਭਿੰਡਰਾਂਵਾਲਿਆਂ ਨੂੰ ਅਲਗ ਥਲੱਗ ਕੀਤਾ ਜਾ ਸਕਦਾ ਹੈ। ਪਰ ਬਦਕਿਸਮਤੀ ਨਾਲ ਇਸ ਗਲਬਾਤ ਦਾ ਚਰਚਾ ਅਖਬਾਰਾਂ ਵਿਚ ਆ ਗਿਆ ਤੇ



ਭਿੰਡਰਾਂਵਾਲਿਆਂ ਨੂੰ ਇਹ ਸਾਬਤ ਕਰਨ ਦਾ ਮੌਕਾ ਮਿਲ ਗਿਆ ਕਿ ਲੌਂਗੋਵਾਲ ਕੌਮ ਨੂੰ ਵੇਚ ਰਹੇ ਹਨ । ਬਾਦਲ, ਟੌਹੜਾ ਤੇ ਲੌਂਗੋਵਾਲ ਇਹ ਚਾਹੁੰਦੇ ਸਨ ਕਿ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇ ਪਰ ਇਸ ਦੇ ਬਦਲੇ ਫਾਜ਼ਿਲਕਾ ਤੇ ਅਬੋਹਰ ਦੇ ਇਲਾਕੇ ਹਰਿਆਣੇ ਨੂੰ ਨਾ ਦੇਣੇ ਪੈਣ । ਇਸ ਨਾਲ ਉਹ ਭਿੰਡਰਾਂਵਾਲਿਆਂ ਨੂੰ ਧਰਮ ਮੋਰਚੇ ਤੋਂ ਵੱਖ ਕਰਨ ਵਿਚ ਕਾਮਯਾਬ ਹੋ ਸਕਦੇ ਸਨ। ਪਰ ਇੰਦਰਾ ਗਾਂਧੀ ਨੇ ਕਿਹਾ ਕਿ ਹਰਿਆਣੇ ਦੇ ਹਿੰਦੂ ਇਸ ਨੂੰ ਸਾਡੀ ਹਾਰ ਸਮਝ ਲੈਣਗੇ । ਉਸ ਨੇ ਕਿਹਾ ਕਿ ਅਬੋਹਰ ਫਾਜ਼ਿਲਕਾ ਦਾ ਮਾਮਲਾ ਕਮਿਸ਼ਨ ਨੂੰ ਸੌਂਪ ਦਿਤਾ ਜਾਵੇ ਤੇ ਇਹ ਵਾਅਦਾ ਲੈ ਲਓ ਕਿ ਕਮਿਸ਼ਨ ਦਾ ਫੈਸਲਾ ਤੁਹਾਡੇ ਹੱਕ ਵਿਚ ਹੋਵੇਗਾ। ਪਰ ਅਕਾਲੀ ਲੀਡਰਾਂ ਲਈ ਇਹ ਕਾਫੀ ਨਹੀਂ ਸੀ ਕਿਉਂਕਿ ਸਿੱਖ ਇਸ ਨੂੰ ਉਨ੍ਹਾਂ



ਟੌਹੜਾ

ਦੀ ਹਾਰ ਸਮਝਣਗੇ। ਆਖਰ ਗੱਲ ਇਥੇ ਮੁੱਕੀ ਕਿ ਸਿਰਫ ਅਬੋਹਰ ਹਰਿਆਣੇ ਨੂੰ ਜਾਵੇਗਾ ਤੇ ਚੰਡੀਗੜ੍ਹ ਪੰਜਾਬ ਨੂੰ ਸ਼ਰਤ ਇਹ ਲਾਈ ਗਈ ਕਿ ਇਨ੍ਹਾਂ ਤਿੰਨਾਂ ਲੀਡਰਾਂ ਤੋਂ ਇਲਾਵਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵੀ ਇਸ ਫੈਸਲੇ ਨਾਲ ਸਹਿਮਤੀ ਹੋਵੇ। ਟੌਹੜਾ ਸਾਹਿਬ ਨੇ ਇਹ ਜ਼ਿੰਮੇਵਾਰੀ ਆਪਣੇ 'ਤੇ ਲਈ। ਪਰ ਭਿੰਡਰਾਂਵਾਲਿਆਂ ਨੇ ਅਨੰਦਪੁਰ ਸਾਹਿਬ ਦੇ ਮਤੇ ਤੋਂ ਕੁਝ ਵੀ ਘੱਟ ਲੈਣਾ ਪ੍ਰਵਾਨ ਨਾ ਕੀਤਾ। ਟੌਹਨਾ ਨੇ ਯਤਨ ਕੀਤਾ ਕਿ ਸੰਤਾਂ ਨੂੰ ਡਰਾ ਧਮਕਾ ਕੇ ਫੈਸਲੇ ਤੇ ਰਜ਼ਾਮੰਦ ਕਰਵਾ ਲਿਆ ਜਾਵੇ ਪਰ ਭਿੰਡਰਾਂਵਾਲੇ ਜਾਣਦੇ ਸਨ ਕਿ ਟੌਹੜਾ ਨਾ ਤਾਂ ਸਿੰਘ ਸਾਹਿਬਾਨ 'ਤੇ ਇਸ ਸਮੇਂ ਹਾਵੀ ਹੋ ਸਕਦਾ ਹੈ ਅਤੇ ਨਾ ਹੀ ਉਸ ਵਿਚ ਇੰਨਾ ਦਮ ਖਮ ਹੈ ਕਿ ਉਹ ਉਹਨਾਂ ਨੂੰ ਅਕਾਲ ਤਖਤ ਵਿਚੋਂ ਕਢਵਾ ਸਕੇ ਭਾਵੇਂ ਕਿ ਟੌਹੜਾ ਨੇ ਹੀ ਸਿੰਘ ਸਾਹਿਬਾਨ ਨੂੰ ਸਿਫਾਰਸ਼ ਕੀਤੀ ਸੀ ਕਿ ਸੰਤਾਂ ਨੂੰ ਅਕਾਲ ਤਖਤ ਵਿਚ ਆਉਣ ਦੀ ਆਗਿਆ ਦਿਤੀ ਜਾਵੇ। ਭਿੰਡਰਾਂਵਾਲੇ ਜਾਣਦੇ ਸਨ ਕਿ ਟੌਹੜੇ ਦੇ ਮੁਲਾਜ਼ਮ ਇਸ ਵੇਲੇ ਟੌਹੜੇ ਨਾਲੋਂ ਉਨ੍ਹਾਂ ਦਾ ਵਧੇਰੇ ਡਰ ਮੰਨਦੇ ਹਨ ।

ਅਗਲੇ ਦਿਨ ਟੌਹੜਾ ਪੰਜਾਬ ਦੇ ਗਵਰਨਰ ਨੂੰ ਮਿਲਿਆ ਅਤੇ ਦੱਸਿਆ ਕਿ ਉਹ ਆਪਣੇ ਮਿਸ਼ਨ ਵਿਚ ਅਸਫਲ ਰਿਹਾ ਹੈ ਤੇ ਸੰਤ ਭਿੰਡਰਾਂਵਾਲੇ ਦਾ ਇਸ ਸਮਝੌਤੇ ਨਾਲ ਰਜ਼ਾਮੰਦ ਹੋਣਾ ਅਸੰਭਵ ਹੈ। ਇਕ ਹਫਤਾ ਬਾਅਦ ਲੌਂਗੋਵਾਲ ਨੇ ਰਾਜ ਵਿਚ ਅਨਾਜ ਦੀ ਆਵਾਜਾਈ ਨੂੰ ਰੋਕਣ ਲਈ ਮੋਰਚਾ ਫਿਰ ਤੋਂ ਆਰੰਭਿਆ । ਇਸ ਨਾਲ ਸਰਕਾਰ ਨੂੰ ਦਰਬਾਰ ਸਾਹਿਬ ਦੇ ਗਿਰਦ ਆਰਮੀ ਐਕਸ਼ਨ ਤੋਂ ਪਹਿਲਾਂ ਆਪਣਾ ਘੇਰਾ ਹੋਰ ਮਜ਼ਬੂਤ ਕਰਨ ਦਾ ਬਹਾਨਾ ਮਿਲ ਗਿਆ । ਕਈ ਸਿੱਖਾਂ ਦਾ ਵਿਚਾਰ ਹੈ ਕਿ ਲੌਂਗੋਵਾਲ ਨੇ ਮੋਰਚੇ ਨੂੰ ਮੁੜ ਤੋਂ ਸ਼ੁਰੂ ਇਸੇ ਲਈ ਕੀਤਾ ਕਿਉਂਕਿ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਆਰਮੀ ਐਕਸ਼ਨ ਹੀ ਭਿੰਡਰਾਂਵਾਲਿਆਂ ਦਾ ਕੇਵਲ ਮਾਤਰ ਇਲਾਜ ਹੈ । ਇਕ ਸੀਨੀਅਰ ਕਾਂਗਰਸੀ ਐਮ. ਪੀ. ਨੇ ਮੈਨੂੰ ਦੱਸਿਆ ਕਿ ਭਿੰਡਰਾਂਵਾਲਿਆਂ ਦੇ ਇਸ ਸਮਝੌਤੇ ਨੂੰ ਠੁਕਰਾਉਣ ਤੋਂ ਬਾਅਦ ਸੰਤ ਲੌਂਗੋਵਾਲ ਨੇ ਸਰਕਾਰ ਨਾਲ 'ਸਹਿਯੋਗ' ਕਰਨਾ ਸ਼ੁਰੂ ਕਰ ਦਿਤਾ ਹੈ। ਮੋਰਚੇ ਦੇ ਮੁੜ ਤੋਂ ਸ਼ੁਰੂ ਕੀਤੇ ਜਾਣ ਦੇ ਐਲਾਨ ਤੋਂ ਅਗਲੇ ਦਿਨ ਹੀ ਸੈਂਟਰਲ ਰੀਜ਼ਰਵ ਪੁਲਸ ਨੇ ਦਰਬਾਰ ਸਾਹਿਬ ਦੇ ਬਾਹਰ ਦੀਆਂ ਇਮਾਰਤਾਂ 'ਤੇ ਮੋਰਚੇ ਬੰਦੀ ਸ਼ੁਰੂ ਕਰ ਦਿੱਤੀ । ਪਰ ਭਿੰਡਰਾਂਵਾਲਿਆਂ ਦੇ ਬੰਦਿਆਂ ਨੇ ਇਸ ਤੋਂ ਪਹਿਲਾਂ ਹੀ ਦਰਬਾਰ ਸਾਹਿਬ ਦੇ ਇਰਦ ਗਿਰਦ 17 ਰਿਹਾਇਸ਼ੀ ਘਰਾਂ ਉਪਰ ਆਪਣੇ ਮੋਰਚੇ ਕਾਇਮ ਕਰ ਲਏ ਸਨ

ਆਪ੍ਰੇਸ਼ਨ ਬਲਿਊ ਸਟਾਰ ਤੋਂ ਇਕ ਮਹੀਨਾ ਪਹਿਲਾਂ ਹੀ ਬੀ. ਸੀ. ਐਫ. ਨੇ ਮੋਗੇ ਦੇ ਗੁਰਦੁਆਰਿਆਂ ਨੂੰ ਘੇਰਾ ਪਾ ਕੇ ਅਭਿਆਸ ਕਰਨਾ ਚਾਹਿਆ। ਪਰ ਪੰਜ ਸਿੰਘ ਸਾਹਿਬਾਨ ਵਲੋਂ ਘੇਰਾ ਨਾ ਚੁੱਕੇ ਜਾਣ ਦੀ ਸੂਰਤ ਵਿਚ, ਮੋਗੇ ਵੱਲ ਮਾਰਚ ਕਰਨ ਦੇ ਅਲਟੀਮੇਟਮ ਤੋਂ ਸਰਕਾਰ ਘਬਰਾ ਗਈ 'ਤੇ ਘੇਰਾ ਚੁੱਕ ਲਿਆ । ਸਰਕਾਰ ਨੇ ਆਪਣੀ ਇੱਜ਼ਤ ਕਾਇਮ ਰੱਖਣ ਲਈ ਐਲਾਨ ਕੀਤਾ ਕਿ 16 ਅਤਿਵਾਦੀਆਂ ਨੇ ਆਤਮ ਸਮੱਰਪਣ ਕਰ ਦਿਤਾ ਹੈ। ਪਰ ਮੈਨੂੰ ਪੁਛਗਿਛ ਕਰਨ 'ਤੇ ਪਤਾ ਲੱਗਾ ਕਿ ਮੋਗੇ ਵਿਚ ਕਿਸੇ ਨੇ ਕੋਈ ਆਤਮ ਸਮੱਰਪਣ ਨਹੀਂ ਸੀ ਕੀਤਾ

ਲੈਫਟੀਨੈਂਟ ਜਨਰਲ ਸੁੰਦਰ ਜੀ, ਜਿਸ ਨੇ ਬਾਅਦ ਵਿਚ ਆਪ੍ਰੇਸ਼ਨ ਬਲਿਊ ਸਟਾਰ ਦੀ ਕਮਾਂਡ ਸੰਭਾਲੀ ਨੇ ਮੰਨਿਆ ਕਿ ਉਸ ਨੇ ਪਹਿਲਾਂ ਦਰਬਾਰ ਸਾਹਿਬ ਨੂੰ ਘੇਰ ਕੇ, ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਨੂੰ ਭੁਖੇ ਮਾਰਨ ਦੀ ਸੋਚੀ ਸੀ ਪਰ ਇਹ ਫੈਸਲਾ ਬਦਲਣ ਲਈ ਮਜ਼ਬੂਰ ਹੋਣਾ ਪਿਆ ਕਿਉਂਕਿ ਆਸ ਪਾਸ ਦੇ ਦਿਹਾਤੀ ਇਲਾਕਿਆਂ ਵਿਚ ਬਗਾਵਤ ਦਾ ਡਰ ਪੈਦਾ ਹੋ ਗਿਆ ਸੀ। ਇਹ ਸਬਕ ਮੋਗੇ ਤੋਂ ਮਿਲਿਆ ਸੀ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਇਕੱਠਾ ਹੋਣਾ ਸ਼ੁਰੂ ਕਰ ਦਿਤਾ ਸੀ। ਇੰਦਰਾ ਗਾਂਧੀ ਨੂੰ ਹੋਰ ਕੋਈ ਰਸਤਾ ਨਜ਼ਰ ਨਹੀਂ ਸੀ ਆ ਰਿਹਾ ਤੇ ਉਸ ਨੇ ਅਕਾਲ ਤਖਤ 'ਤੇ ਹਮਲੇ ਦਾ ਹੁਕਮ ਦੇ ਦਿੱਤਾ।


FRIENDS AUTO BODY & PAINTING LTD.

5605 BYRNE RD. BURNABY, B.C. Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU


ਅਣਦਿਸਦਾ ਇਨਸਾਫ਼ ਦਾ ਜ਼ਾਮਨ ਲੋਕ ਕਹਿਣ ਪਰ ਸ਼ਾਇਰ ਆਖੇ,
ਆਟੇ ਦੇ ਸੰਗ ਘੁਣ ਪਿਸਦਾ ਹੈ ਦਿਸਹੱਦੇ ਤੋਂ.......।




Kuldip S. Jhand

WHEATON

PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

BOMBAY SWEETS

& Restaurants

6556 - 6560 MAIN ST. VANCOUVER

Ph. 321-1414
874-5722

For Largest Variety in Indian Sweets

Delicious Indian food

# ਅਕਾਲੀ ਸਰਕਾਰ ਦੀਆਂ ਸਮੱਸਿਆਵਾਂ ਅਤੇ ਲੋਕ

'ਸੂਫ਼ੀ' ਅਮਰਜੀਤ

1984 ਦੀਆਂ ਸਾਰੀਆਂ ਭੈੜੀਆਂ ਘਟਨਾਵਾਂ ਕਾਰਨ, ਪੰਜਾਬ ਦਾ ਵਾਤਾਵਰਨ ਅਤੇ ਪੰਜਾਬੀ ਲੋਕਾਂ ਦੇ ਮਨ ਨਫਰਤ, ਪਾੜੇ, ਸਾੜੇ ਅਤੇ ਦੁੱਖ ਨਾਲ ਵਿਆਕੁਲ ਸਨ। ਜਿਸ ਕਾਰਨ ਹਰ ਪੰਜਾਬ ਵਾਸੀ ਇਕ ਤਰ੍ਹਾਂ ਜਾਗਦਾ ਅਤੇ ਸੁੱਤਾ ਸੂਲੀ ਉਪਰ ਟੰਗਿਆ ਹੋਇਆ ਸੀ। ਪੰਜਾਬੀਆਂ ਦੀਆਂ ਜਿਥੇ ਮੰਗਾਂ ਯੋਗ ਸਨ, ਉਥੇ ਕੇਂਦਰੀ ਸਰਕਾਰ ਦੀ ਹਠਧਰਮੀ ਅਤੇ ਬੇਇਨਸਾਫੀ ਵਾਲੇ ਵਰਤਾਓ ਕਾਰਨ, ਪੰਜਾਬੀ ਲੋਕ ਪੂਰੇ ਗੁੱਸੇ ਵਿਚ ਸਨ। ਇਸ ਸਭ ਕੁਝ ਦੇ ਬਾਵਜੂਦ ਲੋਕਾਂ ਦੀ ਇਹ ਦਿਲੀ ਤਾਂਘ ਸੀ ਕਿ ਇਹ ਬੇਭਰੋਸਗੀ ਦਾ ਦੌਰ ਖਤਮ ਹੋਵੇ।

ਸ੍ਰੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਉਪਰੰਤ ਜੋ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਉਹ ਨੇ ਪੰਜਾਬੀ ਲੋਕਾਂ ਨੂੰ ਡਰ - ਭੈ ਅਤੇ ਅੰਤਕਵਾਦ ਦੀ ਘੁੰਮਣ ਘੇਰੀ ਵਿਚੋਂ ਕੱਢਣ ਲਈ ਬੜਾ ਵੱਡਾ ਸਹਾਰਾ ਦਿਤਾ। ਉਨ੍ਹਾਂ ਇਸ ਸਮਝੌਤੇ ਦੇ ਹੋਣ ਉਪਰ ਸੁੱਖ ਦਾ ਸਾਹ ਲਿਆ। ਜੋ ਲੋਕ ਇਸ ਸਮਝੌਤੇ ਦਾ ਵਿਰੋਧ ਕਰ ਰਹੇ ਸਨ, ਉਨ੍ਹਾਂ ਨਾਲ ਸਮਝੌਤੇ ਹੋਣ ਤੋਂ ਪਹਿਲਾਂ, ਜੋ ਲੋਕਾਂ ਦੀ ਹਮਦਰਦੀ ਸੀ, ਉਹ ਇਕਦਮ ਟੁੱਟ ਗਈ। ਸੰਤ ਲੌਂਗੋਵਾਲ ਦੇ ਕਤਲ ਤੋਂ ਮਗਰੋਂ ਵਿਚ ਵਿਚਾਲੇ ਵਾਲੇ ਵੱਡੇ ਹਿਸੂ ਦੀਆਂ ਹਮਦਰਦੀਆਂ ਅਕਾਲੀ ਦਲ ਨਾਲ ਜੁੜ ਗਈਆਂ। ਜਿਨ੍ਹਾਂ ਪੰਜਾਬ ਦੀਆਂ ਅਸੰਬਲੀ ਚੋਣਾਂ ਵਿਚ ਅਕਾਲੀ ਦਲ ਨੂੰ ਇਤਿਹਾਸਕ ਜਿੱਤ ਦਾ ਸਰੋਪਾ ਬਖਸ਼ਿਆ। ਸਮਝੌਤੇ ਦੇ ਵਿਰੋਧੀਆਂ ਚੋਣਾਂ ਦਾ ਬਾਈਕਾਟ ਕੀਤਾ, ਜਿਸ ਦਾ ਅਰਥ ਇਕ ਤਾਂ ਸਮਝੌਤੇ ਨੂੰ ਰੱਦ ਕਰਨਾ ਸੀ, ਦੂਜੇ ਟੇਢੇ ਢੰਗ ਨਾਲ ਮੁੜ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਉਣਾ ਸੀ। ਪ੍ਰੰਤੂ ਪੰਜਾਬ ਦੇ ਲੋਕਾਂ ਬਾਈਕਾਟੀਆਂ ਦੀ ਇਕ ਨਾ ਸੁਣੀ।

ਪੰਜਾਬ ਸਮਝੌਤੇ ਦੇ ਪਹਿਲੇ ਪੜਾ ਨੇ 26 ਜਨਵਰੀ ਨੂੰ ਅਮਲ ਵਿਚ ਆਉਣਾ ਸੀ। ਇਸਦੇ ਅਮਲ ਵਿਚ ਆਉਣ ਨੂੰ ਰੋਕਣ ਲਈ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਨੇ 10 ਜਨਵਰੀ 1986 ਨੂੰ ਰਸਤਾ ਰੋਕੋ ਦਾ ਸੱਦਾ ਦਿੱਤਾ। ਲੋਕ ਕਹਿ ਰਹੇ ਸਨ ਕਿ ਕੀ ਇਹ ਲੋਕ ਚੰਡੀਗੜ੍ਹ ਦੇ ਪੰਜਾਬ ਵਿਚ ਸ਼ਾਮਲ ਹੋਣ ਦੇ ਵਿਰੋਧੀ ਹਨ ? ਕੀ ਇਹ ਚੰਡੀਗੜ੍ਹ ਕੇਂਦਰੀ ਸਰਕਾਰ ਦੇ ਅਧਿਕਾਰ ਵਿਚ ਹੀ ਰਹਿਣ ਦੇਣਾ ਚਾਹੁੰਦੇ ਹਨ ? ਜਾਂ ਹਰਿਆਣੇ ਨੂੰ ਦਵਾਉਣਾ ਚਾਹੁੰਦੇ ਹਨ ? ਸਰਕਾਰ ਨੇ ਰਸਤਾ ਰੋਕੋ ਨੂੰ ਤਾਕਤ ਨਾਲ ਅਸਫਲ ਬਣਾਉਣ ਦੀ ਥਾਵੇਂ ਆਪ ਹੀ ਸਾਰੀਆਂ ਬੱਸਾਂ ਰੋਕ ਦਿਤੀਆਂ। ਪ੍ਰੰਤੂ ਰਸਤਾ ਰੋਕੋ ਵਾਲੇ ਲੋਕਾਂ ਜਿਨ੍ਹਾਂ ਨੂੰ ਆਮ ਲੋਕਾਂ ਦਾ ਉਕਾ ਸਮਰਥਨ ਪ੍ਰਾਪਤ ਨਹੀਂ ਸੀ, ਕਈ ਥਾਵੀਂ ਸੜਕਾਂ ਉਪਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਪ੍ਰਕਾਸ਼ ਕਰ ਦਿੱਤੀਆਂ। ਲੋਕ ਉਨ੍ਹਾਂ ਦੀ ਇਸ ਹਰਕਤ ਨੂੰ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਸਮਝ ਰਹੇ ਸਨ ਕਿ ਨਿੱਕੀ ਜਿਨੀ ਗੱਲ ਲਈ ਗੁਰੂ ਗ੍ਰੰਥ ਸਾਹਿਬ ਨੂੰ ਇਸ ਤਰ੍ਹਾਂ ਅੱਗੇ ਰੱਖਣਾ ਬਹੁਤ ਹੀ ਗਲਤ ਗੱਲ ਹੈ।

ਬਰਨਾਲਾ ਸਰਕਾਰ ਟਕਰਾਅ ਨੂੰ ਹਰ ਹਾਲਤ ਟਾਲਣਾ ਚਾਹੁੰਦੀ ਸੀ। ਜਿਸ ਕਾਰਨ ਉਨ੍ਹਾਂ ਪੁਲਸ ਦੀਆਂ ਡਿਊਟੀਆਂ ਤਾਂ ਜ਼ਰੂਰ ਲਾਈਆਂ ਪ੍ਰੰਤੂ ਉਸ ਦੀ ਵਰਤੋਂ ਉਕਾ ਨਹੀਂ ਕੀਤੀ। ਬਹੁਤ ਲੋਕਾਂ ਦਾ ਵਿਚਾਰ ਸੀ ਅਤੇ ਅਖਬਾਰਾਂ ਵਿਚ ਵੀ ਕਾਲਮ ਛਪੇ ਕਿ ਇਸ ਤਰ੍ਹਾਂ ਕਰਕੇ ਬਰਨਾਲਾ ਸਰਕਾਰ ਕੇਂਦਰ ਉਪਰ ਦਬਾਓ ਪਾਉਣਾ ਚਾਹੁੰਦੀ ਹੈ ਪ੍ਰੰਤੂ ਬਰਨਾਲੇ ਨੇ ਉਨ੍ਹਾਂ ਦਿਨਾਂ ਵਿਚ ਅਮਲੋਂ ਸੱਖਣੇ, ਕਾਫੀ ਕਰੜੇ ਬਿਆਨ ਵੀ ਦਿੱਤੇ।

ਅਕਾਲ ਤਖਤ ਦੀ ਕਾਰ ਸੇਵਾ ਨੇ ਫਿਰ ਅਕਾਲੀ ਸਰਕਾਰ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਇਕ ਇਮਤਿਹਾਨ ਵਿਚ ਪਾ ਦਿਤਾ। ਜਦੋਂ ਦਮਦਮੀ ਟਕਸਾਲ ਵਾਲਿਆਂ ਅਕਾਲ ਤਖਤ ਲਾਗੇ ਦਸ ਦਿਨ ਪਹਿਲਾਂ ਅਖੰਡਪਾਠ ਅਰੰਭ ਕਰ ਦਿਤਾ। ਇਸ ਨੁਕਤੇ ਉਪਰ ਆ ਕੇ ਬਰਨਾਲੇ ਨੇ ਅਕਾਲੀ ਦਲ ਵਲੋਂ ਅਖੰਡ ਪਾਠ ਦਾ ਆਪ ਭੋਗ ਪਾਉਣ ਅਤੇ ਕਾਰ ਸੇਵਾ ਸ਼ੁਰੂ ਕਰ ਲਈ ਤਕੜੀ ਵੱਡੀ ਫੋਰਸ ਭੇਜੀ, ਪ੍ਰੰਤੂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਦਮਦਮੀ ਟਕਸਾਲ ਨਾਲ ਸਮਝੌਤਾ ਕਰ ਲਿਆ, ਜਿਸ ਦੇ ਸਿੱਟੇ ਵਜੋਂ ਅਕਾਲੀ ਦਲ ਦੇ "ਖਾੜਕੂ ਦਲ" ਦੀ ਚੜ੍ਹਾਈ ਠੰਡੀ ਪੈ ਗਈ ਅਤੇ ਉਹ ਆਣ ਪਤ ਲੁਹਾ ਕੇ ਵਾਪਸ ਆ ਗਏ। ਜਿਸ ਦੇ ਨਤੀਜੇ ਵਜੋਂ ਅਗਲੇ ਦਿਨ ਭਾਵ 26 ਜਨਵਰੀ ਨੂੰ ਪਹਿਲ ਕਦਮੀ ਦਮਦਮੀ ਟਕਸਾਲ ਤੇ ਫੈਡਰੇਸ਼ਨ ਦੇ ਹੱਥ ਆ ਗਈ, ਜਿਨ੍ਹਾਂ ਜਥੇਦਾਰ ਟੌਹੜਾ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ, ਸਿੰਘ ਸਾਹਿਬਾਨ ਸਮੇਤ ਸਭ ਦੇ ਵਿਰੁਧ ਮਤੇ ਪਾਸ ਕਰਕੇ ਉਹ ਦਖੂ-ਦਾਣਾ ਦਿਤਾ, ਕਿ ਉਨ੍ਹਾਂ ਨੂੰ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਛੱਡਿਆ। ਇਕ ਤਰ੍ਹਾਂ ਇਨ੍ਹਾਂ ਦੇ ਅਧਿਕਾਰਾਂ ਨੂੰ ਚਣੌਤੀ ਦੇ ਕੇ ਸ਼ਰਮਸਾਰ ਕੀਤਾ।

ਇਸ ਬੇਇਜ਼ਤੀ ਨੂੰ ਘਟਾਉਣ ਲਈ 'ਸਰਬਤ ਖਾਲਸਾ' ਸਮਾਗਮ, ਸ਼੍ਰੋਮਣੀ ਕਮੇਟੀ ਨੇ ਬੁਲਾਇਆ ਜੋ ਕਿ (16 ਫਰਵਰੀ) ਨੂੰ ਹੋ ਚੁੱਕਾ ਹੈ। ਲੋਕ ਕਹਿੰਦੇ ਸਨ ਕਿ ਇਹ ਟੌਹੜੇ ਦੀ ਸ਼ਰਾਰਤ ਦਾ ਹਿਸਾ ਸੀ ਜੋ ਉਸ ਦੇ ਹੀ ਗਲ ਪੈ ਗਈ। ਇਕ ਤਰ੍ਹਾਂ ਨਾਲ ਜੋ ਹੱਥੀਂ ਖੋਲ੍ਹੀਆਂ ਜਾ ਸਕਣ ਵਾਲੀਆਂ ਸਨ ਹੁਣ ਦੰਦਾਂ ਨਾਲ ਵੀ ਖੋਲ੍ਹਣੀਆਂ ਔਖੀਆਂ ਹੋਈਆਂ ਪਈਆਂ ਹਨ।

ਪਿੰਡਾਂ ਦੇ ਲੋਕ ਜੋ ਮੌਤ ਦੇ ਤੂਫਾਨੀ ਦਿਨਾਂ ਵਿਚੋਂ ਲੰਘੇ ਸਨ, ਕਹਿ ਰਹੇ ਸਨ ਕਿ ਪੰਜਾਬ ਦੀ ਅਜੋਕੀ ਦਸ਼ਾ ਦੀ ਜ਼ਿੰਮੇਵਾਰੀ ਦਾ ਮੂਲ ਕਾਰਨ ਹੋਰਨਾਂ ਤੋਂ ਬਿਨਾਂ ਟੌਹੜਾ ਹੈ। ਫੈਡਰੇਸ਼ਨ ਅਤੇ ਟਕਸਾਲ ਨਾਲ ਸਮਝੌਤੇ ਕਰਨ ਸੰਬੰਧੀ ਵੀ ਲੋਕ ਕਹਿ ਰਹੇ ਸਨ ਕਿ ਟੌਹੜਾ ਉਨ੍ਹਾਂ ਨੂੰ ਆਪਣੇ ਨਾਲ ਜੋੜ ਕੇ ਆਪ ਉਨ੍ਹਾਂ ਦੀ ਲੀਡਰ ਬਣਕੇ ਬਰਨਾਲਾ ਸਰਕਾਰ ਅਤੇ ਕੇਂਦਰ ਵਿਰੁੱਧ ਡੰਡੇ ਦੇ ਤੌਰ ਤੇ ਵਰਤਣ ਦੀਆਂ ਵਿਉਂਤਾਂ ਬਣਾ ਰਿਹਾ ਸੀ। ਜੋ ਉਸ ਨੂੰ ਮਹਿੰਗੀਆਂ ਪਈਆਂ। ਹੁਣ ਉਸ ਦਾ ਰਾਜਨੀਤਕ ਭਵਿਖ ਧੁੰਦਲਾ ਨਜ਼ਰ ਆ ਰਿਹਾ ਹੈ।

ਦੂਸਰੇ ਪਾਸੇ ਕੇਂਦਰ ਸਰਕਾਰ ਨੇ ਆਪ ਦੇ ਕੀਤੇ ਵਾਅਦੇ ਨੂੰ ਤੋੜਿਆ ਹੈ ਕਿ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਕੀਤਾ ਜਾਵੇਗਾ। ਜੇਕਰ ਟੌਹੜੇ ਵਲੋਂ 26 ਜਨਵਰੀ ਨੂੰ ਕਾਰ ਸੇਵਾ ਦਾ, ਵਿਆਹ ਵਿਚ ਬੀ ਦਾ ਲੇਖਾ, ਨਾ ਪਾਇਆ ਜਾਂਦਾ ਤਾਂ ਪੰਜਾਬ ਦੇ ਲੋਕਾਂ ਨੂੰ ਚੰਡੀਗੜ੍ਹ ਮਿਥੀ ਤਰੀਕ ਉਪਰ ਪੰਜਾਬ ਦੇ ਹਵਾਲੇ ਕਰਨ ਲਈ ਲਾਮਬੰਦ ਕਰਕੇ ਖੜਾ ਕੀਤਾ ਜਾ ਸਕਦਾ ਸੀ।

ਕੇਂਦਰ ਸਰਕਾਰ ਦੀ ਇਸ ਵਾਅਦਾ ਖਿਲਾਫੀ ਦੇ ਖਿਲਾਫ, ਪੰਜਾਬ ਦਾ ਹਰ ਵਿਅਕਤੀ, ਭਾਵੇਂ ਉਹ ਰਾਜਨੀਤਕ ਤੌਰ ਉਪਰ ਕਿਸੇ ਵੀ ਪਾਰਟੀ ਨਾਲ ਹੈ, ਕੇਂਦਰ ਦੀ ਨਿਖੇਧੀ ਕਰ ਰਿਹਾ ਹੈ। ਫਾਜ਼ਿਲਕਾ-ਅਬੋਹਰ ਵਿਚ ਕਰਾਈ ਗਈ ਮਰਦਮ ਸ਼ੁਮਾਰੀ ਵੀ ਗਲਤ ਸੀ, ਜਦੋਂ ਕਿ 1981 ਵਿਚ ਉਥੇ ਮਰਦਮ ਸ਼ੁਮਾਰੀ ਹੋ ਚੁੱਕੀ ਹੈ, ਉਹ ਹੀ ਅੰਕੜੇ ਕਿਉਂ ਨਾ ਵਰਤੇ ਗਏ ? ਇਸ ਮਸਲੇ ਉਪਰ ਅਕਾਲੀ ਦਲ ਦੋਸ਼ੀ ਹੈ ਜਿਸ ਨੇ ਮਰਦਮ ਸ਼ੁਮਾਰੀ ਲਈ ਅੰਦਰੋ ਅੰਦਰ ਹਾਂ ਕਰ ਦਿਤੀ ਸੀ।

ਕਮਿਊਨਿਸਟਾਂ ਨੂੰ ਛੱਡ ਕੇ ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਜਨਤਾ ਪਾਰਟੀ ਦਾ ਮੌਕਾ ਪ੍ਰਸਤ ਰੋਲ ਵੀ ਨਿਖੇਧੀ ਯੋਗ ਹੈ, ਜੋ ਪੰਜਾਬ ਵਿਚ ਪੰਜਾਬ ਲਈ, ਹਰਿਆਣੇ ਵਿਚ ਹਰਿਆਣੇ ਲਈ ਵਾਲਾ ਸਟੈਂਡ ਲੈ ਰਹੀਆਂ ਹਨ। ਇਹ ਆਲ ਇੰਡੀਆ ਪਾਰਟੀਆਂ ਹਨ, ਜਿਨ੍ਹਾਂ ਦਾ ਕੋਈ ਅਸੂਲ ਨਹੀਂ ਹੈ। ਇਹ ਸੀ. ਪੀ. ਆਈ. (ਐਮ) ਅਤੇ ਸੀ. ਪੀ. ਆਈ. ਹਨ, ਜੋ ਦੇਸ਼ ਦੀ ਏਕਤਾ ਅਖੰਡਤਾ ਨੂੰ ਧਿਆਨ ਵਿਚ ਰਖਦਿਆਂ, ਇਕੋ ਸਟੈਂਡ ਲੈ ਰਹੀਆਂ ਹਨ ਕਿ ਚੰਡੀਗੜ੍ਹ ਪੰਜਾਬ ਦਾ, ਮੈਥਿਊ ਕਮਿਸ਼ਨ ਵਲੋਂ ਕਰਾਈ ਮਰਦਮ ਸ਼ੁਮਾਰੀ ਗਲਤ, ਕਮਿਸ਼ਨਾਂ ਅਨੁਸਾਰ ਪਾਣੀ ਅਤੇ ਇਲਾਕਿਆਂ ਦਾ ਫੈਸਲਾ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ ਜੋ ਲੋਕ ਪੰਜਾਬੀਆਂ ਦੇ ਅਤੇ ਭਾਰਤ ਦੇ ਹਿੱਤਾਂ ਦੇ ਵਿਰੁੱਧ ਹਨ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਦਾ ਸਮਰਥਨ ਨਹੀਂ ਮਿਲ ਰਿਹਾ, ਇਹ ਇਕ ਸੰਤੋਖ ਜਨਕ ਸੰਕੇਤ ਸਮਝਿਆ ਜਾਣਾ ਚਾਹੀਦਾ ਹੈ। ਆਉਂਦੇ ਸਮੇਂ ਵਿਚ ਪੰਜਾਬ ਦੇ ਲੋਕ ਦੇਸ਼ ਵਿਰੋਧੀ ਤੱਤਾਂ ਤੋਂ ਆਪਣਾ ਨਾਤਾ ਤੋੜਕੇ ਸਾਮਰਾਜੀ ਸਾਜ਼ਸ਼ੀਆਂ ਨੂੰ ਵੀ ਸਮਝ ਸਕਣ ਦੇ ਸਮਰੱਥ ਹੋਣਗੇ।

(ਬਾਕੀ ਅਗਲੇ ਅੰਕ ਵਿਚ)

## ਬੀਬੀ ਨਰਿੰਦਰ ਕੌਰ ਉੱਪਲ

## ਸੁਰਗਵਾਸ

ਸਰੀ-ਨਿਵਾਸੀ ਬੀਬੀ ਨਰਿੰਦਰ ਕੌਰ ਉੱਪਲ ਸੁਪਤਨੀ ਸਰਦਾਰ ਗੁਰਨਾਮ ਸਿੰਘ ਉੱਪਲ ਅਚਾਨਕ ਸੁਰਗਵਾਸ ਹੋ ਗਏ ਹਨ। ਗੁਰਨਾਮ ਸਿੰਘ ਉੱਪਲ ਜ਼ਿਲਾ ਜਲੰਧਰ ਦੇ ਪਿੰਡ ਉੱਪਲ ਖਾਲਸਾ ਦੇ ਨਿਵਾਸੀ ਹਨ। ਬੀਬੀ ਨਰਿੰਦਰ ਕੌਰ ਦੀ ਉਮਰ ਕੇਵਲ ਅਜੇ 42 ਸਾਲ ਸੀ।

ਬੀਬੀ ਨਰਿੰਦਰ ਕੌਰ ਦਾ ਅੰਤਮ ਸਸਕਾਰ ਸ਼ਨਿਚਰਵਾਰ 22 ਫਰਵਰੀ 1986 ਨੂੰ ਗਿਆਰਾਂ ਵਜੇ ਹੋਵੇਗਾ। ਉਨ੍ਹਾਂ ਲਈ ਅੰਤਮ ਅਰਦਾਸ ਵੈਲੀਵਿਊ ਫਿਊਨਰਲ ਹੋਮ — 14660 - 72 ਐਵੇਨੀਊ ਸਰੀ ਵਿਚ ਹੋਵੇਗੀ।

ਸ. ਗੁਰਨਾਮ ਸਿੰਘ ਉੱਪਲ ਦੇ ਪ੍ਰਵਾਰ ਨਾਲ 'ਕੈਨੇਡਾ ਦਰਪਣ' ਇਸ ਦੁੱਖ ਵਿਚ ਸ਼ਰੀਕ ਹੈ ਤੇ ਅਰਦਾਸ ਹੈ ਕਿ ਵਾਹਿਗੁਰੂ ਬੀਬੀ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ।

ਗੁਰਨਾਮ ਸਿੰਘ ਉੱਪਲ ਹੋਰਾਂ ਦਾ ਫੋਨ 590-1956 ਹੈ।


# ਕੀ ਇਮੀਗਰੇਸ਼ਨ ਦਾ ਮਸਲਾ ਹੈ ?

**ਆਓ ਅਸੀਂ ਤੁਹਾਡੀ ਮੱਦਦ ਕਰੀਏ ਜਿਵੇਂ ਅਸੀਂ 1946 ਤੋਂ ਕਰਦੇ ਆ ਰਹੇ ਹਾਂ !**

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ, ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ। ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ ' ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਨਾ ਹੋਏ ਹੋਣ ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿੱਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ ਤਾਂ ਅਸੀਂ ਕਾਨੂੰਨੀ ਤੌਰ ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ
ਮਲਕੀਤ ਸਿੰਘ ਪਰਹਾਰ
OFF.(604)733-1644

Res. 228- 0452

**Malkit Singh Parhar**
#201-1275 W. 6th Avenue
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ। ਜੇਕਰ ਤੁਸੀਂ ਆਪਣਾ ਬਿਜ਼ਨਿਸ ਵਧਾ ਰਹੇ ਹੋ ਤੇ ਉਸ ਵਿਚ ਮੱਦਦ ਕਰਨ ਲਈ ਆਪਣੇ ਕਿਸੇ ਰਿਸ਼ਤੇਦਾਰ ਜਾਂ ਸਬੰਧੀ ਨੂੰ ਸੱਦਣਾ ਚਾਹੁੰਦੇ ਹੋ ਤਾਂ ਉਸਨੂੰ ਤੁਸੀਂ ਇਮੀਗਰੈਂਟ ਤੌਰ ਉਤੇ ਸੱਦ ਸਕਦੇ ਹੋ। ਉਸਦੇ ਬਾਰੇ ਸਾਡੇ ਕੋਲੋਂ ਪੁਛਗਿਛ ਕਰ ਸਕਦੇ ਹੋ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਈਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਈਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸੇ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਤੁਸੀਂ ਆਪਣੇ ਮੰਗੇਤਰ ਲਈ ਅਰਜ਼ੀ ਭਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਕਿਸ ਕਿਸ documents (ਕਾਗਜ਼ਾਂ) ਦੀ ਲੋੜ ਹੈ — ਉਹ ਅਸੀਂ ਤੁਹਾਨੂੰ ਦੱਸ ਸਕਦੇ ਹਾਂ।
- ਜੇ ਤੁਹਾਡਾ ਕੋਈ ਕਿਸੇ ਇਮੀਗਰੈਂਟ ਰਿਸ਼ਤੇਦਾਰ ਦੀ ਮਨਿਆਦ ਲੰਘ ਗਈ ਹੋਵੇ ਉਹ ਵਾਪਸ ਕੈਨੇਡਾ ਕਿਵੇਂ ਆ ਸਕਦਾ ਹੈ — ਤੁਸੀਂ ਸਾਥੋਂ ਪੁੱਛ ਪੜਤਾਲ ਕਰ ਸਕਦੇ ਹੋ।
- ਜੇ ਤੁਹਾਨੂੰ ਜਨਮ, ਸਕੂਲ, ਵਿਆਹ, ਡਾਈਵੋਰਸ ਜਾਂ ਹੋਰ ਕਿਸੇ ਤਰ੍ਹਾਂ ਦੇ ਸਰਟੀਫਿਕੇਟ ਜਾਂ documents ਦੀ ਲੋੜ ਹੋਵੇ ਤਾਂ ਉਹ ਅਸੀਂ ਇੰਡੀਆ ਤੋਂ ਬਣਵਾ ਜਾਂ ਕੱਢਵਾ ਕੇ ਦੇ ਸਕਦੇ ਹਾਂ।

*World-Wide Immigration To Canada and U.S.A. Ltd.*

# ਰਹਿਨੀ ਰਹੈ ਸੋਈ ਸਿਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ ।

**ਮੇਹਰ ਸਿੰਘ ਸੰਧੂ, ਵੈਨਕੂਵਰ**

ਇਹ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮਾ ਵਿਚੋਂ ਹੈ ਕਿਸੇ ਗੁਰੂ ਦਾ ਕਿਹਾ ਹੋਇਆ ਨਹੀਂ ਹੈ ਸਗੋਂ ਪੰਥ ਦੇ ਪ੍ਰਸਿੱਧ ਖੋਜੀ ਭਾਈ ਕਾਨ੍ਹ ਸਿੰਘ ਨਾਭਾ ਨੇ ਦੱਸਿਆ ਹੈ, ਇਹ ਰਹਿਤਨਾਮਾ ਭਾਈ ਦੇਸਾ ਸਿੰਘ ਜੀ ਦੀ ਵੀ ਰਚਨਾ ਨਹੀਂ, ਕਿਸੇ ਹੋਰ ਦੀ ਲਿਖਤ ਹੈ ਅਤੇ ਉਹ ਵੀ ਕਿਸੇ ਅਜੇਹੇ ਪੁਰਸ਼ ਦੀ, ਜੋ ਗੁਰਸਿੱਖੀ ਅਤੇ ਖਾਲਸਾ ਪੰਥ ਦੇ ਉਚੇ ਆਦਰਸ਼ਾਂ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਸੀ ।

ਗੁਰੂ ਜੀ ਨੇ ਇਕ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਦੀ ਸਿਖਿਆ ਦਿਤੀ । ਉਨ੍ਹਾਂ ਨੇ ਆਪਣੇ ਆਪ ਨੂੰ "ਪਰਮ ਪੁਰਖ ਕਾ ਦਾਸ" ਕਿਹਾ, ਸਿੱਖਾਂ ਨੂੰ ਆਪਣੇ ਲੜ ਨਹੀਂ ਲਗਾਇਆ, ਅਕਾਲ ਪੁਰਖ ਦੇ ਲੜ ਲਾਇਆ —

ਜੋ ਕਲ ਕੋ ਇਕ ਬਾਰ ਧਿਐ ਹੈਂ, ਤਾਕੇ ਕਾਲ ਨਿਕਟ ਨਹਿ ਐਹੈਂ ।
ਨਸਮਕਾਰ ਤਿਸਹੀ ਕੋ ਹਮਾਰੀ, ਸਕਲ ਪ੍ਰਜਾ ਜਿਨ ਆਪ ਸਵਾਰੀ ।
ਤੁਮਹਿ ਛਾਡ ਕੋ ਅਵਰ ਨ ਧਯਾਊ, ਜੋ ਚਾਹੋਂ ਸੋ ਤੁਮ ਤੇ ਪਾਊ ।

ਰਹਿਨੀ ਤੋਂ ਭਾਵ ਕਥਨੀ ਦੇ ਉਲਟ ਕਰਨੀ ਤੋਂ ਹੈ, ਸੱਚਾ ਆਚਾਰ, ਨਿਰਮਲ ਕਰਮ, ਅਮਲ ਆਦਿ । ਇਥੇ ਰਹਿਣੀ ਤੋਂ ਭਾਵ ਪੰਜ ਕਕਾਰ ਦਾ ਨਹੀਂ ਹੋ ਸਕਦਾ ਦਸ਼ਮੇਸ਼ ਜੀ ਦਾ ਫੁਰਮਾਨ ਹੈ —

ਚੇਤ ਰੇ ਚੇਤ ਅਚੇਤ ਮਹਾ ਜੜ੍ਹ, ਭੇਖ ਕੇ ਕੀਨ ਅਲੇਖ ਨ ਪੈਹੈ ॥
ਧਰੂਆ ਸੇ ਪ੍ਰਹਲਾਦ ਅਜਾਮਿਲ ਤਾਰੇ, ਨਾਮ ਉਚਾਰ ਤਰੀ ਗਨਿਕਾ,
ਸੋਇ ਨਾਮ ਅਧਾਰ ਬਿਚਾਰ ਹਮਾਰੇ ।
ਰੇ ਮਨ ਐਸੇ ਕਰ ਸੰਨਯਾਸਾ, ਬਨ ਸੇ ਸਦਨ ਸਭੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ ॥

ਸਿਖੀ ਦੀ ਰਹਿਣੀ ਤੋਂ ਭਾਵ ਉਨ੍ਹਾਂ ਲੱਛਣਾਂ ਤੋਂ ਹੈ ਜੋ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 305 ਉਤੇ ਦਸੇ ਹਨ । ਜੇ ਰਹਿਣੀ ਤੋਂ ਭਾਵ ਪੰਜ ਕਕਾਰ ਲਿਆ ਜਾਵੇ ਅਤੇ ਸਿਖ ਕੇਵਲ ਪੰਜ ਕਕਾਰ ਦੇ ਧਾਰਨੀ ਨੂੰ ਹੀ ਕਿਹਾ ਜਾਵੇ ਤਾਂ ਗੁਰਬਾਣੀ ਦਾ ਖੰਡਨ ਹੁੰਦਾ ਹੈ । ਸੋ "ਰਹਿਨੀ ਰਹੇ" ਤੋਂ ਅਸਲ ਭਾਵ ਕਥਨੀ ਦੇ ਉਲਟ ਕਰਨੀ, ਸ਼ੁਭ ਕਰਮ, ਨਾਮ ਦੀ ਕਮਾਈ ਦਾ ਹੀ ਲੈਣਾ ਯੋਗ ਹੈ। ਸਭ ਤੋਂ ਵੱਡੀ ਰਹਿਤ ਨਾਮ ਦੀ ਕਮਾਈ ਹੈ। ਗੁਰਬਾਣੀ ਦਾ ਪਾਠ ਵਚਾਰ ਹੈ। ਹਰ ਇਕ ਰਹਤ, ਹਰ ਇਕ ਮਰਯਾਦਾ ਦਾ ਦਰਜਾ ਗੁਰਬਾਣੀ ਤੋਂ ਬਹੁਤ ਥੱਲੇ ਹੈ।

ਕੋਈ ਮਰਯਾਦਾ ਜੋ ਗੁਰਬਾਣੀ ਦੀ ਕਸਵਟੀ ਤੇ ਪਾਸ ਨਹੀਂ ਹੋ ਸਕਦੀ ਉਸ ਨੂੰ ਮਨਮੁਖੀ ਕਰਮ ਹੀ ਕਹਿਣਾ ਪਵੇਗਾ ਭਾਵੇਂ ਉਸ ਨੂੰ ਬਣਾਉਣ ਵਾਲਾ ਕੋਈ ਵੀ ਕਿਉਂ ਨਾ ਹੋਵੇ —

ਸਾਸਤ ਬੇਦ ਨ ਮਾਨੈ ਕੋਇ ਆਪੋ ਆਪੈ ਪੂਜਾ ਹੋਇ
ਨਾਨਕ ਕਲਿ ਕਾ ਏਹੁ ਪਰਵਾਨ ਆਪੇ ਆਖਣੁ ਆਪੇ ਜਾਣ (95)

# ਪਾਕਿਸਤਾਨ ਦੀ ਡਾਇਰੀ

## ਸਰਕਾਰ ਵਿਰੋਧੀ ਸਰਗਰਮੀ

**—ਗਿਆਨੀ ਹਰੀ ਸਿੰਘ—**

ਮਾਰਸ਼ਲ ਲਾਅ ਖਤਮ ਹੋਣ ਦੇ ਨਾਲ ਹੀ ਵਿਰੋਧੀ ਦਲਾਂ ਨੇ ਸਰਕਾਰ ਵਿਰੋਧੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਅਤੇ ਗਿਆਰਾਂ ਵਿਰੋਧੀ ਦਲਾਂ ਦੇ ਸਾਂਝੇ ਫਰੰਟ ਐਮ. ਆਰ. ਡੀ. ਨੇ ਤਦ ਤਕ ਜਦੋਜਹਿਦ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਜਦੋਂ ਤਕ 1973 ਦੇ ਸੰਵਿਧਾਨ ਅਨੁਸਾਰ ਲੋਕਤੰਤਰ ਬਹਾਲ ਨਹੀਂ ਹੁੰਦਾ ।

ਮਾਰਸ਼ਲ ਲਾਅ ਹਟਣ ਤੋਂ ਬਾਅਦ ਬੀਤੇ ਦਿਨ ਲਾਹੌਰ ਵਿਚ ਐਮ. ਆਰ. ਡੀ. ਦਾ ਪਹਿਲਾ ਪਬਲਿਕ ਜਲਸਾ ਹੋਇਆ ਜਿਸ ਵਿਚ ਲੱਖਾਂ ਲੋਕ ਸ਼ਾਮਲ ਹੋਏ। ਜਦੋਂ ਫਰੰਟ ਦੇ ਨੇਤਾ ਜਲੂਸ ਦੀ ਸ਼ਕਲ ਵਿਚ ਜਲਸੇ ਵਿਚ ਪਹੁੰਚੇ ਤਾਂ ਲੋਕਾਂ ਨੇ ਉਨ੍ਹਾਂ ਦਾ ਪਟਾਖਿਆਂ, ਫੁਲਝੜੀਆਂ ਅਤੇ ਆਕਾਸ਼ ਗੁੰਜਾਊ ਨਾਅਰਿਆਂ ਨਾਲ ਸੁਆਗਤ ਕੀਤਾ । ਪਟਾਖੇ ਚਲਣ ਨਾਲ ਭਾਜੜ ਪੈਣ 'ਤੇ ਇਕ ਦਰਜਨ ਵਿਅਕਤੀ ਫੱਟੜ ਵੀ ਹੋ ਗਏ ।

ਮੁਸਤਫਾ ਜੋਤੋਈ, ਨਵਾਬ ਨਸਰੁੱਲਾ ਖਾਨ, ਵਲੀ ਖਾਨ, ਏਅਰ ਮਾਰਸ਼ਲ ਅਸ਼ਗਰ ਖਾਨ ਤੇ ਹੋਰ ਨੇਤਾਵਾਂ ਨੇ ਜਨਰਲ ਜ਼ਿਆ ਦੇ ਇਸਲਾਮੀਕਰਣ ਦੀ ਸਖਤ ਅਲੋਚਨਾ ਕੀਤੀ ਅਤੇ ਕਿਹਾ ਕਿ ਜਦੋਂ ਤਕ ਸਹੀ ਲੋਕਤੰਤਰ ਬਹਾਲ ਨਹੀਂ ਹੋਵੇਗਾ, ਉਹ ਚੁੱਪ ਨਹੀਂ ਬੈਠਣਗੇ । ਉਨ੍ਹਾਂ ਕਿਹਾ ਅੱਜ ਦਾ ਇਕੱਠ ਪ੍ਰਗਟ ਕਰਦਾ ਹੈ ਕਿ ਲੋਕਾਂ ਦੇ ਜਜ਼ਬੇ ਸਰਕਾਰ ਵਿਰੋਧੀ ਹਨ ।

ਵਰਨਣਯੋਗ ਗੱਲ ਇਹ ਹੈ ਕਿ ਜਲਸੇ ਦੇ ਸਟੇਜ 'ਤੇ ਪੀਪਲਜ਼ ਪਾਰਟੀ ਨੇਤਾ ਜ਼ੁਲਫਕਾਰ ਅਲੀ ਭੁਟੋ, ਬੇਗਮ ਨੁਸਰਤ ਭੁੱਟੋ ਤੇ ਬੇਨਜ਼ੀਰ ਭੁਟੋ ਦੀਆਂ ਤਸਵੀਰਾਂ ਲਾਈਆਂ ਹੋਈਆਂ ਸਨ ਅਤੇ ਜ਼ਿਆ ਸਰਕਾਰ ਮੁਰਦਾਬਾਦ ਦੇ ਨਾਅਰੇ ਲਗ ਰਹੇ ਸਨ ।

ਇਸ ਤੋਂ ਪਹਿਲਾਂ ਕੌਮੀ ਅਸੈਂਬਲੀ ਦੇ ਆਜ਼ਾਦ ਧੜੇ ਨੇ ਵੀ ਫੈਸਲਾਬਾਦ ਵਿਚ ਜਲਸਾ ਕਰ ਕੇ ਸਰਕਾਰ ਦੀ ਆਲੋਚਨਾ ਕੀਤੀ ਤੇ ਚੁਣੌਤੀ ਦਿੱਤੀ ਕਿ ਇਸ ਵੇਲੇ ਨਿਰਪੱਖ ਚੋਣਾਂ ਕਰਾਈਆਂ ਜਾਣ ਤਾਂ ਸਰਕਾਰੀ ਮੁਸਲਮ ਲੀਗ ਦੇ ਪੰਜ ਮੈਂਬਰ ਵੀ ਨਹੀਂ ਜਿੱਤ ਸਕਦੇ ।

### ਭਾਰਤੀ ਕੈਦੀਆਂ ਦੀ ਵਾਪਸੀ

ਭਾਰਤ ਅਤੇ ਪਾਕਿਸਤਾਨ ਵਿਚਾਲੇ ਇਕ ਹੋਰ ਸੰਧੀ ਹੋਈ ਜਿਸ ਅਨੁਸਾਰ 140 ਭਾਰਤੀ ਕੈਦੀ ਜੋ ਕੈਦ ਦੀ ਮਿਆਦ ਭੁਗਤ ਚੁਕੇ ਹਨ ਭਾਰਤ ਭੇਜ ਦੇਵੇਗਾ ਅਤੇ ਭਾਰਤ 93 ਕੈਦੀ ਵਾਪਸ ਕਰੇਗਾ ।

ਇਹ ਸੰਧੀ ਇਸੇ ਹਫਤੇ ਦੋਹਾਂ ਦੇਸ਼ਾਂ ਦੇ ਕਮਿਸ਼ਨਾਂ ਦੀ ਬੈਠਕ ਵਿਚ ਹੋਈ ਹੈ। ਪਰ ਕੋਈ ਸਿਆਸੀ ਕੈਦੀ ਇਧਰ ਉਧਰ ਨਹੀਂ ਦਿਤਾ ਜਾਵੇਗਾ ।

ਆਵਾਜਾਈ ਸਹੂਲਤਾਂ ਅਤੇ ਹੋਰ ਮਾਮਲਿਆਂ ਸਬੰਧੀ ਵਿਚਾਰ ਵਟਾਂਦਰਾ ਹੁਣ ਅਪਰੈਲ ਵਿਚ ਹੋਵੇਗਾ ।

### ਬਸੰਤ ਬਹਾਰ

ਮੌਸਮੀਆਤ ਅਨੁਸਾਰ ਬਸੰਤ ਬਹਾਰ ਸ਼ੁਰੂ ਹੋ ਗਈ ਹੈ ਅਤੇ ਭਾਰਤ ਵਿਚ ਬਸੰਤ ਪੰਚਮੀ ਦਾ ਤਿਓਹਾਰ ਮਨਾਇਆ ਜਾ ਰਿਹਾ ਹੈ ।

ਪਾਕਿਸਤਾਨ ਵਿਚ ਵੀ ਬਸੰਤ ਬਹਾਰ ਦੇ ਸ਼ੁਰੂ ਹੁੰਦੇ ਹੀ ਪਤੰਗਬਾਜ਼ੀ ਚਲ ਪੈਂਦੀ ਹੈ ਜਿਸ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ ਅਤੇ ਪਤੰਗਬਾਜ਼ ਇਕ ਦੂਜੇ ਦੀ ਪਤੰਗ ਕੱਟਣ ਦਾ ਯਤਨ ਕਰਦੇ ਹਨ ।

"ਨਵਾਏ ਵਕਤ" ਅਖਬਾਰ ਲਾਹੌਰ ਨੇ ਸਾਂਝੇ ਫਰੰਟ ਦੇ ਜਲਸੇ ਨੂੰ "ਬਸੰਤ ਬਹਾਰ" ਦਾ ਨਾਂ ਦੇ ਕੇ ਇਸ ਕਾਰਟੂਨ ਵਿਚ ਦਿਖਾਇਆ ਹੈ ਕਿ ਸਰਕਾਰੀ ਪਤੰਗ ਨੂੰ ਐਮ. ਆਰ. ਡੀ. ਕੱਟਣ ਦਾ ਉਪਰਾਲਾ ਕਰ ਰਿਹਾ ਹੈ। ਦੇਖੋ ਕੌਣ ਸਫਲ ਹੋਵੇ ?

### ਵਿਦੇਸ਼ੀ ਕਰਜ਼ੇ

ਇਕ ਸਰਕਾਰੀ ਰਿਪੋਰਟ ਅਨੁਸਾਰ ਪਾਕਿਸਤਾਨ ਉਤੇ ਅਰਬਾਂ ਰੁਪਏ ਦੀ ਵਿਦੇਸ਼ੀ ਕਰਜ਼ੇ ਹਨ ਜਿਨ੍ਹਾਂ 'ਤੇ ਹਰ ਸਾਲ 42913 ਕਰੋੜ ਰੁਪਏ ਉਸ ਨੂੰ ਵਿਆਹ ਦੇ ਭਰਨੇ ਪੈਂਦੇ ਹਨ ।

ਲਾਹੌਰ ਦੇ ਅਖਬਾਰ "ਨਵਾਏ ਵਕਤ" ਨੇ ਸੜਕਾਂ ਦੀ ਉਸਾਰੀ ਲਈ ਸੰਸਾਰ ਬੈਂਕ ਤੋਂ ਵੀਹ ਕਰੋੜ ਰੁਪਏ ਹੋਰ ਕਰਜ਼ਾ ਲੈਣ ਸਬੰਧੀ ਇਹ ਕਾਰਟੂਨ ਛਾਪਿਆ ਹੈ ਜਿਸ ਵਿਚ ਜਨਤਾ ਕਰਜ਼ਿਆਂ ਦੇ ਭਾਰ ਹੇਠ ਦਬੀ ਜਾ ਰਹੀ ਹੈ।

### ਖਾਨਾਜੰਗੀ ਦੀ ਸੰਭਾਵਨਾ

ਪਾਕਿਸਤਾਨ ਦੇ ਸੂਬਾ ਸਿੰਧ ਅਤੇ ਸਰਹੱਦ ਵਿਚ ਵੱਧ ਰਹੇ ਤਣਾਓ ਤੇ ਹਿੰਸਕ ਵਾਰਦਾਤਾਂ ਦੀ ਚਰਚਾ ਕਰਕੇ ਲੋਕਤੰਤਰ ਬਹਾਲੀ ਲਹਿਰ ਦੇ ਜਨਰਲ ਸਕੱਤਰ ਖਵਾਜਾ ਖੈਰੂਦੀਨ ਨੇ ਸਰਕਾਰ ਨੂੰ ਚਣੌਤੀ ਦਿਤੀ ਹੈ ਕਿ ਹਾਲਾਤ ਖਾਨਾਜੰਗੀ ਤਕ ਪਹੁੰਚ ਗਏ ਹਨ ਅਤੇ ਜੇ ਸਰਕਾਰ ਨੇ ਵਿਰੋਧੀ ਰਾਜਸੀ ਨੇਤਾਵਾਂ ਨੂੰ ਕੁਚਲਣ ਦੀ ਕਾਰਵਾਈ ਬੰਦ ਨਾ ਕੀਤੀ ਤਾਂ ਦੇਸ਼ ਦੇ ਟੁਕੜੇ ਹੋ ਜਾਣਗੇ।

ਦੂਜੇ ਪਾਸੇ ਇਹ ਖਬਰਾਂ ਵੀ ਗਰਮ ਹਨ ਕਿ ਸਰਕਾਰ ਚੌਥੀ ਵਾਰ ਮਾਰਸ਼ਲ ਲਾਅ ਲਾਗੂ ਕਰਨ 'ਤੇ ਵਿਚਾਰ ਕਰ ਰਹੀ ਹੈ ਕਿ ਕਿਉਂਕਿ ਸਿਵਲ ਸਰਕਾਰ ਲੋਕਾਂ ਦੇ ਜਜ਼ਬਾਤਾਂ 'ਤੇ ਕਾਬੂ ਪਾਉਣ ਵਿਚ ਅਸਫਲ ਰਹੀ ਹੈ। ਇਸ ਸਬੰਧੀ ਜ. ਜ਼ਿਆ ਨੇ ਆਪਣੇ ਮੰਤਰੀਆਂ ਤੇ ਫੌਜੀ ਅਧਿਕਾਰੀਆਂ ਨਾਲ ਮਸ਼ਵਰੇ ਸ਼ੁਰੂ ਕਰ ਦਿੱਤੇ ਹਨ ।

ਜ. ਜ਼ਿਆ ਨੇ ਕੌਮੀ ਅਸੈਂਬਲੀ 'ਤੇ ਵੀ ਦੋਸ਼ ਲਾਇਆ ਹੈ ਕਿ ਉਸ ਦੀ ਕਾਰਵਾਈ ਇਸਲਾਮੀ ਨਹੀਂ ਜਿਸ ਤੋਂ ਰਾਜਸੀ ਸੂਤਰ ਇਹ ਅਨੁਮਾਨ ਲਾ ਰਹੇ ਹਨ ਕਿ ਜ਼ਿਆ ਕਿਸੇ ਵੀ ਸਮੇਂ ਕੌਮੀ ਅਸੈਂਬਲੀ ਭੰਗ ਕਰ ਸਕਦੇ ਹਨ ।

### ਭਰਜਾਈ ਕੰਮ ਆਈ

ਹੀਰ ਰਾਂਝੇ ਦੀ ਕਹਾਣੀ ਵਿਚ ਪ੍ਰਸਿਧ ਹੈ ਕਿ ਹੀਰ ਦੀ ਨਨਾਣ ਸਹਿਤੀ ਨੇ ਹੀਰ ਨੂੰ ਰਾਂਝੇ ਨਾਲ ਟੋਰਿਆ ਸੀ ਅਤੇ ਹੀਰ ਨੇ ਸਹਿਤੀ ਨੂੰ ਮੁਰਾਦ ਬਲੋਚ ਨਾਲ ਜਾਣ ਵਿਚ ਮਦਦ ਕੀਤੀ ਸੀ ।

ਉਸ ਕਿੱਸੇ ਨੂੰ ਗੁਜਰਾਂਵਾਲੇ ਦੀ ਇਕ ਬੇਗਮ ਸ਼ਾਹੀਨੀ ਨਾਜ਼ਲੀ ਨੇ ਤਾਜ਼ਾ ਕਰ ਕੇ ਆਪਣੀ ਸੁੰਦਰ ਜਵਾਨ ਨਨਾਣ ਸਬੀਨਾ ਨੂੰ ਉਸ ਦੇ ਪ੍ਰੇਮੀ ਨਾਲ ਜਾਣ ਵਿਚ ਸਹਾਇਤਾ ਕੀਤੀ ਹੈ ਜਿਸ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ ।

ਅਖਬਾਰੀ ਖਬਰ ਅਨੁਸਾਰ ਸਬੀਨਾ ਦਾ ਇਕ ਕਾਲਜੀਏਟ ਗੁਲਾਮ ਕਾਦਰ ਨਾਲ ਪ੍ਰੇਮ ਸੀ ਅਤੇ ਉਹ ਉਸ ਨਾਲ ਭਜਣ ਦੇ ਰੌਂਅ ਵਿਚ ਸੀ । ਇਕ ਦਿਨ ਨਨਾਣ ਭਰਜਾਈ ਤਾਜ਼ੀ ਪੰਜਾਬੀ ਫਿਲਮ "ਹੀਰ ਰਾਂਝਾ" ਦੇਖ ਕੇ ਮੁੜੀਆਂ ਤਾਂ ਉਸ ਨੇ ਭਰਜਾਈ ਨੂੰ ਸਹਿਤੀ ਵਾਂਗ ਮਦਦ ਕਰਨ ਲਈ ਮਨਾ ਲਿਆ ਅਤੇ ਭੱਜਣ ਵਿਚ ਸਫਲ ਹੋ ਗਈ ।

# ਇੰਗਲੈਂਡ ਤੋਂ ਅਤਿ-ਵਾਦੀਆਂ ਦੀ ਵਾਪਸੀ ਲਈ ਸੰਧੀ ਦਾ ਖਰੜਾ

ਲੰਦਨ — ਭਾਰਤ ਨੇ ਬਰਤਾਨੀਆ ਨੂੰ ਇਕ ਸੰਧੀ ਦਾ ਖਰੜਾ ਵਿਚਾਰ ਲਈ ਪੇਸ਼ ਕੀਤਾ ਹੈ ਜਿਸ ਦੇ ਆਧਾਰ 'ਤੇ ਭਾਰਤ ਸਰਕਾਰ ਬਰਤਾਨੀਆ ਵਿਚ ਰਹਿ ਰਹੇ ਉਨ੍ਹਾਂ ਦਹਿਸ਼ਤਪਸੰਦਾਂ ਨੂੰ ਭਾਰਤ ਵਿਚ ਮੁਕੱਦਮੇ ਚਲਾਉਣ ਲਈ ਵਾਪਸ ਲੈ ਸਕੇਗੀ ਜਿਹੜੇ ਭਾਰਤ, ਬਰਤਾਨੀਆ ਜਾਂ ਕਿਸੇ ਹੋਰ ਦੇਸ਼ ਵਿਚ ਭਾਰਤ ਵਿਰੋਧੀ ਕਾਰਵਾਈਆਂ ਕਰਦੇ ਹਨ । ਦੋਹਾਂ ਦੇਸ਼ਾਂ ਦੇ ਕਾਨੂੰਨੀ ਮਾਹਿਰ ਦਹਿਸ਼ਤਪਸੰਦਾਂ ਨਾਲ ਨਜਿੱਠਣ ਲਈ ਕਿਸੇ ਬੰਦੋਬਸਤ ਬਾਰੇ ਵਿਚਾਰ-ਵਟਾਂਦਰਾ ਕਰਦੇ ਚਲੇ ਆ ਰਹੇ ਹਨ । ਇਸ ਸਬੰਧੀ ਗੱਲਬਾਤ ਦਾ ਆਖਰੀ ਦੌਰ 10 ਜਨਵਰੀ ਨੂੰ ਨਵੀਂ ਦਿੱਲੀ ਵਿਚ ਸਮਾਪਤ ਹੋਇਆ ਅਤੇ ਮਾਹਿਰ ਇਕ ਵਾਰ ਫੇਰ ਗੱਲਬਾਤ ਲਈ ਜੁੜਨਗੇ ।

ਭਾਰਤ ਸਰਕਾਰ ਇੰਗਲੈਂਡ ਵਿਚ ਰਹਿੰਦੇ ਭਾਰਤੀ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਬਾਰੇ ਕਾਫੀ ਚਿੰਤਤ ਹੈ ਜਿਨ੍ਹਾਂ ਵਿਚ ਸਿੱਖਾਂ ਦੇ ਨਾਲ ਨਾਲ ਮਕਬੂਜ਼ਾ ਕਸ਼ਮੀਰ ਦੇ ਵਾਸੀਆਂ ਦੇ ਗਰੁੱਪ ਵੀ ਸ਼ਾਮਲ ਹਨ। ਭਾਰਤ ਵਿਚ ਕੀਤੇ ਗਏ ਜ਼ੁਰਮਾਂ ਨਾਲ ਸਬੰਧਤ ਕੁਝ ਸਿੱਖ ਅਤਿਵਾਦੀ ਵੀ ਇਨ੍ਹਾਂ ਵਿਚ ਸ਼ਾਮਲ ਹਨ।

ਇਸ ਮਾਮਲੇ ਬਾਰੇ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਰਾਜੀਵ ਗਾਂਧੀ ਅਤੇ ਮਾਰਗਰੇਟ ਥੈਚਰ ਦਰਮਿਆਨ ਪਿਛਲੇ ਸਾਲ ਅਕਤੂਬਰ ਵਿਚ ਇਥੇ ਗੱਲਬਾਤ ਹੋਈ ਸੀ ਅਤੇ ਦੋਵੇਂ ਅਤਿਵਾਦੀਆਂ ਦੇ ਵਟਾਂਦਰੇ ਬਾਰੇ ਸਹਿਮਤ ਹੋ ਗਏ ਸਨ ।

# ਸ੍ਰੀ ਲੰਕਾ ਸਰਕਾਰ ਸਚਮੁੱਚ ਗੰਭੀਰ ਹੈ ਤਾਂ ਨਵੇਂ ਸੁਝਾਅ ਦੇਵੇ

ਕੋਲੰਬੋ — ਭਾਰਤ ਨੇ ਸ੍ਰੀਲੰਕਾ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਜੇ ਸੱਚਮੁੱਚ ਹੀ ਸ੍ਰੀਲੰਕਾ ਸਰਕਾਰ ਉਥੋਂ ਦੇ ਨਸਲੀ ਸੰਕਟ ਦੇ ਹੱਲ ਵਾਸਤੇ ਗੰਭੀਰ ਹੈ ਤਾਂ ਉਹ ਆਪਣੇ ਨਵੇਂ ਸੁਝਾਅ ਤੇ ਪ੍ਰਸਤਾਵ ਪੇਸ਼ ਕਰੇ । ਖਿਆਲ ਕੀਤਾ ਜਾਂਦਾ ਹੈ ਕਿ ਵਿਦੇਸ਼ ਸਕੱਤਰ ਸ੍ਰੀ ਰੋਮੇਸ਼ ਭੰਡਾਰੀ ਦਾ ਸ੍ਰੀਲੰਕਾ ਦੌਰਾ ਮੁਲਤਵੀ ਹੋਣ ਪਿਛੋਂ ਭਾਰਤੀ ਹਾਈ ਕਮਿਸ਼ਨਰ ਜੇ. ਐਨ. ਦੀਕਸ਼ਤ ਅਤੇ ਸ੍ਰੀਲੰਕਾ ਦੇ ਨੇਤਾਵਾਂ ਿ ਵਿਚਕਾਰ ਕਈ ਮੀਟਿੰਗਾਂ 'ਚ ਹੋਈ ਗੱਲਬਾਤ ਵਿਚੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ । ਸ੍ਰੀ ਦੀਕਸ਼ਤ ਨੇ ਇਨ੍ਹਾਂ ਮੀਟਿੰਗਾਂ 'ਚ ਇਸ ਗੱਲ ਦਾ ਵੀ ਪਤਾ ਕਰਨਾ ਸੀ ਕਿ ਤਾਮਿਲ ਸਮੱਸਿਆ ਦੇ ਹੱਲ ਵਾਸਤੇ ਭਾਰਤ ਆਪਣੇ ਵਿਚੋਲਗਿਰੀ ਵਾਲੇ ਯਤਨ ਜਾਰੀ ਰੱਖੇ ਜਾਂ ਨਾ ।

ਸ੍ਰੀ ਦੀਕਸ਼ਤ ਸ੍ਰੀ ਲੰਕਾ ਦੇ ਰਾਸ਼ਟਰਪਤੀ ਜੇਵਰਧਨੇ ਨੂੰ ਪਹਿਲੀ ਤੇ ਅੱਠ ਫਰਵਰੀ ਨੂੰ ਮਿਲੇ ਅਤੇ ਕੌਮੀ ਸੁਰੱਖਿਆ ਮੰਤਰੀ ਨਾਲ ਵੀ ਗੱਲਬਾਤ ਦੇ ਕਈ ਦੌਰ ਕੀਤੇ । ਖਿਆਲ ਕੀਤਾ ਜਾਂਦਾ ਹੈ ਕਿ ਸ੍ਰੀ ਦੀਕਸ਼ਤ ਨੇ ਸ੍ਰੀਲੰਕਾ ਸਰਕਾਰ ਨੂੰ ਇਸ ਗੱਲ ਦਾ ਫਿਰ ਯਕੀਨ ਦਿਵਾਇਆ ਕਿ ਇਸ ਸਮੱਸਿਆ ਨੂੰ ਗੱਲਬਾਤ ਰਾਹੀਂ ਹੱਲ ਕਰਵਾਏ ਜਾਣ ਲਈ ਭਾਰਤ ਵਚਨਬੱਧ ਹੈ ਪਰ ਨਾਲ ਹੀ ਇਸ ਗੱਲ ਉਤੇ ਚਿੰਤਾ ਤੇ ਨਿਰਾਸ਼ਾ ਪ੍ਰਗਟ ਕੀਤੀ ਕਿ ਤੁਲਫ ਦੇ ਪ੍ਰਸਤਾਵਾਂ ਪ੍ਰਤੀ ਸਰਕਾਰ ਦਾ ਹੁੰਗਾਰਾ ਉਕਾ ਹੀ ਨਾਂਹ ਵਾਲਾ ਹੈ ।

ਰਾਜਨੀਤਕ ਪਾਰਖੂਆਂ ਦਾ ਕਹਿਣਾ ਹੈ ਕਿ ਭਾਵੇਂ ਨਵੀਂ ਦਿੱਲੀ ਸਰਕਾਰ ਨੂੰ ਇਸ ਗੱਲ ਦੀ ਉਮੀਦ ਨਹੀਂ ਸੀ ਕਿ ਸ੍ਰੀਲੰਕਾ ਸਰਕਾਰ ਤੁਲਫ ਦੇ ਸੁਝਾਵਾਂ ਨੂੰ ਮੁਕੰਮਲ ਰੂਪ ਵਿਚ ਪ੍ਰਵਾਨ ਕਰ ਲਵੇਗੀ ਪਰ ਏਨਾ ਜ਼ਰੂਰ ਸੀ ਕਿ ਉਨ੍ਹਾਂ ਸੁਝਾਵਾਂ ਨੂੰ ਦੂਰ ਅੰਦੇਸ਼ੀ ਨਾਲ ਵਿਚਾਰੇਗੀ ਤੇ ਏਨੀ ਕੁ ਲੱਚਕ ਵਰਤੇਗੀ ਜਿਸ ਨਾਲ ਕਿਸੇ ਫਾਰਮੂਲੇ 'ਤੇ ਸਮਝੌਤਾ ਹੋ ਸਕੇ । 7 ਫਰਵਰੀ ਦੀ ਇਕ ਪ੍ਰੈਸ ਕਾਨਫਰੰਸ ਵਿਚ ਸ੍ਰੀਲੰਕਾ ਦੇ ਸੁਰੱਖਿਆ ਮੰਤਰੀ ਨੇ ਕਿਹਾ ਕਿ ਅਮਨਵਾਰਤਾ ਦੁਬਾਰਾ ਸ਼ੁਰੂ ਕਰਨ ਲਈ ਪਹਿਲਕਦਮੀ ਭਾਰਤ ਵਲੋਂ ਹੀ ਕੀਤੀ ਜਾਣੀ ਚਾਹੀਦੀ ਹੈ ਕਿ ਉਂਕਿ ਭਾਰਤ ਹੀ ਇਸ ਸਥਿਤੀ ਵਿਚ ਹੈ ਜੋ ਸਬੰਧਿਤ ਧਿਰਾਂ ਨਾਲ ਗੱਲਬਾਤ ਕਰ ਸਕੇ ।

(ਪੰਨਾ 17 ਦੀ ਬਾਕੀ)

ਨੁਮਾਇੰਦਗੀ ਹਾਸਿਲ ਕਰਨੀ ਪੈਂਦੀ ਹੈ ਜੋ ਕਿ ਆਉਣ ਵਾਲੀ ਕਿਸੇ ਚੋਣ ਵਿਚ ਜਿੱਤ ਪ੍ਰਾਪਤ ਕਰਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲੇ ਹਾਸਿਲ ਕਰ ਸਕਦੇ ਹਨ। ਜੇ ਉਨ੍ਹਾਂ ਦੇ ਜਜ਼ਬਾਤ ਕਿਸੇ ਮੌਜੂਦਾ ਪੰਥਕ ਮਸਲੇ ਸਬੰਧੀ ਆਪਣੇ ਵੱਖਰੇ ਹਨ ਤਾਂ ਉਸ ਦਾ ਪਰਗਟਾਵਾ ਕਰਨ ਦੇ ਵੀ ਕਈ ਢੰਗ ਹੋ ਸਕਦੇ ਹਨ । ਕਿਸੇ ਤਰ੍ਹਾਂ ਦੀ ਹੁਲੜਬਾਜ਼ੀ ਪੰਥ ਨੂੰ ਕਿਸੇ ਪਾਸੇ ਨਹੀਂ ਲਿਜਾ ਸਕਦੀ। ਨੌਜੁਆਨਾਂ ਨੂੰ ਜੋਸ਼ ਨਾਲ ਹੋਸ਼ ਤੇ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ ।



Gurdial Singh(Gaddey)

Super Star Plumbing & Electrical Heating Supply Ltd.

4270 Fraser Street, Vancouver, B.C.

Phone 874-0511

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ। ਐਸਟੀਮੇਟ ਮੁਫਤ ਦਿਤਾ ਜਾਂਦਾ ਹੈ ।

ਅਸੀਂ ਨਵੇਂ ਤੇ ਪੁਰਾਣੇ ਘਰਾਂ ਦੀ ਪਲੰਬਿੰਗ ਅਤੇ ਬਿਜਲੀ ਦਾ ਤਸੱਲੀਬਖਸ਼ ਕੰਮ ਕਰਦੇ ਹਾਂ

Lo-Cost Aluminum Railing (1985) Ltd.

Specialists in Commercial & Residential Railings & Awning Frames

Sajiv Paul
Manager

Ph. 272-2840 or 872-7227

Unit K - 2420 SHELL RD.
RICHMOND, B.C.

# ਸਤਲੁਜ ਯਮਨਾ ਲਿੰਕ ਕਨਾਲ

ਵਲੋਂ :- ਸ੍ਰ: ਆਤਮਾ ਸਿੰਘ

ਕੇਂਦਰ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀ ਨੂੰ ਵਾਧੂ ਦੱਸ ਕੇ ਸੁਰਗੀਆ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਹਰਿਆਣੇ ਨੂੰ ਇਹ ਪਾਣੀ ਦੇਣ ਲਈ ਸਤਲੁਜ ਯਮਨਾ ਲਿੰਕ ਨਹਿਰ ਦੀ ਪ੍ਰਵਾਨਗੀ ਦਿਤੀ ਅਤੇ 28 ਅਪਰੈਲ 1981 ਨੂੰ ਉਹ ਇਸ ਨਹਿਰ ਦੀ ਪੁਟਾਈ ਦਾ ਕੰਮ ਸ਼ੁਰੂ ਕਰਨ ਦਾ ਉਦਘਾਟਨ ਕਰਨ ਲਈ ਜ਼ਿਲਾ ਪਟਿਆਲਾ ਦੇ ਪਿੰਡ ਕ ਪੂਰੀ ਨੇੜੇ ਟੱਪਾ ਲਾਉਣ ਲਈ ਆਏ। ਉਸੇ ਦਿਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਅਗਵਾਈ ਹੇਠਾਂ ਸ਼ਰੋਮਣ ਅਕਾਲੀ ਦਲ, ਸੀ. ਪੀ. ਆਈ. ਅਤੇ ਸੀ. ਪੀ. ਐਮ ਨੇ ਸਾਂਝੇ ਤੌਰ ਤੇ . ਇਸ ਦਾ ਵਿਰੋਧ ਕਰਨ ਲਈ ਇਥੇ ਭਾਰੀ ਵਿਖਾਵਾ ਕੀਤਾ। ਸ੍ਰ: ਗੁਰਚਰਨ ਸਿੰਘ ਟੌਹੜਾ ਨੇ ਵੱਡੀ ਗਿਣਤੀ ਵਿਚ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਤੋਂ ਸਤਿਆਗ੍ਰਹੀ ਜਥੇ ਦੀ ਅਗਵਾਈ ਕੀਤੀ। ਕੁਝ ਦਿਨਾਂ ਮਗਰੋਂ ਇਹ ਮੋਰਚਾ ਕਪੂਰੀ ਤੋਂ ਅੰਮ੍ਰਿਤਸਰ ਸ੍ਰੀ ਮੰਜੀ ਸਾਹਿਬ ਲਿਆਂਦਾ ਗਿਆ ਅਤੇ ਇਸ ਨੂੰ ਧਰਮ ਯੁੱਧ ਦਾ ਨਾਮ ਦੇ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਜਿਸ ਦੇ ਫਲਸਰੂਪ ਤਿੰਨ ਲੱਖ ਤੋਂ ਵੱਧ ਸਿੰਘ ਜੇਲ੍ਹਾਂ ਵਿਚ ਗਏ, ਸੈਂਕੜਿਆਂ ਦੀ ਗਿਣਤੀ ਵਿਚ ਸ਼ਹੀਦ ਹੋਏ, ਸੈਂਕੜੇ ਸਿਖ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਗਿਆ ਅਤੇ ਇਸ ਸੰਘਰਸ਼ ਨੂੰ ਦਬਾਉਣ ਲਈ ਕੇਂਦਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜ ਦਾਖਲ ਕੀਤੀ, ਤੋਪਾਂ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹਿਆ ਗਿਆ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਤੋਂ ਵੱਧ ਧਰਮ ਅਸਥਾਨਾਂ ਦੀ ਬੇਅਦਬੀ ਕੀਤੀ ਗਈ, ਸਿੱਖਾਂ ਦਾ ਜੋ ਜਾਨੀ ਤੇ ਮਾਲੀ ਨੁਕਸਾਨ ਹੋਇਆ ਉਹ ਇਸ ਤੋਂ ਵੱਖਰਾ ਹੈ। ਮਗਰ ਦੁਖ ਦੀ ਗੱਲ ਹੈ ਕਿ ਪੰਥ ਵਲੋਂ ਕੀਤੀ ਗਈ ਕੁਰਬਾਨੀ ਉਪਰ ਪਾਣੀ ਫੇਰ ਕੇ ਸੰਤ ਲੌਂਗੋਵਾਲ ਪੰਜਾਬ ਸਮਝੌਤੇ ਉਪਰ 24-7-85 ਨੂੰ ਪ੍ਰਧਾਨ ਮੰਤਰੀ ਦੇ ਨਾਲ ਦਸਤਖਤ ਕਰ ਦਿਤੇ ਅਤੇ ਇਸ ਸਮਝੌਤੇ ਵਿਚ ਲਿਖਤੀ ਤੌਰ ਤੇ ਇਹ ਗੱਲ ਮੰਨ ਲਈ ਗਈ ਕਿ 15-8-86 ਤਕ ਉਹ ਨਹਿਰ ਜਿਸ ਦੇ ਪੁੱਟੇ ਜਾਣ ਵਿਰੁੱਧ ਮੋਰਚਾ ਲਾਇਆ ਸੀ ਮੁਕੰਮਲ ਕਰਕੇ ਹਰਿਆਣਾ ਨੂੰ ਪੰਜਾਬ ਦੇ ਦਰਿਆਵਾਂ ਦਾ "ਵਾਧੂ" ਪਾਣੀ ਦਿਤਾ ਜਾਵੇਗਾ। ਇਥੇ ਸੁਆਲ ਪੈਦਾ ਹੁੰਦਾ ਹੈ ਕਿ ਦਰਿਆ ਯਮਨਾ ਸਾਂਝੇ ਪੰਜਾਬ ਦਾ ਦਰਿਆ ਸੀ ਉਸ ਦਾ ਪਾਣੀ ਪੰਜਾਬ ਨੂੰ ਇਹ ਕਹਿ ਕੇ ਨਹੀਂ ਦਿਤਾ ਗਿਆ ਕਿ ਇਹ ਦਰਿਆ ਪੰਜਾਬ ਵਿਚੋਂ ਨਾ ਲੰਘਦਾ ਹੈ ਅਤੇ ਨਾ ਹੀ ਪੰਜਾਬ ਨੂੰ ਕਿਸੇ ਪਾਸਿਓਂ ਛੂੰਹਦਾ ਹੈ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਤਿੰਨ ਦਰਿਆਵਾਂ ਰਾਵੀ, ਬਿਆਸ, ਸਤਲੁਜ ਵਿਚੋਂ ਕੋਈ ਦਰਿਆ ਨਾ ਹਰਿਆਣੇ ਅਤੇ ਨਾ ਹੀ ਰਾਜਸਥਾਨ ਵਿਚੋਂ ਲੰਘਦਾ ਹੈ ਅਤੇ ਨਾ ਹੀ ਇਨ੍ਹਾਂ ਦਰਿਆਵਾਂ ਵਿਚੋਂ ਕੋਈ ਦਰਿਆ ਇਨ੍ਹਾਂ ਰਾਜਾਂ ਨੂੰ ਛੂੰਹਦਾ ਹੀ ਹੈ। ਇਥੇ ਇਨਸਾਫ ਅਤੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਇਨ੍ਹਾਂ ਦਰਿਆਵਾਂ ਦਾ ਪਾਣੀ ਇਨ੍ਹਾਂ ਦੋਹਾਂ ਰਾਜਾਂ ਨੂੰ ਕਿਉਂ ਦਿੱਤਾ ਜਾ ਰਿਹਾ ਹੈ ? 24-7-85 ਸੰਤ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਦਰਮਿਆਨ ਹੋਏ ਸਮਝੌਤੇ ਅਨੁਸਾਰ ਦਰਿਆਵਾਂ ਦੇ ਪਾਣੀ ਦੀ ਵੰਡ ਲਈ 1955 ਦੇ ਦਰਿਆਵਾਂ ਦੇ ਪਾਣੀ ਦੇ ਝਗੜੇ ਦੇ ਨਿਪਟਾਰੇ ਲਈ ਇਕ ਟ੍ਰਿਬਿਊਨਲ ਸਥਾਪਤ ਕੀਤਾ ਜਾਣਾ ਹੈ। ਇਹ ਟ੍ਰਿਬਿਊਨਲ ਇਸ ਤੋਂ ਪਹਿਲਾਂ ਰਾਜਸਥਾਨ ਦਾ ਦਰਿਆ ਗੋਦਾਵਰੀ ਦੇ ਪਾਣੀ ਉਪਰ ਕਲੇਮ ਰੱਦ ਕੀਤਾ ਜਾ ਚੁੱਕਾ ਸੀ ਕਿਉਂਕਿ ਇਹ ਦਰਿਆ ਰਾਜਸਥਾਨ ਵਿਚੋਂ ਨਹੀਂ ਲੰਘਦਾ। ਬਰਨਾਲਾ ਸਰਕਾਰ ਲਈ ਸਭ ਤੋਂ ਚੰਗੀ ਗੱਲ ਇਹ ਹੈ ਕਿ ਉਕਤ ਕਾਨੂੰਨ ਅਧੀਨ ਟ੍ਰਿਬਿਊਨਲ ਸਥਾਪਤ ਕਰਵਾਕੇ ਪਹਿਲੇ ਉਸ ਦਾ ਫੈਸਲਾ ਲਵੇ ਜੇ ਸਾਡੇ ਨਾਲ ਇਨਸਾਫ ਕੀਤਾ ਗਿਆ ਤਾਂ ਉਕਤ ਕਾਨੂੰਨ ਅਨੁਸਾਰ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਇਕ ਬੂੰਦ ਵੀ ਹਰਿਆਣੇ ਜਾਂ ਰਾਜਸਥਾਨ ਨੂੰ ਨਹੀਂ ਦਿਤੀ ਜਾ ਸਕੇਗੀ। ਇਸ ਲਈ ਇਸ ਟ੍ਰਿਬਿਊਨਲ ਦੇ ਫੈਸਲੇ ਤਕ ਸਤਲੁਜ ਯਮਨਾ ਲਿੰਕ ਨਹਿਰ ਦੀ ਪੁਟਾਈ ਬੰਦ ਕੀਤੀ ਜਾਵੇ।

ਇਸ ਤੋਂ ਪਹਿਲਾਂ ਜ਼ਿਲਾ ਰੋਪੜ ਅਤੇ ਜ਼ਿਲਾ ਪਟਿਆਲਾ ਵਿਚੋਂ ਹਰਿਆਣੇ ਨੂੰ ਪਾਣੀ ਦੇਣ ਲਈ ਭਾਖੜਾ ਕੈਨਾਲ ਬਣਾਈ ਗਈ ਸੀ ਜਿਸ ਦੇ ਹੇਠਾਂ ਗਰੀਬ ਕਿਸਾਨਾਂ ਦੀ ਹਜ਼ਾਰਾਂ ਏਕੜ ਭੂਮੀ ਲਿਆਂਦੀ ਗਈ ਅਤੇ ਹਜ਼ਾਰਾਂ ਏਕੜ ਭੂਮੀ ਸੇਮ ਨਾਲ ਬਰਬਾਦ ਹੋ ਗਈ। ਭਾਖੜਾ ਨਹਿਰ ਬਣਨ ਤੋਂ ਪਹਿਲਾਂ ਪਾਣੀ 60-70 ਫੁੱਟ ਜ਼ਮੀਨ ਦੇ ਹੇਠਾਂ ਸੀ ਜਦ ਕਿ ਅੱਜ ਕਲ ਇਹ ਪਾਣੀ 6-7 ਫੁਟ ਦੀ ਦੂਰੀ ਉਪਰ ਆ ਗਿਆ ਹੈ। ਜੇ ਮੌਜੂਦਾ ਨਹਿਰ ਪੁੱਟਣ ਵਾਲੀ ਬਰਨਾਲਾ ਸਰਕਾਰ ਨੇ ਅੜੀ ਨਾ ਛੱਡੀ ਤਾਂ ਇਸ ਨਾਲ ਕਿਸਾਨਾਂ ਦੀ ਦਸ ਹਜ਼ਾਰ ਏਕੜ ਉਪਜਾਊ ਧਰਤੀ ਨਹਿਰ ਦੇ ਹੇਠਾਂ ਆਵੇਗੀ ਅਤੇ ਵੀਹ ਹਜ਼ਾਰ ਏਕੜ ਤੋਂ ਵੱਧ ਭੂਮੀ ਸੇਮ ਨਾਲ ਬਰਬਾਦ ਹੋ ਜਾਵੇਗੀ। ਇਸ ਇਲਾਕੇ ਦੇ ਗਰੀਬ ਕਿਸਾਨਾਂ ਦਾ ਕਸੂਰ ਕੀ ਹੈ ਕਿ ਉਨ੍ਹਾਂ ਇਤਨੀ ਵੱਡੀ ਸਜ਼ਾ ਦੇ ਕੇ ਹਜ਼ਾਰਾਂ ਪ੍ਰਵਾਰਾਂ ਨੂੰ ਭੁੱਖੇ ਮਾਰਨ ਲਈ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ। 1978 ਵਿਚ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਇਸ ਇਲਾਕੇ ਦੀ ਕਿਸਾਨਾਂ ਦੀ ਇਹ ਗੱਲ ਮੰਨ ਲਈ ਸੀ ਕਿ ਇਹ ਨਹਿਰ ਇਸ ਇਲਾਕੇ ਦੇ ਕਿਸਾਨਾਂ ਦੀ ਮੌਜੂਦਾ ਮੰਗ ਅਨੁਸਾਰ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਪੁੱਟ ਕੇ ਦਰਿਆ ਘੱਗਰ ਵਿਚ ਪਾ ਦਿਤੀ ਜਾਵੇਗੀ। ਹੁਣ ਵੀ ਇਸੇ ਤਰ੍ਹਾਂ ਕਰਨਾ ਚਾਹੀਦਾ ਹੈ।

ਜ਼ਿਲਾ ਰੋਪੜ ਦੇ ਕਿਸਾਨਾਂ ਨੇ ਨਹਿਰ ਦੀ ਮੌਜੂਦਾ ਨਿਸ਼ਾਨ ਦੇਹੀ ਬਦਲ ਕੇ ਇਸ ਨੂੰ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਕੀਤੇ ਜਾਣ ਲਈ ਸੰਘਰਸ਼ ਸ਼ੁਰੂ ਕੀਤਾ ਹੈ। ਸੰਤ ਅਜੀਤ ਸਿੰਘ ਜੀ ਮੈਂਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕੇਮਟੀ ਅਤੇ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਨੇ ਵੀ ਕਿਸਾਨਾਂ ਦੀ ਇਸ ਮੰਗ ਦੀ ਹਮਾਇਤ ਦਾ ਐਲਾਨ ਕੀਤਾ ਹੈ। ਲਗਭਗ ਸੌ ਪਿੰਡਾਂ ਦੇ ਕਿਸਾਨਾਂ ਤੇ ਵਸਨੀਕਾਂ ਨੇ ਧਰਨਾ ਮਾਰਿਆ ਹੈ ਅਤੇ ਨਹਿਰ ਪੁੱਟੀ ਜਾਣ ਵਾਲੀ ਥਾਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਧਾਰਨ ਪਾਠ ਸ਼ੁਰੂ ਕਰ ਦਿਤਾ ਹੈ ਅਤੇ ਉਨ੍ਹਾਂ ਦੇ ਐਲਾਨ ਅਨੁਸਾਰ ਇਹ ਪਾਠ ਤਦ ਤਕ ਜਾਰੀ ਰਹੇਗਾ ਜਦ ਤਕ ਸਰਕਾਰ ਆਪਣੇ ਫੈਸਲੇ ਨੂੰ ਨਹੀਂ ਬਦਲਦੀ। ਜਿਵੇਂ ਜਿਵੇਂ ਸਮਾਂ ਲੰਘਦਾ ਜਾ ਰਿਹਾ ਹੈ ਤਿਵੇਂ ਤਿਵੇਂ ਸਮੁੱਚੇ ਪੰਜਾਬ ਦੇ ਕਿਸਾਨਾਂ ਦੀ ਹਮਦਰਦੀ ਇਨ੍ਹਾਂ ਪੀੜਤਾਂ ਪ੍ਰਤੀ ਵਧਦੀ ਜਾ ਰਹੀ ਹੈ। ਬਰਨਾਲਾ ਸਰਕਾਰ ਨੂੰ ਵਕਾਰ ਦਾ ਸੁਆਲ ਬਨਾਏ ਬਿਨਾਂ ਕੇਂਦਰ ਸਰਕਾਰ ਨੂੰ ਨਹਿਰ ਦੀ ਨਿਸ਼ਾਨ ਦੇਹੀ ਬਦਲਣ ਲਈ ਜ਼ੋਰ ਪਾ ਕੇ ਕਹਿਣਾ ਚਾਹੀਦਾ ਹੈ। ਨਾਲ ਹੀ ਜ਼ੋਰ ਦੇਣਾ ਚਾਹੀਦਾ ਹੈ ਕਿ ਜਦ ਤਕ ਪੰਜਾਬ ਦੇ ਦਰਿਆਵਾਂ ਦੇ ਵਾਧੂ ਪਾਣੀ ਅਤੇ ਦਰਿਆ ਯਮਨਾ ਦੇ ਪਾਣੀ ਦੀ ਵੰਡ ਦਾ ਫੈਸਲਾ 1956 ਦੇ ਕਾਨੂੰਨ ਅਨੁਸਾਰ ਸੁਪਰੀਮ ਕੋਰਟ ਦੇ ਜੱਜ ਦੀ ਪ੍ਰਧਾਨਗੀ ਹੇਠਾਂ ਬਣਾਏ ਜਾਣ ਵਾਲੇ ਕਮਿਸ਼ਨ ਵਾਸੋਂ ਫੈਸਲਾ ਨਹੀਂ ਕਰਵਾ ਲਿਆ ਜਾਂਦਾ ਤਦ ਤਕ ਇਸ ਨਹਿਰ ਦੀ ਪੁਟਾਈ ਬੰਦ ਕੀਤੀ ਜਾਵੇ। ਲੋਕ ਮਹਿਸੂਸ ਕਰਦੇ ਹਨ ਕਿ ਹਰਿਆਣੇ ਅਤੇ ਰਾਜਸਥਾਨ ਦੇ ਹਿਤਾਂ ਨੂੰ ਪਹਿਲ ਦੇ ਕੇ ਪੰਜਾਬ ਦੇ ਹਿਤਾਂ ਨਾਲ ਬੇਵਫਾਈ ਕੀਤੀ ਜਾ ਰਹੀ ਹੈ।

# ਵਿਚਾਰ ਗੋਚਰੇ ਮਸਲੇ

## ਦਰਬਾਰ ਸਾਹਿਬ ਵਿਚ ਪੁਲੀਸ ਦਾਖਲਾ

ਸਰਦਾਰ ਸੁਰਜੀਤ ਸਿੰਘ ਬਰਨਾਲਾ ਦੇ ਮੁਖ ਮੰਤਰੀ ਬਣਨ ਤੋਂ ਬਾਅਦ ਵੀ ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਈ ਹੈ ਜਿਸ ਦਾ ਸਿੱਖਾਂ ਵਿਚ ਮਾੜਾ ਪ੍ਰਤੀਕਰਮ ਹੋਇਆ ਹੈ। ਸਿੱਖ ਸਟੂਡੈਂਟਸ ਫੈਡਰੇਸ਼ਨ, ਸੰਯੁਕਤ ਅਕਾਲੀ ਦਲ ਨੇ ਤੇ ਪੁਲੀਸ ਦਾਖਲੇ ਦੀ ਨਿਖੇਧੀ ਕਰਨੀ ਹੀ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਵਲੋਂ ਵੀ ਇਸ ਦੀ ਨਿਖੇਧੀ ਕੀਤੀ ਗਈ ਹੈ ਜਿਸ ਦੀ ਕਿ ਪੰਜਾਬ ਵਿਚ ਵਜ਼ਾਰਤ ਹੈ ਤੇ ਪੰਜਾਬ ਦਾ ਮੁਖ ਮੰਤਰੀ ਹੀ ਸ਼ਰੋਮਣੀ ਅਕਾਲੀ ਦਲ ਦਾ ਕਨਵੀਨਰ ਹੈ। ਇਹ ਕਹਿਣਾ ਕਿ ਕਾਂਗਰਸੀ ਪੱਖੀ ਪੁਲੀਸ ਅਫਸਰ ਜਾਣ ਬੁਝ ਕੇ ਅਕਾਲੀ ਵਜ਼ਾਰਤ ਨੂੰ ਬਦਨਾਮ ਕਰਨ ਵਾਸਤੇ ਪੁਲੀਸ ਦਰਬਾਰ ਸਾਹਿਬ ਅੰਦਰ ਭੇਜਦੇ ਹਨ। ਫੱਬਦਾ ਨਹੀਂ ਕਿਉਂਕਿ ਕੋਈ ਪੁਲੀਸ ਅਫਸਰ ਵੀ ਸਰਕਾਰ ਦੀ ਮਰਜ਼ੀ ਦੇ ਉਲਟ ਨਹੀਂ ਜਾ ਸਕਦਾ। ਅਫਸਰਾਂ ਦਾ ਕੀ ਹੁੰਦਾ ਹੈ ਜਿਹੜੀ ਵੀ ਸਰਕਾਰ ਹੋਵੇ ਉਸੇ ਦਾ ਦਮ ਭਰਨ ਲੱਗ ਪੈਂਦੇ ਹਨ। ਜੇ ਦਮ ਨਾ ਭਰਨ ਤਾਂ ਸਰਕਾਰ ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਤੰਗ ਕਰ ਸਕਦੀ ਹੈ ਜਿਸ ਦਾ ਉਹ ਕਿਉਂ ਮੌਕਾ ਦੇਣ।

ਪਰ ਸੋਚਣ ਵਾਲੀ ਗੱਲ ਇਹ ਹੈ ਕਿ ਪੁਲੀਸ ਕਿਸੇ ਕਾਰਨ ਤੋਂ ਬਿਨ੍ਹਾਂ ਦਰਬਾਰ ਸਾਹਿਬ ਕੰਪਲੈਕਸ ਅੰਦਰ ਜਾ ਕੇ ਸਿਖ ਜਜ਼ਬਾਤਾਂ ਨੂੰ ਠੇਸ ਪੁਚਾ ਰਹੀ ਹੈ ਕਿ ਉਸ ਦੇ ਜਾਣ ਪਿਛੇ ਕੋਈ ਬਾ-ਦਲੀਲ ਕਾਰਨ ਵੀ ਸਨ। ਜੇ ਦਰਬਾਰ ਸਾਹਿਬ ਦੇ ਅੰਦਰ ਗ਼ਲਤ ਗੱਲਾਂ ਹੋਣ ਤਾਂ ਉਸ ਦਾ ਕੀ ਇਲਾਜ ਹੈ ? ਇਹ ਸੋਚਣ ਵਾਲੀ ਗੱਲ ਹੈ। 26 ਅਕਤੂਬਰ ਵਾਲੇ ਦਿਨ ਇਕ ਮੁੰਡੇ ਨੂੰ ਸਰ੍ਹਾਂ ਦੇ ਅੰਦਰ ਕੁਝ ਵਿਰੋਧੀ ਮੁੰਡਿਆਂ ਨੇ ਬੁਰੀ ਤਰ੍ਹਾਂ ਕੁੱਟਿਆ। ਕਿਹਾ ਜਾਂਦਾ ਹੈ ਕਿ ਉਸਨੇ ਸ਼ਰਾਬ ਪੀਤੀ ਹੋਈ ਸੀ। ਕੀ ਸ਼ਰਾਬ ਪੀਤੀ ਹੋਏ ਬੰਦੇ ਨੂੰ ਮਾਰ ਦੇਣਾ ਜਾਇਜ਼ ਹੈ। ਕੁਟ ਨਾਲ ਅੰਤ ਉਹ ਬੇਹੋਸ਼ ਹੋ ਗਿਆ ਤੇ ਉਸ ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਹਸਪਤਾਲ ਪੁਚਾਇਆ ਗਿਆ ਜਿਥੇ ਉਹ ਕੁਝ ਦਿਨਾਂ ਬਾਅਦ ਬੇਹੋਸ਼ੀ ਦੀ ਹਾਲਤ ਵਿਚ ਹੀ ਦਮ ਤੋੜ ਗਿਆ। ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਸੇਵਾਦਾਰ ਆਦਿ ਨੂੰ ਜ਼ਰੂਰ ਪਤਾ ਹੋਣਾ ਹੈ ਕਿ ਮਾਰਨ ਵਾਲੇ ਕੌਣ ਬੰਦੇ ਸਨ ਪਰ ਕੋਈ ਡਰਦਾ ਮਾਰਾ ਨਾਮ ਨਹੀਂ ਲੈਂਦਾ ਤੇ ਨਾ ਹੀ ਕਿਸੇ ਨੇ ਡਰਦੇ ਮਾਰਿਆ ਉਸ ਨੂੰ ਵੇਲੇ ਸਿਰ ਬਚਾਉਣ ਦੀ ਕੋਸ਼ਿਸ਼ ਕੀਤੀ। ਜੇ ਉਸ ਵਕਤ ਕੋਈ ਪੁਲੀਸ ਨੂੰ ਖਬਰ ਕਰ ਦਿੰਦਾ ਤੇ ਪੁਲੀਸ ਉਸ ਬੰਦੇ ਨੂੰ ਬਚਾਉਣ ਲਈ ਦਰਬਾਰ ਸਾਹਿਬ ਅੰਦਰ ਆ ਜਾਂਦੀ ਤੇ ਉਨ੍ਹਾਂ ਮਾਰਨ ਵਾਲਿਆਂ ਨੂੰ ਫੜ ਲੈਂਦੀ ਤਾਂ ਦਸੋ ਕੀ ਤੁਸੀਂ ਪੁਲੀਸ ਦੇ ਆਉਣ ਨੂੰ ਗਲਤ ਕਹਿ ਸਕਦੇ ਸੀ ?

ਅਸਲ ਵਿਚ ਜੇ ਸਚਾਈ ਕਹੀ ਜਾਵੇ ਤਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲੀਸ ਦਾਖਲੇ ਦੇ ਉਹ ਲੋਕ ਜ਼ਿੰਮੇਵਾਰ ਹਨ ਜੋ ਦਰਬਾਰ ਸਾਹਿਬ ਕੰਪਲੈਕਸ ਵਿਚ ਗਲਤ ਗੱਲਾਂ ਕਰਦੇ ਹਨ ਤੇ ਗੈਰ ਕਾਨੂੰਨੀ ਵਾਰਦਾਤਾਂ ਕਰਕੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਛਿਪਣ ਦੀ ਕੋਸ਼ਿਸ਼ ਕਰਦੇ ਹਨ ਤੇ ਜਾਂ ਸ਼ਰੋਮਣੀ ਕਮੇਟੀ ਜ਼ਿੰਮੇਵਾਰ ਹੈ ਜੋ ਦਰਬਾਰ ਸਾਹਿਬ ਕੰਪਲੈਕਸ ਵਿਚ ਕਾਨੂੰਨ ਦੀ ਸਥਿਤੀ ਠੀਕ ਨਹੀਂ ਰਖ ਸਕਦੀ। ਪੁਲੀਸ ਦਾ ਦਰਬਾਰ ਸਾਹਿਬ ਦਾਖਲਾ ਜਾਇਜ਼ ਨਹੀਂ ਕਿਹਾ ਜਾ ਸਕਦਾ ਪਰ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੀ ਆਪਣੀ ਫੋਰਸ ਹੋਣੀ ਚਾਹੀਦੀ ਹੈ ਜੋ ਕਿ ਕੰਪਲੈਕਸ ਵਿਚ ਅਮਨ ਤੇ ਕਾਨੂੰਨ ਨੂੰ ਕਾਇਮ ਰਖੇ ਜੇ ਕੋਈ ਸਰਕਾਰੀ ਮੁਜਰਮ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੋਵੇ ਤਾਂ ਪੁਲੀਸ ਦੇ ਕਹਿਣ ਉਤੇ ਉਸਨੂੰ ਪੁਲੀਸ ਦੇ ਹਵਾਲੇ ਕਰ ਦਿਤਾ ਜਾਵੇ।

ਮਸਲਾ ਉਸ ਵਕਤ ਗੰਭੀਰ ਹੋ ਜਾਂਦਾ ਹੈ ਜਦੋਂ ਕਿ ਪੁਲੀਸ ਦਾ ਦੋਸ਼ੀ ਕਈ ਵਾਰ ਸਿਖ ਜਗਤ ਦਾ ਹੀਰੋ ਹੁੰਦਾ ਹੈ ਜਿਸ ਤਰ੍ਹਾਂ ਕਿ ਜਿਨ੍ਹਾਂ ਪੁਲਸੀਆਂ ਨੇ ਨਿਰਦੋਸ਼ ਸਿੱਖਾਂ ਨੂੰ ਕੁੱਟ ਕੁੱਟ ਕੇ ਮਾਰ ਸੁੱਟਿਆ ਸੀ। ਉਨ੍ਹਾਂ ਵਿਚੋਂ ਕਿਸੇ ਇਕ ਵਿਰੁਧ ਵੀ ਕਾਨੂੰਨੀ ਕਾਰਵਾਈ ਨਹੀਂ ਹੋਈ ਜਦੋਂ ਕਿਸੇ ਏਹੋ ਜੇਹੇ ਨੂੰ ਕੋਈ ਮਨਚਲਾ ਪਾਰ ਬੁਲਾ ਦਿੰਦਾ ਹੈ ਤਾਂ ਆਮ ਸਿੱਖਾਂ ਦੀ ਹਮਦਰਦੀ ਮਕਤੂਲ ਨਾਲ ਨਹੀਂ ਕਾਤਲ ਨਾਲ ਹੁੰਦੀ ਹੈ। ਏਹੋ ਜੇਹੇ ਬੰਦੇ ਨੂੰ ਪੁਲੀਸ ਦੇ ਹਵਾਲੇ ਕਰਨਾ ਵੀ ਪ੍ਰਬੰਧਕਾਂ ਲਈ ਔਖਾ ਹੁੰਦਾ ਹੈ ਆਖਿਰ ਉਹ ਸਿਖ ਜਜ਼ਬਾਤਾਂ ਵਿਰੁੱਧ ਨਹੀਂ ਚਲ ਸਕਦੇ। ਏਹੋ ਜੇਹੇ ਕਿਸੇ ਸਿੰਘ ਨੂੰ ਬੇਨਤੀ ਵੀ ਕੀਤੀ ਜਾ ਸਕਦੀ ਹੈ ਕਿ ਉਹ ਰੂ-ਪੋਸ਼ ਹੋ ਜਾਵੇ। ਨਹੀਂ ਤੇ ਸੀ. ਆਈ. ਡੀ. ਤੇ ਹੁਣ ਦਰਬਾਰ ਸਾਹਿਬ ਚਪੇ ਚਪੇ ਉਤੇ ਹੁੰਦੀ ਹੈ। ਕਿਸੇ ਏਹੋ ਕਾਨੂੰਨੀ ਦੋਸ਼ੀ ਉਤੇ ਸੀ. ਆਈ. ਡੀ. ਅੱਖ ਰੱਖ ਸਕਦੀ ਹੈ ਤੇ ਜਦੋਂ ਉਹ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਨਿਕਲੇ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਪਰ ਬਿਨ੍ਹਾਂ ਕਿਸੇ ਸਪਸ਼ਟ ਕਾਰਨ ਦੇ ਪੁਲੀਸ ਦਾ ਦਰਬਾਰ ਸਾਹਿਬ ਅੰਦਰ ਦਾਖਲਾ ਸਿੱਖਾਂ ਦੇ ਜਜ਼ਬਾਤਾਂ ਨੂੰ ਭੜਕਾਉਂਦਾ ਹੈ। ਇਸ ਵੱਲ ਮੁਖ ਮੰਤਰੀ ਨੂੰ ਫੌਰਨ ਧਿਆਨ ਦੇਣਾ ਚਾਹੀਦਾ ਹੈ ਜਦੋਂ ਕਿ ਮੁਖ ਮੰਤਰੀ ਐਲਾਨ ਕਰ ਚੁੱਕਾ ਹੈ ਕਿ ਕਿਸੇ ਧਰਮ ਅਸਥਾਨ ਅੰਦਰ ਪੁਲੀਸ ਦਾਖਲ ਨਹੀਂ ਹੋਵੇਗੀ।

## ਅਕਾਲ ਤਖਤ ਸਾਹਿਬ ਦੀ ਨਵ-ਉਸਾਰੀ

ਸ੍ਰੀ ਅਕਾਲ ਤਖਤ ਸਾਹਿਬ ਦੀ ਨਵ-ਉਸਾਰੀ ਦੇ ਮਸਲੇ ਨੂੰ ਲੈ ਕੇ ਪੰਥ ਵਿਚ ਨਵਾਂ ਝਗੜਾ ਪਾਇਆ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਵਲੋਂ ਬਣਾਈ ਗਈ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਖਾਲਸਾ ਪੰਥ ਨੂੰ ਪ੍ਰਵਾਨ ਨਹੀਂ। ਇਹ ਇਮਾਰਤ ਇਕ ਤਨਖਾਹੀਏ ਵਲੋਂ ਬਣਾਈ ਗਈ ਸੀ ਜਿਸ ਨੂੰ ਬਾਅਦ ਵਿਚ ਪੰਥ ਵਿਚੋਂ ਛੇਕ ਦਿਤਾ ਗਿਆ ਸੀ। ਇਕ ਤਨਖਾਹੀਏ ਵਲੋਂ ਬਣਾਈ ਗਈ ਇਮਾਰਤ ਪੰਥ ਨੂੰ ਪ੍ਰਵਾਨ ਨਹੀਂ ਕਰਨਾ ਚਾਹੀਦੀ ਸੀ। ਪਰ ਜੇ ਕਿਸੇ ਕਾਰਨ ਸਿੰਘ ਸਾਹਿਬਾਂ ਨੇ ਤੇ ਪੰਥ ਦੇ ਉਸ ਵਕਤ ਦੇ ਨੁਮਾਇੰਦਿਆਂ ਨੇ ਇਸ ਇਮਾਰਤ ਨੂੰ ਪ੍ਰਵਾਨ ਕਰਕੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਹੀ ਦਿਤਾ ਹੈ ਤਾਂ ਇਸ ਦੀ ਮੁੜ ਨਵ-ਉਸਾਰੀ ਲਈ ਕੋਈ ਢੰਗ ਹੀ ਵਰਤਣਾ ਚਾਹੀਦਾ ਹੈ। ਇਸ ਦਾ ਤਰੀਕਾ ਇਹ ਨਹੀਂ ਜੋ ਸਿਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਨੇ ਵਰਤਿਆ ਹੈ ਕਿ ਆਪ ਹੀ ਹਥੌੜੀਆਂ ਲੈ ਕੇ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਢਾਹੁਣ ਲਗ ਪਵੋ। ਰਾਗੀ ਤੇ ਗ੍ਰੰਥੀ ਸਿੰਘ ਇਸ ਹੁਲੜਬਾਜ਼ੀ ਤੋਂ ਡਰਦੇ ਦੌੜ ਜਾਣ, ਸੇਵਾਦਾਰ ਆਪਣੀ ਜਾਨ ਬਚਾਉਂਦੇ ਫਿਰਨ ਤੇ ਸੰਗਤਾਂ ਪਰੇਸ਼ਾਨੀ ਵਿਚ ਜਾਂ ਇਸ ਬੁਰਛਾ ਗਰਦੀ ਤੋਂ ਡਰਦੀਆਂ ਇਧਰ ਉਧਰ ਦੌੜੀ ਫਿਰਨ।

ਹੁਣ ਸਿਖ ਸਟੂਡੈਂਟਸ ਫੈਡਰੇਸ਼ਨ ਵਾਲੇ ਇਸ ਤੋਂ ਅਗੇ ਵੱਧ ਗਏ ਹਨ ਤੇ ਐਲਾਨ ਕਰ ਦਿਤਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਨਵੀਂ ਉਸਾਰੀ ਦਮਦਮੀ ਟਕਸਾਲ ਦੀ ਨਿਗਰਾਨੀ ਥੱਲੇ ਕਰਵਾਈ ਜਾਵੇਗੀ। ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਕਿਸੇ ਵਿਅਕਤੀ ਨੂੰ ਸੌਂਪਣੀ ਜਚਦੀ ਨਹੀਂ ਉਹ ਭਾਵੇਂ ਕਿਤਨਾ ਹੀ ਮਹਾਨ ਹੋਵੇ ਕਿਉਂਕਿ ਅਕਾਲ ਤਖਤ ਗੁਰ ਸਿੱਖਾਂ ਦੀ ਦਸਾਂ ਨੌਹਾਂ ਦੀ ਕਿਰਤ ਤੇ ਹੱਥੀਂ ਸੇਵਾ ਨਾਲ ਉਸਰਨਾ ਚਾਹੀਦਾ ਹੈ। ਇਹ ਸੇਵਾ ਸਮੁੱਚੇ ਪੰਥ ਵਲੋਂ ਬਣਾਈ ਗਈ ਕਿਸੇ ਕਮੇਟੀ ਜਾਂ ਸ਼ਰੋਮਣੀ ਗੁ: ਪ੍ਰੰ: ਕਮੇਟੀ ਨੂੰ ਹੀ ਅਸੂਲਨ ਕਰਵਾਉਣੀ ਚਾਹੀਦੀ ਹੈ ਤਾਂ ਕਿ ਇਸ ਦੀ ਸੇਵਾ ਕਿਸੇ ਮਨੁੱਖ ਦੇ ਨਾਮ ਥੱਲੇ ਨਾ ਹੋਵੇ। ਅਕਾਲ ਤਖਤ ਸਾਹਿਬ ਦੀ ਸੇਵਾ ਦੀ ਸਪੁਰਦਾਰੀ ਦਮਦਮੀ ਟਕਸਾਲ ਦੇ ਹਵਾਲੇ ਕਰਨੀ ਵੀ ਅਸੂਲਨ ਉਤਨੀ ਹੀ ਗਲਤ ਹੋਵੇਗੀ ਕਿਉਂਕਿ ਦਮਦਮੀ ਟਕਸਾਲ ਵਾਲੇ ਪੰਥ ਵਲੋਂ ਪਰਵਾਨ ਕੀਤੀ ਹੋਈ ਸ੍ਰੀ ਅਕਾਲ ਤਖਤ ਸਾਹਿਬ ਉਤੇ ਲਾਗੂ ਮਰਯਾਦਾ ਨੂੰ ਨਹੀਂ ਮੰਨਦੇ। ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਛਕਾਉਣ ਲਗਿਆਂ "ਕੁਠਾ ਖਾਣ" ਦੀ ਮਨਾਹੀ ਕੀਤੀ ਜਾਂਦੀ ਹੈ "ਮਾਹ ਪ੍ਰਸ਼ਾਦ" ਖਾਣ ਦੀ ਕੋਈ ਮਨਾਹੀ ਨਹੀਂ ਹੈ। ਅਕਾਲੀ ਲਹਿਰ ਵੇਲੇ ਜਿਤਨੇ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੋਏ ਹਨ ਉਹ ਸਾਰੇ ਹੀ ਮਾਹ ਪ੍ਰਸ਼ਾਦ ਛਕਦੇ ਸਨ। ਪਰ ਦਮਦਮੀ ਟਕਸਾਲ ਵਾਲੇ ਮਾਹ ਪ੍ਰਸ਼ਾਦ ਛਕਣਾ ਗਲਤ ਸਮਝਦੇ ਹਨ।

ਫਿਰ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਕੀ ਅਧਿਕਾਰ ਹੈ ਕਿ ਉਹ ਫੈਸਲਾ ਕਰਨ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਕੌਣ ਸੇਵਾ ਕਰਵਾਵੇ। ਉਹ ਕੋਈ ਸਮੁੱਚੇ ਪੰਥ ਦੀ ਨੁਮਾਇੰਦਾ ਜਮਾਤ ਨਹੀਂ ਹਨ। ਜੇ ਉਹ ਕੋਈ ਪੰਥਕ ਕਨਵੈਨਸ਼ਨ ਦਾ ਢੌਂਗ ਰਚ ਕੇ ਕੋਈ ਫੈਸਲਾ ਕਰਨਾ ਚਾਹੁਣ ਤਾਂ ਉਹ ਵੀ ਅਸੂਲਨ ਗਲਤ ਹੋਵੇਗਾ। ਅਸੂਲਨ ਪੰਥਕ ਕਨਵੈਸ਼ਨ ਵੀ ਉਹ ਹੀ ਬੁਲਾ ਸਕਦਾ ਹੈ ਜਿਸ ਕੋਲ ਪੰਥ ਦੀ ਨੁਮਾਇੰਦਗੀ ਹੈ। ਪੰਥ ਦੀ ਨੁਮਾਇੰਦਗੀ ਉਸ ਕੋਲ ਹੁੰਦੀ ਹੈ ਜਿਸ ਨੂੰ ਸਮੁੱਚਾ ਪੰਥ ਵੋਟਾਂ ਪਾਵੇ ਜਾਂ ਪੰਥ ਵਿਚੋਂ ਬਹੁ-ਸੰਮਤੀ ਵੋਟਾਂ ਪਾਵੇ। ਨਹੀਂ ਤੇ ਪੰਥਕ ਕਨਵੈਨਸ਼ਨ ਦੇ ਨਾਮ ਉਤੇ ਬੰਦੇ ਤੇ ਕੋਈ ਵੀ ਇਕੱਠੇ ਕਰ ਸਕਦਾ ਹੈ। ਪੰਥਕ ਕਨਵੈਨਸ਼ਨ ਬੁਲਾਉਣ ਦਾ ਹੱਕ ਹਾਸਿਲ ਕਰਨ ਲਈ ਵੀ ਪੰਥ ਦੀ

(ਬਾਕੀ ਪੰਨਾ 16 ਤੇ)


**D. P. Pandia & Associates**

**Immigration Consultants**

**Serving the Community Since 1939**

**Jitendra Desai** **D. P.Pandia**

**Ph. (604)684-3716**

#61 - 553 Granville St. Vancouver, B.C.

**ਇਮੀਗਰੇਸ਼ਨ ਬਾਰੇ ਸਲਾਹ ਲੈਣ ਲਈ ਡਾ: ਡੀ. ਪੀ. ਪਾਂਡੀਆ ਜਾਂ ਜਤਿੰਦਰ ਡਿਸਾਈ ਨੂੰ ਫੋਨ ਕਰੋ। ਡਾ: ਪਾਂਡੀਆ 1939 ਤੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।**



# ਫ਼ਿਲਮ ਲੋਕ



## ਫ਼ਿਲਮ ਇੰਡਸਟਰੀ ਵਿਚ ਖ਼ੂਬਸੂਰਤ ਅਤੇ ਸਫਲ ਮੰਨੀ ਜਾਣ ਵਾਲੀ ਰੇਖਾ





ਰੇਖਾ ਦੇ ਜਿਸਮ ਦੀ ਬਨਾਵਟ ਹੀ ਕੁਝ ਅਜਿਹੀ ਹੈ ਕਿ ਉਸ ਨੂੰ ਕਪੜਿਆਂ ਵਿਚ ਵੇਖ ਕੇ ਵੀ ਰੋਮਾਂਟਿਕ ਖਿਚ ਪੈਂਦੀ ਹੈ। ਉਸ ਦੀਆਂ ਉਦਾਸ ਅੱਖਾਂ ਅਤੇ ਸ਼ਰਾਰਤੀ ਬੁਲ੍ਹ ਦਰਸ਼ਕਾਂ ਨੂੰ ਸੋਚ-ਖਿਲਾਰੇ ਵਿਚ ਫਸਾ ਲੈਂਦੇ ਹਨ। ਉਹ ਕਈ ਵਾਰ ਘਮੰਡੀ ਬਣ ਜਾਂਦੀ ਹੈ। ਇਕ ਵਾਰ ਉਸ ਨੇ ਫਖਰ ਨਾਲ ਕਿਹਾ ਸੀ, "ਸਿਰਫ ਵੀਹ ਮਿੰਟ ਕਿਸੇ ਅਜਨਬੀ ਨੂੰ ਮੇਰੇ ਕੋਲ ਰਹਿਣ ਦਿਓ। ਉਹ ਮੇਰੇ ਲਈ ਪਾਗਲ ਹੋ ਜਾਵੇਗਾ। ਜ਼ਿਆਦਾ ਤਰ ਉਹ ਜਜ਼ਬਾਤੀ ਹੀ ਦਿਸਦੀ ਹੈ। ਉਸ ਦੇ ਦਿਲ ਵਿਚੋਂ ਕਈ ਵਾਰ ਆਵਾਜ਼ ਉਠਦੀ ਹੈ, "ਕੀ ਹੈ ਮੇਰੀ ਜ਼ਿੰਦਗੀ। ਉਦਾਸੀਆਂ ਹੀ ਉਦਾਸੀਆਂ .... ਖੁਸ਼ੀ ਦਾ ਨਾਮੋ ਨਿਸ਼ਾਨ ਨਹੀਂ।

'ਸਾਵਣ ਭਾਦੋਂ' ਰੇਖਾ ਦੀ ਪਹਿਲੀ ਫਿਲਮ ਸੀ। ਇਸ ਫਿਲਮ ਵਿਚ ਉਹ ਇਕ ਸਾਹਾ ਜਿਹੀ ਕੁੜੀ ਨਜ਼ਰ ਆਈ ਸੀ। ਦਰਸ਼ਕਾਂ ਉਪਰ ਉਹ ਆਪਣੀ ਖ਼ੂਬਸੂਰਤੀ ਜ਼ਾਹਰ ਨਹੀਂ ਕਰ ਸਕੀ ਸੀ। ਉਸ ਤੋਂ ਬਾਅਦ ਕਈ ਫਿਲਮਾਂ ਵਿਚ ਉਹ ਆਈ ਪਰ ਉਹ ਕਿਸੇ ਪੱਖੋਂ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਨਾ ਕਰ ਸਕੀ।

'ਖ਼ੂਬਸੂਰਤ' ਫਿਲਮ ਵਿਚ ਰੇਖਾ ਇਕ ਨਵੇਂ ਰੂਪ ਵਿਚ ਉਭਰੀ। ਦਰਸ਼ਕਾਂ ਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਰੇਖਾ ਸੱਚਮੁੱਚ ਹੀ ਖ਼ੂਬਸੂਰਤ ਹੈ ਅਤੇ ਉਹ ਇਕ ਸੁਲਝੀ ਹੋਈ ਕਲਾਕਾਰ ਵੀ ਹੈ। ਰੇਖਾ ਦਾ ਜਾਦੂ ਦਰਸ਼ਕਾਂ ਉਪਰ ਚੱਲ ਗਿਆ।

ਰੇਖਾ ਨੂੰ ਕੱਪੜੇ ਉਤਾਰੇ ਬਿਨਾਂ ਹੀ ਸੈਕਸੀ ਹੀਰੋਇਨ ਦਾ ਖਿਤਾਬ ਮਿਲ ਗਿਆ। ਉਸ ਨੇ ਇਸ ਸਬੰਧ ਵਿਚ ਬਿਨਾਂ ਹਿਚਕਿਚਾਹਟ ਤੋਂ ਕਿਹਾ — 'ਕਿਸੇ ਔਰਤ ਦੇ ਲਈ ਸੈਕਸ ਸਿੰਬਲ ਜਾਂ ਸੈਕਸੀ ਹੋਣ ਦਾ ਅਰਥ ਹੈ ਕਿ ਮਰਦ ਉਸਨੂੰ ਪਾਉਣ ਦੀ ਕਾਮਨਾ ਕਰਨ। ਠੰਡੀ ਔਰਤ ਨੂੰ ਤਾਂ ਕੋਈ ਮਰਦ ਪਸੰਦ ਨਹੀਂ ਕਰਦਾ ਇਸ ਲਈ ਮੈਂ ਕਹਿੰਦੀ ਹਾਂ ਕਿ ਜੇ ਕੋਈ ਔਰਤ ਵਧੀਆ ਐਕਟਰਿਸ ਹੋਵੇ ਅਤੇ ਸੈਕਸੀ ਵੀ ਹੋਵੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਮੈਂ ਇਸ ਨੂੰ ਆਪਣੀ ਖ਼ੁਸ਼ਕਿਸਮਤੀ ਸਮਝਦੀ ਹਾਂ ਕਿ ਮੈਨੂੰ ਵਧੀਆ ਐਕਟਰਿਸ ਦੇ ਨਾਲ-ਨਾਲ ਸੈਕਸੀ ਵੀ ਮੰਨਿਆ ਜਾਂਦਾ ਹੈ। ਇਸ ਨਾਲ ਇਨਸਾਨ ਦੇ ਅੰਦਰ-ਆਤਮ ਵਿਸ਼ਵਾਸ਼ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਭਾਵਨਾ ਹਮੇਸ਼ਾ ਮੇਰੇ ਨਾਲ ਰਹੇਗੀ।"

ਰੇਖਾ ਅਜ ਨੰਬਰ ਇਕ ਤੇ ਪਹੁੰਚ ਚੁੱਕੀ ਹੈ। ਉਹ ਇਸ ਬਾਰੇ ਕਹਿੰਦੀ ਹੈ, "ਆਪਣੇ ਅੰਦਰਲੇ ਆਤਮ ਵਿਸ਼ਵਾਸ਼ ਦੇ ਕਾਰਨ ਹੀ ਮੈਂ ਕਦੇ ਹਾਰ ਨਹੀਂ ਮੰਨੀ। ਪਤਾ ਨਹੀਂ ਕਿੰਨੀ ਵਾਰ ਮੇਰੇ ਬਾਰੇ ਖਤਮ ਹੋਣ ਵਾਲੀ ਗਲ ਕਹੀ ਜਾ ਚੁੱਕੀ ਹੈ ਪਰ ਹਰ ਵਾਰ ਮੈਂ ਨਵੇਂ ਸਿਰ ਤੋਂ ਉਭਰ ਕੇ ਸਾਹਮਣੇ ਆਈ ਹਾਂ। ਅਜ ਵੀ 'ਨੰਬਰ ਇਕ' ਦੀ ਕੁਰਸੀ ਉਪਰ ਕਬਜ਼ਾ ਜਮਾਈ ਬੈਠੀ ਹਾਂ। ਮੈਨੂੰ ਤਾਂ ਵਿਸ਼ਵਾਸ਼ ਹੈ ਕਿ ਜਦੋਂ ਮੈਂ ਮਰਾਂਗੀ, ਤਦ ਵੀ ਮੇਰੀ ਗਿਣਤੀ 'ਨੰਬਰ ਇਕ' ਦੇ ਰੂਪ ਵਿਚ ਹੋਵੇਗੀ। ਇਕ ਵਾਰ 'ਨੰਬਰ ਇਕ' ਮਿਲ ਜਾਵੇ ਤਾਂ ਇਸਨੂੰ ਛੱਡਣ ਨੂੰ ਦਿਲ ਨਹੀਂ ਕਰਦਾ। ਇਸ ਉਪਰ ਬੈਠੇ ਰਹਿਣ ਦੀ ਆਦਤ ਪੈ ਜਾਂਦੀ ਹੈ।'

ਰੇਖਾ ਦੇ ਪ੍ਰੇਮ-ਕਿੱਸੇ ਜਿੰਨੇ ਚਲੇ ਹੋਣ ਸ਼ਾਇਦ ਹੀ ਕਿਸੇ ਐਕਟਰਿਸ ਚਲੇ ਦੇ ਚਲੇ ਹੋਣ। ਰੇਖਾ ਹਮੇਸ਼ਾ ਹੀ ਚੁੱਪ ਰਹੀ ਹੈ। ਅਮਿਤਾਬ ਬਚਨ ਨਾਲ ਉਸਦੇ ਰੋਮਾਂਸ ਦੀ ਚਰਚਾ ਚਲੀ ਤਾਂ ਵੀ ਉਹ ਚੁੱਪ ਹੀ ਰਹੀ ਪਰ ਉਹਨਾਂ ਦਾ ਇਸ਼ਕ ਲੁਕ ਨਾ ਸਕਿਆ। ਰੇਖਾ ਵੀ ਅਮਿਤਾਬ ਦੇ ਪਿਆਰ ਵਿਚ ਰੰਗੀ ਆਪਣੇ ਇਸ਼ਕ ਨੂੰ ਜਾਹਰ ਕਰ ਗਈ। ਅਮਿਤਾਭ ਨੇ ਵੀ ਇਸ ਨੂੰ ਕਬੂਲ ਕਰ ਲਿਆ।

ਅਮਿਤਾਭ ਨੇ ਬੀਮਾਰੀ ਤੋਂ ਬਾਅਦ ਰੇਖਾ ਨਾਲ ਆਪਣੇ ਸਬੰਧ ਖਤਮ ਕਰ ਲਏ। ਉਹ ਰਾਜਨੀਤੀ ਵਿਚ ਦਾਖਲ ਹੋ ਗਿਆ। ਆਪਣਾ ਕਰੇਜ਼ ਬਣਾਈ ਰਖਣ ਲਈ ਉਸਨੇ ਰੇਖਾ ਦੇ ਉਲਟ ਵੀ ਬੋਲਿਆ ਅਤੇ ਉਸ ਉਪਰ ਕਈ ਝੂਠੇ ਇਲਜ਼ਾਮ ਵੀ ਲਾਏ। ਰੇਖਾ ਇਤਨਾ ਕੁਝ ਸਹਿਣ ਕਰਕੇ ਅਜ ਵੀ ਅਮਿਤਾਭ ਦਾ ਦਮ ਭਰਦੀ ਹੈ।

ਰੇਖਾ ਦੇ ਨਾਲ ਝੂਠੇ ਸਬੰਧ ਜੋੜ ਕੇ ਬਹੁਤ ਸਾਰੇ ਆਦਮੀ ਆਪ ਨੂੰ ਖਬਰਾਂ ਵਿਚ ਲਿਆਉਣ ਦੀ ਕੋਸ਼ਿਸ਼ ਵਿਚ ਰਹੇ ਹਨ। ਪਾਕਿਸਤਾਨ ਦੇ ਮਸ਼ਹੂਰ ਕ੍ਰਿਕਟ ਖਿਡਾਰੀ ਨੇ ਜੀਨਤ ਅਮਾਨ ਨਾਲ ਰਿਸ਼ਤਾ ਤੋੜਨ ਦਾ ਕਾਰਨ ਦਸਿਆ ਸੀ ਕਿ ਉਸ ਦੀ ਅੰਮੀ ਨੂੰ ਇਹ ਰਿਸ਼ਤਾ ਪਸੰਦ ਨਹੀਂ। ਰੇਖਾ ਨਾਲ ਇਮਰਾਨ ਦੇ ਪਿਆਰ ਦੀ ਚਰਚਾ ਚਲੀ ਤਾਂ ਉਸਨੇ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ।

ਲੰਡਨ ਵਿਚ ਵਪਾਰ ਕਰਨ ਵਾਲੇ ਸਿੰਧੀ ਵਪਾਰੀ ਲਾਲ ਮੁਗਲਾਨੀ ਨੇ ਖੁਦ ਕਿਸੇ ਨੂੰ ਫੋਨ ਕੀਤਾ ਕਿ ਉਹ ਸੈਕਸੀ ਰੇਖਾ ਦੇ ਲਈ ਵਾਰ-ਵਾਰ ਹਿੰਦੁਸਤਾਨ ਆਉਂਦਾ ਹੈ ਅਤੇ ਉਸ ਨਾਲ ਵਿਆਹ ਕਰਨ ਦੀ ਖਾਹਸ਼ ਰਖਦਾ ਹੈ।

ਰੇਖਾ ਜਦੋਂ ਵਿਦੇਸ਼ ਜਾਂਦੀ ਹੈ ਤਾਂ ਉਸ ਦਾ ਨਾਂ ਕਿਸੇ ਨਾ ਕਿਸੇ ਕਰੋੜ ਪਤੀ ਨਾਲ ਜੁੜ ਜਾਂਦਾ ਹੈ। ਰੇਖਾ ਨੇ ਜਦੋਂ ਆਪਣੇ ਬਾਰੇ ਬਹੁਤ ਕੁਝ ਸੁਣਿਆ ਤਾਂ ਉਹ ਹਸਦੀ ਹੋਈ ਬੋਲੀ—ਪਹਿਲਾਂ ਤਾਂ ਮੈਨੂੰ ਲਗਦਾ ਸੀ ਕਿ ਪ੍ਰੈਸ ਵਾਲੇ ਹੀ ਮਾਮੂਲੀ ਗੱਲਾਂ ਆਪਣੇ ਵਲੋਂ ਮਿਰਚ ਮਸਾਲਾ ਲਾਉਂਦੇ ਹਨ ਪਰ ਹੁਣ ਮੈਨੂੰ ਲਗਦਾ ਹੈ ਕਿ ਖੁਦ ਨੂੰ ਕਾਬਿਲ ਸਮਝਣ ਵਾਲੇ ਇਹ ਮਰਦ ਹੀ ਮੇਰੇ ਅਤੇ ਆਪਣੇ ਰਿਸ਼ਤੇ ਦੀਆਂ ਗੱਲਾਂ ਫੈਲਾਉਂਦੇ ਹਨ। ਇਹ ਸੋਚਕੇ ਕਿ ਐਸਾ ਕਰਨ ਨਾਲ ਉਨ੍ਹਾਂ ਦਾ ਸੋਚਿਆ ਹੋਇਆ ਸੁਫਨਾ ਪੂਰਾ ਹੋ ਜਾਵੇਗਾ। ਵੇਚਾਰੇ ! ਮੈਨੂੰ ਤਾਂ ਇਹਨਾਂ ਲੋਕਾਂ ਤੇ ਤਰਸ ਆਉਂਦਾ ਹੈ ਕਿਉਂਕਿ ਇਹ ਸਭ ਇਮਰਾਨ ਖਾਨ, ਗੁਲੂ ਲਲਵਾਨੀ, ਡਰੈਸ ਡਿਜ਼ਾਇਨਰ ਅਤੇ ਮੇਰੇ ਨਾਲ ਆਪਣਾ ਆਪਣਾ ਨਾਂ ਜੋੜਨ ਵਾਲੇ ਲੋਕ ਇਹ ਨਹੀਂ ਜਾਣਦੇ ਕਿ ਮੈਂ ਸਿਰਫ ਇਕ ਹੀ ਆਦਮੀ ਨੂੰ ਪਿਆਰ ਕਰਦੀ ਹਾਂ !

ਰੇਖਾ ਦਾ ਸਭ ਤੋਂ ਵੱਡਾ ਸੁਫਨਾ ਹੈ ਬਚਾ ਅਤੇ ਇਸ ਸੁਫਨੇ ਨੂੰ ਉਹ ਦਸਦੀ ਹੈ ਕਿ ਇਕ ਹੀ ਆਦਮੀ ਪੂਰਾ ਕਰ ਸਕਦਾ ਹੈ।

ਰੇਖਾ ਨੇ ਹੁਣ ਮੂੰਹੋਂ ਅਮਿਤਾਭ ਦਾ ਨਾਂ ਲੈਣਾ ਛੱਡ ਦਿਤਾ ਹੈ ਪਰ ਉਸਦੇ ਦਿਲ ਵਿਚ ਅਮਿਤਾਭ ਹੁਣ ਤਕ ਵਸਿਆ ਹੋਇਆ ਤੇ ਉਹ ਉਮੀਦਾਂ ਰਖੀ ਬੈਠੀ ਹੈ



ਨਵੇਂ ਵਰ੍ਹੇ ਦੀ ਨਵੀਂ ਹਿਟ ਜੋੜੀ ਰੋਹਨ ਤੇ ਫਰਹਾ




**FLEXIBLE PREMIUM LIFE INSURANCE TAILOR-MADE**

·To your needs which you can afford.

TOGETHER WE ARE STRONGER
NORTH AMERICAN LIFE

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ ਦਰਸ਼ਨ ਗਿੱਲ ਨੂੰ ਫੋਨ ਕਰੋ

INSURANCE FOR

- Personal
- Children
- Mortgage
- RRSP
- Group Insuranc & Annuities

NORTH AMERICAN LIFE
ASSURANCE CO.

# 320 - 815 W. HASTINGS ST.
VANCOUVER, B.C.

CONTACT

Bus: 685-9335
Res: 581-4473



DARSHAN GILL

ਘਰ-ਪਰਿਵਾਰ

# ਤੁਸੀਂ ਉਨ੍ਹਾਂ ਸੁਆਣੀਆਂ 'ਚੋਂ ਤਾਂ ਨਹੀਂ ਜਿਹੜੀਆਂ ਜ਼ਰਾ ਜਿਹੀ ਗੱਲ 'ਤੇ ਬੁਰਾ ਮੰਨ ਜਾਂਦੀਆਂ ਹਨ?

—ਹਰਪਾਲ ਕੌਰ—

ਤੁਹਾਡਾ ਸੁਭਾਉ ਕਿਹੋ ਜਿਹਾ ਹੈ ? ਕਿਧਰੇ ਤੁਸੀਂ ਉਨ੍ਹਾਂ ਸੁਆਣੀਆਂ 'ਚੋਂ ਤਾਂ ਨਹੀਂ, ਜਿਹੜੀਆਂ ਜ਼ਰਾ ਜਿਹੀ ਗੱਲ ਤੇ ਬੁਰਾ ਮੰਨ ਜਾਂਦੀਆਂ ਹਨ ? ਕੀ ਤੁਹਾਨੂੰ ਕਦਮ-ਕਦਮ 'ਤੇ ਆਪਣਾ ਨਿਰਾਦਰ ਮਹਿਸੂਸ ਹੁੰਦਾ ਹੈ ? ਕਿਧਰੇ ਤੁਸੀਂ ਲਗਾਤਾਰ ਗਲਬਾਤ ਕਰਦੇ ਕਰਦੇ ਅਚਾਨਕ ਚੁੱਪ ਤਾਂ ਨਹੀਂ ਹੋ ਜਾਂਦੇ ?

ਜੇਕਰ ਤੁਸੀਂ ਅਜਿਹੇ ਹੀ ਕੋਮਲ-ਸੁਭਾਉ ਹੋ, ਛੋਟੀਆਂ ਛੋਟੀਆਂ ਗੱਲਾਂ 'ਤੇ ਵੀ ਤੁਹਾਡੇ ਮਨ ਨੂੰ ਸੱਟ ਵੱਜਦੀ ਹੈ ਤੇ ਮਾਮੂਲੀ ਮਾਮੂਲੀ ਗੱਲ 'ਤੇ ਤੁਸੀਂ ਉਦਾਸ ਹੋ ਜਾਂਦੇ ਹੋ, ਤਾਂ ਸਮਝ ਲਉ ਕਿ ਤੁਸੀਂ ਅਸਾਧਾਰਨ ਰੂਪ 'ਚ ਜ਼ਜ਼ਬਾਤੀ ਹੋ ਤੇ ਭਾਵੁਕ ਹੋਣ ਦੇ ਬਾਵਜੂਦ ਤੁਹਾਡੇ 'ਚ ਇਕ ਬਹੁਤ ਵੱਡਾ ਔਗੁਣ ਮੌਜੂਦ ਹੈ। ਅਹਿਸਾਸ ਦੀ ਤੀਬਰਤਾ ਨੇ ਤੁਹਾਡੇ ਸੁਭਾਉ ਨੂੰ ਅਸੰਤੁਲਨ ਬਣਾ ਦਿਤਾ ਹੈ ਤੇ ਤੁਹਾਡੀ ਗਿਣਤੀ ਤੁਨਕ-ਸੁਭਾਉ ਸੁਆਣੀਆਂ 'ਚ ਹੁੰਦੀ ਹੈ।

ਤੁਨਕ-ਸੁਭਾਉ ਜਾਨਲੇਵਾ ਰੋਗ ਹੈ। ਇਸ ਰੋਗ ਦਾ ਸ਼ਿਕਾਰ ਹੋ ਕੇ ਪੂਰੀ ਸਖਸ਼ੀਅਤ ਦੇ ਤਾਣੇ-ਬਾਣੇ ਬਿਖਰ ਜਾਂਦੇ ਹਨ। ਤੁਸੀਂ ਜੀਵਨ ਭਰ ਸੜਦੇ ਰਹਿੰਦੇ ਹੋ, ਕੁੜ੍ਹਦੇ ਰਹਿੰਦੇ ਹੋ, ਤੁਹਾਨੂੰ ਅਨੁਭਵ ਹੁੰਦਾ ਹੈ, ਸਾਰੇ ਤੁਹਾਨੂੰ ਕਸ਼ਟ ਦੇਣ 'ਤੇ ਲਗੇ ਰਹਿੰਦੇ ਹਨ। ਕੋਈ ਵਿਅਕਤੀ ਨਾ ਤਾਂ ਤੁਹਾਨੂੰ ਸਮਝਣ ਦਾ ਜਤਨ ਕਰਦਾ ਹੈ, ਨਾ ਤੁਹਾਡੀ ਪ੍ਰਸੰਸਾ ਕਰਦਾ ਹੈ। ਇਸ ਲਈ ਸ਼ਾਂਤੀ ਆਵੇ ਤਾਂ ਕਿਵੇਂ ?

ਸੰਸਾਰ 'ਚ ਜਜ਼ਬਾਤੀ ਲੋਕਾਂ ਦੀ ਘਾਟ ਨਹੀਂ, ਜਿਹੜੇ ਹਰ ਇਕ ਪਲ ਭਵਿੱਖ ਦੀ ਕਿਸੇ ਅਚਾਨਕ ਦੁਰਘਟਨਾ 'ਤੇ ਸੰਭਾਵਤ ਅਪਮਾਨ ਦੇ ਅਹਿਸਾਸ ਨਾਲ ਭੈਭੀਤ ਰਹਿੰਦੇ ਹਨ। ਅਪਮਾਨ ਭਾਵੇਂ ਪ੍ਰਤੱਖ ਰੂਪ 'ਚ ਹੋਵੇ ਜਾਂ ਲੁਕੇ-ਛੁਪੇ ਰੂਪ 'ਚ, ਉਨ੍ਹਾਂ ਤੇ ਅਸਾਧਾਰਨ ਰੂਪ 'ਚ ਪ੍ਰਭਾਵ ਪਾਂਦਾ ਹੈ। ਕਿਸੇ ਨੇ ਜ਼ੁਕਾਮ ਦੇ ਕਾਰਨ ਨੱਕ ਵੀ ਸੁਕੋੜੀ, ਤਾਂ ਕਈਆਂ ਭੈਣਾਂ ਨੂੰ ਝਟ ਸ਼ਿਕਾਇਤ ਹੋ ਗਈ ਕਿ ਉਨ੍ਹਾਂ ਦੀ ਸਹੇਲੀ ਉਨ੍ਹਾਂ ਨੂੰ ਤੁੱਛ ਸਮਝ ਕੇ ਅਜਿਹੀ ਹਰਕਤ ਕਰ ਰਹੀ ਹੈ। ਤੁਸੀਂ ਹੀ ਦੱਸੋ, ਜੇਕਰ ਤੁਸਾਂ ਆਪਣੇ ਆਪ ਨੂੰ ਇਨਾ ਵਹਿਮ 'ਚ ਫਸਾਈ ਰੱਖਿਆ ਤਾਂ ਇਸ ਸਮਾਜ 'ਚ ਕਿਵੇਂ ਜ਼ਿੰਦਾ ਰਹਿ ਸਕੋਗੇ ? ਤੁਹਾਨੂੰ ਆਪਣੇ ਤੁਨਕ-ਸੁਭਾਉ ਦੇ ਕਾਰਨ ਜੀਵਨ ਭਰ ਦੁੱਖੀ ਰਹਿਣਾ ਪਵੇਗਾ। ਜ਼ਰਾ-ਜ਼ਰਾ ਜਿਹੀ ਗੱਲ ਦਾ ਬੁਰਾ ਮੰਨ ਕੇ ਤੁਸੀਂ ਖੁਸ਼ ਰਹਿ ਹੀ ਕਿਸ ਤਰ੍ਹਾਂ ਸਕਦੇ ਹੋ ? ਇਸ ਪ੍ਰਕਾਰ ਜੀਵਨ ਦਾ ਆਨੰਦ ਤੁਹਾਡੇ ਨੇੜੇ ਆਉਣ 'ਚ ਰਿਹਾ। ਹੋਰ ਤਾਂ ਹੋਰ, ਤੁਹਾਡੀਆਂ ਸਹੇਲੀਆਂ ਵੀ ਤੁਹਾਥੋਂ ਦੂਰ ਭੱਜਣਗੀਆਂ ਤੇ ਤੁਹਾਡੇ ਸਾਹਮਣੇ ਗਲਬਾਤ ਕਰਨ 'ਚ ਵੀ ਬੜੀ ਸਾਵਧਾਨੀ ਵਰਤਣਗੀਆਂ, ਕਿਉਂਜੋ ਬਦਮਿਜਾਜ਼ ਆਦਮੀ ਤੋਂ ਤਾਂ ਸਾਰੇ ਹੀ ਡਰਦੇ ਹਨ। ਤੁਨਕ-ਸੁਭਾਉ ਬਾਰੇ ਡਾਕਟਰ ਕਾਰੀਨ ਹਵਾਈ ਦਾ ਕਹਿਣਾ ਹੈ—"ਤੁਨਕ-ਸੁਭਾਓ ਸਖਸ਼ੀਅਤ ਆਪਣਂਆਂ ਹਾਰਦਿਕ ਭਾਵਨਾਵਾਂ ਦੂਜਿਆਂ 'ਤੇ ਬਦੋਬਦੀ ਲੱਦਣ ਦੀ ਆਦੀ ਹੁੰਦੀ ਹੈ। ਕਈ ਵਾਰ ਕਿਸੇ ਇਨਸਾਨ 'ਚ ਅਭਿਮਾਨ ਤੇ ਅਪਮਾਨ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ, ਪਰ ਅਕਸਰ ਤੁਨਕ-ਸੁਭਾਉ ਆਦਮੀ ਬਿਨਾਂ ਕਾਰਨ ਆਪਣੇ ਸ਼ਕਾਂ ਤੇ ਵਹਿਮਾਂ ਦਾ ਸਬੰਧ ਦੂਜੇ ਇਨਸਾਨ ਨਾਲ ਜੋੜ ਕੇ ਕਲਪਨਾ 'ਚ ਅਪਮਾਨ ਕਰ ਬਹਿੰਦਾ ਹੈ। ਇਹਦੀ ਪਿਛੋਕੜ ਇਹ ਹੈ ਕਿ ਅਜਿਹਾ ਇਨਸਾਨ ਬੇਹਦ ਸਨਮਾਨ ਤੇ ਅਸਾਧਾਰਨ ਪ੍ਰਸਿਧੀ ਦਾ ਇਛੱਕ ਹੁੰਦਾ ਹੈ। ਜਦੋਂ ਕੋਈ ਉਹਦੀ ਇੱਛਾ ਅਨੁਸਾਰ ਧਿਆਨ ਨਹੀਂ ਦੇ ਸਕਦਾ, ਤਾਂ ਅਜਿਹੇ ਇਨਸਾਨ ਨੂੰ ਸੱਟ ਵਜਦੀ ਹੈ ਤੇ ਆਪਣੇ ਅਪਮਾਨ ਦੇ ਅਹਿਸਾਸ ਨਾਲ ਉਹ ਕੁੜ੍ਹ ਕੇ ਰਹਿ ਜਾਂਦਾ ਹੈ।

ਅਸਲ 'ਚ ਅਜਿਹੀਆਂ ਗੱਲਾਂ ਭਾਵੇਂ ਮਰਦ ਹੋਵੇ ਜਾਂ ਇਸਤਰੀ, ਦੋਹਾਂ 'ਤੇ ਹੀ ਪ੍ਰਭਾਵ ਪਾਂਦੀਆਂ ਹਨ, ਪਰ ਇਸ ਪ੍ਰਕਾਰ ਸੋਚਣਾ ਗਲਤੀ ਹੈ। ਸੰਸਾਰ 'ਚ ਲੋਕ ਕਿੰਨੇ ਰੁੱਝੇ ਰਹਿੰਦੇ ਹਨ, ਉਨ੍ਹਾਂ ਨੂੰ ਆਪਣੇ ਕੰਮਾਂ ਤੋਂ ਹੀ ਵਿਹਲ ਨਹੀਂ ਮਿਲਦੀ, ਕਿ ਰਸਮੀ ਤਕਾਜ਼ਿਆਂ ਨੂੰ ਹੀ ਪੂਰਾ ਕਰ ਸਕਣ ਤੇ ਦੂਜਿਆਂ ਦੇ ਆਦਰ-ਸਤਿਕਾਰ ਲਈ ਚੰਗੇ ਸ਼ਬਦਾਂ ਦੀ ਵਰਤੋਂ ਕਰ ਸਕਣ। ਸੰਭਵ ਹੈ, ਜਿਹੜੇ ਆਦਮੀ ਦੀ ਬੇਰੁਖੀ ਤੇ ਰੁੱਖੇਪਣ ਤੋਂ ਤੁਹਾਨੂੰ ਸੱਟ ਪੁੱਜੀ ਹੋਵੇ, ਉਹਦਾ ਉਦੇਸ਼ ਤੁਹਾਡਾ ਅਪਮਾਨ ਕਰਨਾ ਨਾ ਹੋਵੇ।

## ਆਖਰ ਭੇਦ ਕੀ ਹੈ ?

ਇਕ ਵਾਰ ਇਕ ਬੈਂਕ ਦੀ ਟਾਇਪਸਟ ਸੁਆਣੀ ਦੇ ਕਿਸੇ ਵਿਅਕਤੀ ਨਾਲ ਭੈੜੇ ਬੋਲਣ ਦੀ ਸ਼ਿਕਾਇਤ ਮੈਨੇਜਰ ਤਕ ਪੁਜ ਗਈ। ਬੈਂਕ ਦੇ ਮੈਨੇਜਰ ਨੇ ਉਸ ਟਾਇਪਸਟ-ਸੁਆਣੀ ਨੂੰ ਖੂਬ ਡਾਂਟਿਆ-ਫਟਕਾਰਿਆ, ਪਰ ਉਹਦੇ ਤੁਨਕ-ਸੁਭਾਉ ਦਾ ਭੇਦ ਜਾਨਣ ਦਾ ਜਤਨ ਕਿਸੇ ਨੇ ਨਹੀਂ ਕੀਤਾ। ਇਹ ਭੇਦ ਉਸ ਸਮੇਂ ਖੁਲ੍ਹਿਆ, ਜਦੋਂ ਮਰਦੇ ਸਮੇਂ ਉਹਨੇ ਇਹ ਨੋਟ ਲਿਖਿਆ—"ਆਪਣੀ ਖਰਾਬ ਸਿਹਤ ਤੇ ਅਸਫਲਤਾਵਾਂ ਤੋਂ ਤੰਗ ਆ ਕੇ ਮੈਂ ਆਤਮ-ਹੱਤਿਆ ਕਰ ਰਹੀ ਹਾਂ।"

ਇਸ ਲਈ ਤੁਹਾਡੇ ਦਿਮਾਗ 'ਚ ਜਦੋਂ ਕਦੇ ਅਪਮਾਨ ਦਾ ਖਿਆਲ ਪੈਦਾ ਹੋਵੇ, ਤਾਂ ਤੁਸੀਂ ਇਹ ਵੀ ਜਾਨਣ ਦਾ ਜਤਨ ਕਰੋ ਕਿ ਉਸ 'ਚ ਕਿੰਨੇ ਪ੍ਰਤੀਸ਼ਤ ਤੁਹਾਡੀ ਆਪਣੀ ਮਾਨਸਿਕ ਉਪਜ ਸ਼ਾਮਲ ਹੈ। ਫਿਰ ਜਿਥੋਂ ਤੱਕ ਸੰਭਵ ਹੋਵੇ, ਇਸ ਪ੍ਰਕਾਰ ਦੇ ਹੀਨ ਤੇ ਬਹੂਦਾ ਖਿਆਲਾਂ ਤੋਂ ਆਪਣੇ ਦਿਮਾਗ ਨੂੰ ਪਵਿੱਤਰ ਰੱਖੋ ਜਿੱਥੋਂ ਤੱਕ ਸੰਭਵ ਹੋਵੇ ਜੀਵਨ ਦੇ ਉਜਲੇ ਪੱਖਾਂ ਨੂੰ ਸਾਹਮਣੇ ਰੱਖੋ। ਆਪਣੀਆਂ ਚੰਗਿਆਈਆਂ ਤੇ ਗੁਣਾਂ ਨੂੰ ਭੁੱਲ ਕੇ ਵੀ ਨਾ ਭੁੱਲੋ। ਨਾ ਕਦੇ ਇਸ ਖਿਆਲ ਨੂੰ ਮਨ 'ਚ ਥਾਂ ਦੇਵੋ ਕਿ ਲੋਕ ਤੁਹਾਡੇ 'ਤੇ ਹੱਸਦੇ ਹਨ, ਤੁਹਾਡੇ 'ਚ ਬਹੁਤ ਸਾਰੀਆਂ ਬੁਰਾਈਆਂ ਹਨ, ਜਿਨ੍ਹਾਂ 'ਤੇ ਲੋਕ ਉਂਗਲਾਂ ਚੁਕਣ ਲਈ ਤਿਆਰ ਬੈਠੇ ਹਨ। ਅਜਿਹਾ ਤਾਂ ਨਹੀਂ ਹੈ ਕਿ ਇਹ ਸਭ ਤੁਹਾਡੇ ਦਿਮਾਗ ਦੀ ਉਪਜ ਹੋਵੇ। ਜੇਕਰ ਗੱਲ ਕੁਝ ਇਸ ਪ੍ਰਕਾਰ ਦੀ ਹੋਵੇ, ਉਸ ਤੋਂ ਆਪਣਾ ਪੱਲਾ ਬਚਾਉ।

ਦੂਜਾ ਤਰੀਕਾ ਇਹ ਵੀ ਹੋ ਸਕਦਾ ਹੈ ਕਿ ਤੁਹਾਡੇ 'ਚ ਸੁਭਾਵਿਕ ਰੂਪ 'ਚ ਜਿਹੜੀਆਂ ਵੀ ਵਿਸ਼ੇਸ਼ਤਾਵਾਂ ਮੌਜੂਦ ਹੋਣ, ਉਨ੍ਹਾਂ ਦੀ ਰੋਸ਼ਨੀ 'ਚ ਤੁਸੀਂ ਕੋਈ ਕੰਮ ਚੁਣ ਕੇ ਆਪਣੀਆਂ ਸਾਰੀਆਂ ਯੋਗਤਾਵਾਂ, ਸ਼ਕਤੀ ਤੇ ਮਿਹਨਤ ਉਸ ਕੰਮ 'ਤੇ ਲਾ ਦਿਉ ਤੇ ਉਨਤੀ ਪ੍ਰਾਪਤ ਕਰੋ। ਅਜਿਹਾ ਕਰਨ ਨਾਲ ਤੁਹਾਨੂੰ ਸੰਤੁਸ਼ਟੀ ਤੇ ਖੁਸ਼ੀ ਦਾ ਅਹਿਸਾਸ ਤਾਂ ਹੋਵੇਗਾ ਹੀ, ਪਰ ਇਹਦੇ ਨਾਲ ਨਾਲ ਤੁਹਾਡੀ ਸੰਕਲਪ-ਸ਼ਕਤੀ ਦੇ ਕੰਮ ਕਰਨ ਦੀ ਤਾਕਤ ਵੀ ਵਧੇਗੀ। ਇਕ ਸਿਧਾਂਤ ਹੋਰ ਵੀ ਹੈ। ਤੁਸੀਂ ਇਸਤਰੀਆਂ ਨਾਲ ਖੁਲ੍ਹ ਕੇ ਮਿਲੋ ਤੇ ਖੁਲ੍ਹੀ ਡੁਲ੍ਹੀ ਗੱਲਬਾਤ 'ਚ ਹਿਸਾ ਲਉ। ਆਮ ਤੌਰ 'ਤੇ ਇਹ ਵੇਖਣ 'ਚ ਆਇਆ ਹੈ ਕਿ ਅਸਾਧਾਰਨ, ਭਾਵੁਕ, ਤੁਨਕ-ਸੁਭਾਉ ਤੇ ਜਜ਼ਬਾਤੀ ਇਨਸਾਨ ਆਪਣੇ ਹੀ ਵਿਚਾਰਾਂ 'ਚ ਗੁਆਚਿਆ ਰਹਿੰਦਾ ਹੈ। ਕਲਪਨਾਵਾਂ ਦੇ ਗੁੰਬਦ 'ਚ ਕੈਦ ਹੋ ਕੇ ਉਹਨੂੰ ਆਪਣੀ ਸੁਰੱਖਿਆ ਦਾ ਵਿਸ਼ਵਾਸ਼ ਹੁੰਦਾ ਹੈ, ਪਰ ਜਦੋਂ ਉਹ ਉਸ ਗੁੰਬਦ 'ਚੋਂ ਬਾਹਰ ਆ ਕੇ ਦੂਜਿਆ, ਨਾਲ ਉਠਦਾ-ਬਹਿੰਦਾ ਤੇ ਵਾਰਤਾਲਾਪ 'ਚ ਹਿਸਾ ਲੈਂਦਾ ਹੈ, ਤਾਂ ਸੰਕੋਚ ਤੇ ਹਿਚਕਿਚਾਹਟ ਦਾ ਸਾਰਾ ਇੰਦਰਜਾਲ ਵੱਟ ਜਾਂਦਾ ਹੈ। ਆਪਣੇ ਨੁਕਸ ਤੇ ਬੁਰਾਈਆਂ ਦਾ ਅਹਿਸਾਸ ਜ਼ਬਰਦਸਤ ਆਤਮ-ਵਿਸ਼ਵਾਸ਼ 'ਚ ਬਦਲ ਕੇ ਤੁਨਕ-ਸੁਭਾਉ ਇਨਸਾਨ ਨੂੰ ਸੁਖਦਾਇਕ ਵਾਤਾਵਰਨ ਪ੍ਰਦਾਨ ਕਰ ਕੇ ਉਹਨੂੰ ਖੁਸ਼ੀ ਤੇ ਪ੍ਰਫੁੱਲਤਾ ਨਾਲ ਦੋ-ਚਾਰ ਕਰਦੀ ਹੈ। ਸੁਭਾਉ 'ਚ ਖੁਸ਼ੀ ਤੇ ਕੋਮਲਤਾ ਪੈਦਾ ਹੁੰਦੀ ਹੈ

ਮਾਮੂਲੀ-ਮਾਮੂਲੀ ਗੱਲਾਂ 'ਤੇ ਬੁਰਾ ਮੰਨ ਕੇ ਰੁੱਸ ਜਾਣਾ ਚੰਗੀ ਗੱਲ ਨਹੀਂ। ਜੇਕਰ ਕੋਈ ਜਾਣ ਕੇ ਵੀ ਤੁਹਾਡਾ ਅਪਮਾਨ ਕਰੇ ਤਾਂ ਤੁਸੀਂ ਉਹਦੀ ਪ੍ਰਵਾਹ ਨਾ ਕਰੋ। ਦੂਜੇ ਦੀ ਗੱਲ ਨੂੰ ਮਹੱਤਵ ਦੇ ਕੇ ਉਹਨੂੰ ਉਹ ਦੇ ਪਵਿੱਤਰ ਸੰਕਲਪ 'ਚ . ਕਰੋ। ਦੂਜੇ ਦੀ ਗੱਲ ਨੂੰ ਮਹੱਤਵ ਦੇ ਕੇ ਉਹਨੂੰ ਉਹਦੇ ਅਪਵਿੱਤਰ ਸੰਕਲਪ 'ਚ ਸਫਲ ਬਨਾਣਾ ਕਿੱਥੋਂ ਦੀ ਸਿਆਣਪ ਹੈ। ਸਦਾ ਅਜਿਹੀਆਂ ਗੱਲਾਂ ਮੁਸਕਰਾ ਕੇ ਟਾਲੋ ਤੇ ਸੰਜਮ-ਸ਼ਕਤੀ ਮਜ਼ਬੂਤ ਬਣਾਉ।

## ਦੂਜਿਆਂ ਦਾ ਨਿਰਾਦਰ ਨਾ ਕਰੋ

ਤੁਸੀਂ ਆਪ ਵੀ ਦੂਜਿਆਂ ਦਾ ਅਪਮਾਨ ਨਾ ਕਰੋ। ਇਹ ਵੇਖਣ 'ਚ ਆਇਆ ਹੈ ਕਿ ਜਿਹੜੇ ਲੋਕ ਦੂਜਿਆਂ ਦੀ ਜ਼ਰਾ ਜਿਹੀ ਗੱਲ ਦਾ ਬੁਰਾ ਮੰਨ ਜਾਂਦੇ ਹਨ, ਉਹ ਬੜੇ ਭੈੜੇ ਸੁਭਾਉ ਦੇ ਹੁੰਦੇ ਹਨ। ਉਹ ਆਪਣੇ ਉਤੇ ਕੁਝ ਇਸ ਪ੍ਰਕਾਰ ਦਾ ਮੂਡ ਲੱਦੀ ਰਖਦੇ ਹਨ ਜਿਹੜਾ ਦੂਜਿਆਂ ਨੂੰ ਬੜਾ ਨਾਪਸੰਦ ਲਗਦਾ ਹੈ ਤੇ ਇਹ ਇਸ ਲਈ ਹੈ ਕਿ ਉਹ ਪਹਿਲਾਂ ਤੋਂ ਪ੍ਰਗਟ ਕਰ ਦੇਣਾ ਚਾਹੁੰਦਾ ਹਨ ਕਿ ਸਾਨੂੰ ਇਸ ਗੱਲ ਦੀ ਉਕਾ ਪ੍ਰਵਾਨ ਨਹੀਂ ਕਿ ਕੋਈ ਸਾਡਾ ਅਪਮਾਨ ਕਰਦਾ ਹੈ, ਮਨੋਂ ਇਹ ਵਿਸ਼ਵਾਸ਼ ਉਨ੍ਹਾਂ 'ਚ ਪਹਿਲਾਂ ਤੋਂ ਹੀ ਮੌਜੂਦ ਰਹਿੰਦਾ ਹੈ ਕਿ ਉਹ ਇਸ ਯੋਗ ਹਨ ਕਿ ਕੋਈ ਉਨ੍ਹਾਂ ਦਾ ਅਪਮਾਨ ਕਰੇ। ਇਹ ਵਿਚਾਰ ਤੁਨਕ-ਸੁਭਾਉ ਇਨਸਾਨ ਦੇ ਦਿਮਾਗ ਨੂੰ ਹੌਲੀ ਹੌਲੀ ਅੰਦਰੋਂ ਖੋਖਲਾ ਬਣਾਂਦੇ ਰਹਿੰਦੇ ਹਨ। ਹੱਦ ਤੋਂ ਵੱਧ ਤੁਨਕ-ਸੁਭਾਉ ਇਸ ਵਿਚਾਰ ਨੂੰ ਜਨਮ ਦਿੰਦਾ ਹੈ ਕਿ ਸਾਡਾ ਕੋਈ ਨਹੀਂ, ਸਭ ਲੋਕ ਵੈਰੀ ਹਨ। ਸਾਰੀ ਦੁਨੀਆਂ ਸਾਡਾ ਅਪਮਾਨ ਕਰਨ 'ਤੇ ਤੁਲੀ ਹੈ। ਧਿਆਨ ਦੇ ਕੇ ਜੇਕਰ ਇਨ੍ਹਾਂ ਬੁਰਾਈਆਂ ਨੂੰ ਦੂਰ ਕਰ ਲਉ ਤਾਂ ਇਹ ਵੱਡੀ ਖੁਸ਼ੀ ਦੀ ਗੱਲ ਹੋਵੇਗੀ।

ਹਸਮੁਖ ਬਨਣ ਲਈ ਆਪਣੇ ਸਿਧਾਂਤ ਨੂੰ ਵੀ ਮਜ਼ਬੂਤ ਬਣਾਉ। ਜੇਕਰ ਰੱਬ 'ਤੇ ਤੁਹਾਡਾ ਵਿਸ਼ਵਾਸ਼ ਹੈ ਤਾਂ ਇਹ ਅਟੁੱਟ ਤੇ ਮਜ਼ਬੂਤ ਹੋਣਾ ਚਾਹੀਦਾ ਹੈ। ਇਹਦੇ ਨਾਲ ਹੀ ਤੁਸੀਂ ਦੂਜਿਆਂ ਦੇ ਉਪੇਖਿਆ ਭਰੇ ਵਿਵਹਾਰ 'ਤੇ ਧਿਆਨ ਨਾ ਦਿਉ। ਮੁਸਕਰਾਉ ਤੇ ਟਾਲ ਜਾਉ। ਦੂਜੇ ਆਦਮੀ ਨੂੰ ਫਿਰ ਇਹ ਗੱਲ ਕਰਨ ਦੀ ਹਿੰਮਤ ਨਹੀਂ ਹੋਵੇਗੀ।

ਹੱਸਮੁਖਤਾ ਲਈ ਇਹ ਵੀ ਜ਼ਰੂਰੀ ਹੈ ਕਿ ਤੁਹਾਡੇ ਵਿਚਾਰ ਉਚੇ ਹੋਣ, ਪਰ ਇਹਦਾ ਇਹ ਵੀ ਮਤਲਬ ਨਹੀਂ ਕਿ ਤੁਸੀਂ ਆਕਾਸ਼ ਦੇ ਚੰਨ-ਤਾਰੇ ਤੋੜ ਕੇ ਲਿਆਉਣ ਦੀ ਗੱਲ ਸੋਚੋ।

ਆਮ ਤੌਰ 'ਤੇ, ਤੁਨਕ-ਸੁਭਾਉ, ਸੁਆਣੀਆਂ ਅਜਿਹੀ ਗੱਲ ਸੋਚਣ ਦੀਆਂ ਆਦੀ ਹੋ ਜਾਂਦੀਆਂ ਹਨ। ਜੇਕਰ ਕੋਈ ਤੁਹਾਡੀ ਆਲੋਚਨਾ ਕਰਦਾ ਹੈ, ਤਾਂ ਤੁਸੀਂ ਬੁਰਾ ਨਾ ਮੰਨੋ, ਆਲੋਚਨਾ ਭਲਾਈ ਲਈ ਵੀ ਹੋ ਸਕਦੀ ਹੈ। ਤੁਹਾਨੂੰ ਆਪਣੀਆਂ ਬੁਰਾਈਆਂ ਆਪ ਨਜ਼ਰ ਨਹੀਂ ਆ ਸਕਦੀਆਂ। ਦੂਜਿਆਂ ਦੇ ਦਸਣ 'ਤੇ ਤੁਹਾਨੂੰ ਇਨ੍ਹਾਂ ਦਾ ਪਤਾ ਚਲਦਾ ਹੈ। ਉਚੀਆਂ ਗੱਲਾਂ ਸੋਚਣਾ ਅੰਨ੍ਹੀ ਭਾਵੁਕਤਾ ਦਾ ਪ੍ਰਗਟਾਵਾ ਹੈ। ਭਾਵੁਕ ਇਨਸਾਨ ਨੂੰ ਕਦੇ ਸੁੱਖੀ ਨਹੀਂ ਵੇਖਿਆ ਗਿਆ। ਜਿਥੇ ਤੱਕ ਹੋਵੇ, ਇਸ ਰੋਗ ਤੋਂ ਦੂਰ ਹੀ ਭੱਜੋ।

ਚੇਤੇ ਰੱਖੋ, ਜੇਕਰ ਤੁਸਾਂ ਤੁਨਕ-ਸੁਭਾਉ ਤੋਂ ਛੁਟਕਾਰਾ ਪਾ ਲਿਆ ਤੇ ਤੁਸੀ ਹਸਮੁਖ ਬਣ ਗਏ ਤਾਂ ਤੁਹਾਨੂੰ ਜੀਵਨ ਇੰਨਾ-ਸੁੰਨਾ ਤੇ ਵੀਰਾਨ ਨਜ਼ਰ ਨਹੀ ਆਵੇਗਾ। ਸਮਾਜ ਤੁਹਾਨੂੰ ਆਵਾਜ਼ ਦੇਵੇਗਾ। ਲੋਕ ਪਿਆਰ ਨਾਲ ਗੱਲੇ ਲਾਉਣਗੇ ਤੇ ਤੁਸੀਂ ਖੁਸ਼ੀ ਤੇ ਸਨੇਹ ਦੀ ਭਾਵਨਾ ਨਾਲ ਪਾਗਲ ਜਿਹੇ ਹੋ ਜਾਉਗੇ।


## ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇੰਜਨੀਅਰਿਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1

## ਮੈਟਰੀਮੋਨੀਅਲ

ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।
ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।

ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1

## 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
## SUBSCRIPTION FORM

To
The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..............................................
Address..............................................
City..............................................
Province..............................................
Postal code..............................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year .................. | 65 dollars |
| Life membership.......... | 300 dollars |
| ASIA.................................. | 100 dollars[a year] |
| U.S.A. .................................. | 30 dollars [a year] |
| Europe .................................. | 100 dollars[a year] |
| Africa .................................. | 100 dollars [a year] |



## THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call
NIRMAL (NEIL) DHALIWAL
Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.


## ਪੜ੍ਹਾਈ ਵਿਚ ਵਿਘਨ

ਲੁਧਿਆਣਾ, (ਵਿਸ਼ੇਸ਼ ਪ੍ਰਤੀਨਿਧ) - ਤਿੰਨ ਦਿਨਾਂ ਪਿੱਛੋਂ ਯੂਨੀਵਰਸਿਟੀ ਖੁਲ੍ਹਣ ਪਿੱਛੋਂ ਅੱਜ ਖੇਤੀ ਯੂਨੀਵਰਸਿਟੀ ਦੇ ਕਾਲਜਾਂ ਵਿਚ ਪੜ੍ਹਾਈ ਨਾ ਹੋ ਸਕੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਨੇ ਸੰਤ ਭਿੰਡਰਾਂਵਾਲਾ ਪੱਖੀ ਨਾਅਰੇ ਲਾਉਂਦਿਆਂ ਹੋਇਆਂ ਯੂਨੀਵਰਸਿਟੀ ਵਿਚ ਪੜ੍ਹਾਈ ਵਿਚ ਵਿਘਨ ਪਾਇਆ। ਉਹ ਚਾਹੁੰਦੇ ਸਨ ਕਿ ਨਕੋਦਰ ਦੀਆਂ ਵਾਰਦਾਤਾਂ ਵਿਰੁਧ ਰੋਸ ਵਜੋਂ ਪੜ੍ਹਾਈ ਸਰਕਾਰੀ ਤੌਰ ਉਤੇ ਬੰਦ ਕੀਤੀ ਜਾਵੇ।

ਉਪਕੁਲਪਤੀ ਡਾ. ਸੁਖਦੇਵ ਸਿੰਘ ਅਨੁਸਾਰ ਅਧਿਕਾਰੀਆਂ ਵਲੋਂ ਪੜ੍ਹਾਈ ਬੰਦ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਵਾਪਸ ਹੋਸਟਲਾਂ ਵਿਚ ਪਰਤ ਗਏ ਹਨ।

# ROKKO SAREES & FABRICS




6201 Fraser Street
VANCOUVER
Tel: 327-3033




## When You Buy
## One Suit or One Saree
**(Any Price)**

## Save $1.00 with one Coupon

**ਜਦੋਂ ਤੁਸੀਂ ਇਕ ਸੂਟ ਜਾਂ ਇਕ ਸਾੜ੍ਹੀ ਖ੍ਰੀਦੋਂ (ਕਿਸੇ ਵੀ ਕੀਮਤ ਤੇ)**

**ਇਸ ਕੂਪਨ ਨਾਲ 1.00 ਡਾਲਰ ਬਚਾਓ**

| | | | | |
|---|---|---|---|---|
| This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>February 26th, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>February 26th, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>February 26th, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>February 26th, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>February 26th, 1986 |

## One Coupon For One Suit or Saree

**ਇਕ ਕੂਪਨ ਇਕ ਸੂਟ ਜਾਂ ਇਕ ਸਾੜ੍ਹੀ ਲਈ**

**ਇਹ ਕੂਪਨ ਤੁਸੀਂ ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ ਤੇ ਵਰਤ ਸਕਦੇ ਹੋ**

## This Coupon is Valid At




**ROKKO SAREES & FABRICS**
6201 Fraser Street
VANCOUVER
Tel: 327-3033

